ਹਫਤਾਵਾਰੀ
# ਦੇਸ਼ ਦੁਆਬਾ

VOL -10 ISSUE - 12
June 30, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com




ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਜ਼ਮ' ਵੱਲੋਂ ਅਮਰੀਕਾ ਦੀ ਆਜ਼ਾਦੀ ਦੇ ਦਿਹਾੜੇ (4 ਜੁਲਾਈ) ਦੀਆਂ ਸਮੂਹ ਅਮਰੀਕਾ ਵਾਸੀਆਂ ਨੂੰ ਲੱਖ-ਲੱਖ ਵਧਾਈਆਂ।

# ਪੰਜਾਬ 'ਚ ਕੋਵਿਡ ਰੋਕਾਂ 10 ਜੁਲਾਈ ਤੱਕ ਵਧਾਈਆਂ

**ਚੰਡੀਗੜ੍ਹ (ਬਿਊਰੋ)-** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੈਲਟਾ ਪਲੱਸ ਦੇ ਮੱਦੇਨ-ਜ਼ਰ ਪੰਜਾਬ 'ਚ ਕੋਵਿਡ ਸਬੰਧੀ ਪਾਬੰਦੀਆਂ 10 ਜੁਲਾਈ ਤੱਕ ਵਧਾ ਦਿੱਤੀਆਂ ਹਨ। ਮੁੱਖ ਮੰਤਰੀ ਨੇ ਕੁਝ ਸ਼ਰਤਾਂ ਸਮੇਤ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਹੁਨਰ ਵਿਕਾਸ ਕੇਂਦਰਾਂ ਨੂੰ ਵੀ ਖੋਲ੍ਹਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਨ੍ਹਾਂ ਅਦਾਰਿਆਂ ਦੇ ਸਟਾਫ ਅਤੇ ਵਿਦਿਆਰਥੀਆਂ ਲਈ ਕੋਵਿਡ ਵੈਕਸੀਨ ਦੀ ਘੱਟੋ ਘੱਟ ਇੱਕ ਖ਼ੁਰਾਕ ਲੱਗੀ ਹੋਣ ਦੀ ਸ਼ਰਤ ਲਾਈ ਹੈ। ਇਸੇ ਤਰ੍ਹਾਂ ਪੰਜਾਬ ਵਿਚ ਕੁਝ ਹੋਰ ਢਿੱਲਾਂ ਸਮੇਤ ਬਾਰ, ਪੱਬ ਅਤੇ ਅਹਾਤੇ 50 ਫੀਸਦੀ ਸਮਰੱਥਾ ਨਾਲ ਇਕ ਜੁਲਾਈ ਤੋਂ ਖੋਲ੍ਹਣ ਦੀ ਆਗਿਆ ਦੇ ਦਿੱਤੀ



ਹੈ। ਮੁੱਖ ਮੰਤਰੀ ਨੇ ਕੋਵਿਡ ਸਮੀਖਿਆ ਸਬੰਧੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਪੱਸ਼ਟ ਕੀਤਾ ਕਿ ਬਾਰ, ਪੱਬ ਅਤੇ ਅਹਾਤਿਆਂ ਨੂੰ ਸਮ-ਾਜਿਕ ਦੂਰੀ ਦੇ ਪ੍ਰੋਟੋਕਾਲ ਦੀ ਸਖ਼ਤੀ ਨਾਲ ਪਾਲਣਾ ਕਰਨੀ ਹੋਵੇਗੀ ਅਤੇ ਸਮੂਹ ਸਟਾਫ ਨੂੰ ਕੋਵਿਡ ਦੀ ਘੱਟੋ-ਘੱਟ ਇਕ ਖ਼ੁਰਾਕ ਲੱਗੀ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਾਜ਼ੇ-ਟਿਵ ਕੇਸਾਂ ਵਿਚ ਕਮੀ ਆਈ ਹੈ ਪਰ ਡੈਲਟਾ ਪਲੱਸ ਚਿੰਤਾ ਦਾ ਵਿਸ਼ਾ ਹੈ। ਮੁੱਖ ਮੰਤਰੀ ਨੇ ਖ਼ੁਲਾਸਾ ਕੀਤਾ ਕਿ ਵਾਇਰਸ ਦਾ 90 ਫੀਸਦੀ ਤੋਂ ਵੱਧ ਬਦਲਵਾਂ ਰੂਪ ਚਿੰਤਾ ਦਾ ਵਿਸ਼ਾ ਹੈ। ਡੈਲਟਾ ਪਲੱਸ ਰੂਪ ਦੇ ਦੋ ਮਾਮਲੇ (ਲੁਧਿਆਣਾ

(ਬਾਕੀ ਸਫਾ 4 'ਤੇ)



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰੂ ਘਰ ਦਾ 36ਵਾਂ ਸਥਾਪਨਾ ਦਿਵਸ 27 ਜੂਨ 2021 ਨੂੰ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।
ਸਬੰਧਤ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਚ 'ਚ ਵੇਖੋ।

# ਕਾਂਗਰਸ ਦਾ ਸੰਕਟ-ਇਕ ਬੇੜੀ 'ਤੇ ਸਵਾਰ ਨਹੀਂ ਹੋ ਸਕਦੇ ਕੈਪਟਨ ਤੇ ਸਿੱਧੂ

**ਚੰਡੀਗੜ (ਬਿਊਰੋ)-** ਕਾਂਗਰਸ 'ਚ ਅੰਦਰੂਨੀ ਲੜਾਈ ਦਾ ਹੱਲ ਲੱਭਣ 'ਚ ਲੱਗੇ ਰਾਹੁਲ ਗਾਂਧੀ ਨੇ ਹੁਣ ਪੰਜਾਬ ਦੇ ਆਗੂਆਂ ਨਾਲ ਸਿੱਧਾ ਸੰਵਾਦ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਉਹਨਾਂ ਨੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨਾਲ ਮੁਲਾਕਾਤ ਕੀਤੀ ਸੀ, ਜਦਕਿ ਸ਼ੁੱਕਰਵਾਰ ਨੂੰ ਰਾਹੁਲ ਨੇ ਦੋ ਹਿੱਸਿਆਂ 'ਚ ਮੰਤਰੀਆਂ ਤੇ ਵਿਧਾਇਕਾਂ ਨਾਲ ਚਰਚਾ ਕੀਤੀ। ਰਾਹੁਲ ਨੇ ਆਗੂਆਂ ਦੇ ਮਨ ਨੂੰ ਪੜਨ ਦੀ ਕੋਸ਼ਿਸ਼ ਕੀਤੀ।ਉਹਨਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਨੂੰ ਲੈ ਕੇ ਵੀ ਸਵਾਲ ਪੁੱਛੇ।



ਇਸ 'ਤੇ ਇਕ ਵਿਧਾਇਕ ਨੇ ਸਾਫ਼ ਸਾਫ਼ ਕਹਿ ਦਿੱਤਾ ਕਿ ਕੈਪਟਨ ਤੇ ਸਿੱਧੂ ਇਕ ਬੇੜੀ 'ਤੇ ਸਵਾਰ ਨਹੀਂ ਹੋ ਸਕਦੇ। ਕੈਪਟਨ ਦੇ ਬਗੈਰ ਕੰਮ ਚੱਲ ਨਹੀਂ ਸਕਦਾ। ਸਿੱਧੂ ਨੂੰ ਕਿਵੇਂ ਤੇ ਕਿੱਥੇ ਐਡਜਸਟ ਕਰਨਾ ਹੈ, ਉਸ 'ਤੇ ਵਿਚਾਰ ਕਰ ਲਓ।ਅਹਿਮ ਗੱਲ ਇਹ ਰਹੀ ਕਿ ਸ਼ੁੱਕਰਵਾਰ ਨੂੰ ਰਾਹੁਲ ਗਾਂਧੀ ਦੇ ਨਾਲ ਹੋਈ ਮੁਲਾਕਾਤ ਦੌਰਾਨ ਸਿੱਧੂ ਨੂੰ ਹਮਾਇਤ ਨਹੀਂ ਮਿਲ ਸਕੀ। ਇੱਥੋਂ ਤਕ ਕਿ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਵੀ ਰਾਹੁਲ ਗਾਂਧੀ ਨੂੰ ਕਹਿ ਦਿੱਤਾ ਕਿ ਅੱਜ ਜਿਹੜੇ ਲੋਕ ਦਲਿਤਾਂ ਦੀ ਗੱਲ ਕਰ ਰਹੇ ਹਨ,

(ਬਾਕੀ ਸਫਾ 4 'ਤੇ)

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM
We do Outdoor & Indoor Catering for all your Events
1600 Washington Ave.
San Leandro.CA 94577

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!




Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਦਲਿਤਾਂ ਨੂੰ ਅਪਵਿੱਤਰਤਾ ਦੇ ਕਾਲੇ ਦੌਰ ਵਿਚ ਧੱਕਣ ਦੀ ਕਾਂਗਰਸ ਤੇ ਭਾਜਪਾ ਦੀ ਗੰਦੀ ਸਿਆਸਤ ਦਾ ਮੁਕਾਬਲਾ ਕਰੇਗੀ ਬਸਪਾ - ਜਸਵੀਰ ਸਿੰਘ ਗੜ੍ਹੀ

## ਜੇਕਰ ਰਵਨੀਤ ਬਿੱਟੂ ਤੇ ਹਰਦੀਪ ਪੁਰੀ ਤੇ ਕਾਰਵਾਈ ਨਾ ਹੋਈ ਤਾਂ ਦੂਜਾ ਪ੍ਰੋਗਰਾਮ ਦਿਆਂਗੇ

## ਹਜ਼ਾਰਾਂ ਮੋਟਰਸਾਈਕਲ ਨਾਲ ਮੋਰਿੰਡਾ ਤੋਂ ਚਮਕੌਰ ਸਾਹਿਬ ਤੱਕ ਨਿਕਲੀ ਹਾਥੀ ਯਾਤਰਾ



**ਮੋਰਿੰਡਾ/ਚਮਕੌਰ ਸਾਹਿਬ (ਬਿਊਰੋ)–** ਪਿਛਲੇ ਦਿਨੀ ਕਾਂਗਰਸ ਦੇ ਸਾਂਸਦ ਰਵਨੀਤ ਬਿੱਟੂ ਅਤੇ ਭਾਜਪਾ ਦੇ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਗਠਜੋੜ ਨੂੰ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਚਮਕੌਰ ਸਾਹਿਬ ਨੂੰ ਪੰਥਕ ਤੇ ਪਵਿੱਤਰ ਦੱਸਣ ਦੇ ਬਹਾਨੇ ਸਮੂਚੇ ਦਲਿਤ ਪਛੜੇ ਬਹੁਜਨ ਸਮਾਜ ਨੂੰ ਅਪਵਿੱਤਰ ਤੇ ਗੈਰ ਪੰਥਕ ਗਰਦਾਨ ਦਿੱਤਾ ਜੋ ਕਿ ਦਲਿਤਾਂ ਪਛੜਿਆ ਨੂੰ ਮੁੜਕੇ ਅਪਵਿੱਤਰਤਾ ਦੇ ਕਾਲੇ ਦੌਰ ਵਿੱਚ ਧੱਕਣ ਦੀ ਕਾਂਗਰਸ ਤੇ ਭਾਜਪਾ ਦੀ ਗੰਦੀ ਸਿਆਸਤ ਦਾ ਮੁਜਾਹਰਾ ਹੈ ਜਿਸਦਾ ਡਟਕੇ ਮੁਕਾਬਲਾ ਬਹੁਜਨ ਸਮਾਜ ਪਾਰਟੀ ਕਰੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਪੂਰਾ ਬਹੁਜਨ ਸਮਾਜ ਇਸ ਗੱਲ ਦਾ ਜਵਾਬ ਕਾਂਗਰਸ ਤੇ ਭਾਜਪਾ ਤੋਂ ਮੰਗ ਰਿਹਾ ਹੈ ਕਿ ਜਿਸ ਦਲਿਤ ਸਮਾਜ ਦੇ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਨੇ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦੁਰ ਜੀ ਦਾ ਸੀਸ ਚਾਂਦਨੀ ਚੌਕ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਲਿਆਂਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਲਿਤ ਸਮਾਜ ਨੂੰ (ਬਾਬਾ ਜੀਵਨ ਸਿੰਘ ਜੀ) ਗਲ ਨਾਲ ਲਗਾਕੇ ਰੰਗਰੇਟੇ ਗੁਰੂ ਕੇ ਬੇਟੇ ਦਾ ਖਿਤਾਬ ਦਿਤਾ ਅਤੇ ਦਸ਼ਮੇਸ਼ ਪਿਤਾ ਨੇ ਦਲਿਤ ਸਮਾਜ ਨੂੰ ਪਾਤਸ਼ਾਹੀ ਦੇਣ ਦਾ ਸੰਕਲਪ ਦਲਿਤ ਦੇ ਸੀਸ ਤੇ ਕਲਗੀ ਲਗਾਕੇ ਲਿਆ। ਸ ਗੜ੍ਹੀ ਨੇ ਕਿਹਾ ਕਿ ਲੇਕਿਨ ਕਾਂਗਰਸ ਤੇ ਭਾਜਪਾ ਨੇ ਆਪਣੇ ਲੀਡਰਾਂ ਦੀ ਪਿੱਠ ਪੂਰੀ ਅਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ। ਜਿਸਦੇ ਰੋਸ ਵਜੋਂ ਅੱਜ ਮੋਰਿੰਡਾ ਤੋਂ ਸ੍ਰੀ ਚਮਕੌਰ ਸਾਹਿਬ ਤੱਕ ਵਿਸ਼ਾਲ ਮੋਟਰ ਸਾਈਕਲ ਰੈਲੀ ਕੱਢੀ ਗਈ ਹੈ। ਜਿਸ ਵਿੱਚ ਹਜ਼ਾਰਾਂ ਮੋਟਰਸਾਈਕਲ ਤੇ ਨੀਲੇ ਝੰਡੇ ਲਗਾਕੇ ਹਜ਼ਾਰਾਂ ਨੌਜਵਾਨ ਕਾਂਗਰਸ ਭਾਜਪਾ ਦੇ ਅਕਾਸ਼ੀ ਗੂੰਜਦੇ ਮੁਰਦਾਬਾਦ ਦੇ ਨਾਅਰੇ ਲਗਾ ਰਹੇ ਸਨ। ਇਹ ਯਾਤਰਾ ਵੱਖ ਵੱਖ ਪਿੰਡਾਂ ਵਿਚੋਂ ਹੁੰਦੀ ਹੋਈ 4 ਘੰਟੇ ਦੀ ਲਗਾਤਾਰ ਕਹਿਰ ਦੀ ਧੁੱਪ ਤੇ ਗਰਮੀ ਵਿਚ ਸ੍ਰੀ ਚਮਕੌਰ ਸਾਹਿਬ ਵਿਖੇ ਖਤਮ ਹੋਈ।

ਇਸ ਮੌਕੇ ਸੂਬਾ ਉੱਪ ਪ੍ਰਧਾਨ ਹਰਜੀਤ ਸਿੰਘ ਲੌਂਗੀਆਂ, ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਰਾਜਾ ਰਾਜਿੰਦਰ ਸਿੰਘ ਨਨਹੇਰੀਆਂ, ਜ਼ਿਲਾ ਪ੍ਰਧਾਨ ਮਾਸਟਰ ਰਾਮ ਪਾਲ ਅਬਿਆਨਾ, ਸੁਰਿੰਦਰ ਪਾਲ ਸਹੋੜਾ, ਨਰਿੰਦਰ ਸਿੰਘ ਬਡਵਾਲੀ, ਡਾ ਜਸਪ੍ਰੀਤ ਸਿੰਘ, ਐਡਵੋਕੇਟ ਸ਼ਿਵ ਕਲਿਆਣ, ਜਰਨੈਲ ਸਿੰਘ ਸੁਰਤਾਪੁਰ, ਹਰਬੰਸ ਲਾਲ ਚਣਕੋਆ, ਜਸਵੀਰ ਸਿੰਘ ਓਲੀਆਪੁਰ, ਭੁਪਿੰਦਰ ਸਿੰਘ ਬੇਗ਼ਮਪੁਰੀ, ਸੁਭਾਸ਼ ਕੌਂਸਲਰ, ਮੋਹਨ ਸਿੰਘ ਰਾਹੋਂ, ਕੌਂਸਲਰ ਗੁਰਮੁਖ ਸਿੰਘ, ਚਰਨਜੀਤ ਸਿੰਘ ਦੇਵੀਗੜ੍ਹ ਆਦਿ ਸ਼ਾਮਿਲ ਸਨ।

# ਪ੍ਰਧਾਨ ਮੰਤਰੀ ਮੋਦੀ ਨੇ ਸੱਦੀ ਮੰਤਰੀ ਮੰਡਲ ਦੀ ਅਹਿਮ ਬੈਠਕ



**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ 30 ਜੂਨ ਨੂੰ ਮੰਤਰੀਮੰਡਲ ਦੀ ਬੈਠਕ ਬੁਲਾਈ ਹੈ। ਇਹ ਬੈਠਕ ਸ਼ਾਮ 5 ਵਜੇ ਨਿਰਧਾਰਤ ਕੀਤੀ ਗਈ ਹੈ। ਪ੍ਰਧਾਨ ਮੰਤਰੀ ਮੋਦੀ ਨਾਲ ਇਸ ਬੈਠਕ 'ਚ ਸਾਰੇ ਮੰਤਰੀਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਦੋ ਦਿਨ ਪਹਿਲਾਂ ਹੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕੋਵਿਡ-19 ਮਹਾਮਾਰੀ ਕਾਰਨ ਹਿੱਲੀ ਅਰਥਵਿਵਸਥਾ ਨੂੰ ਬਹਾਲ ਕਰਨ ਲਈ ਕਈ ਯੋਜਨਾਵਾਂ ਦਾ ਐਲਾਨ ਕੀਤਾ ਹੈ। ਸੋਮਵਾਰ ਨੂੰ ਵਿੱਤ ਮੰਤਰੀ ਦੇ ਇਸ ਕਦਮ ਦੀ ਸ਼ਲਾਘਾ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਸੀ ਕਿ ਨਵੇਂ ਫ਼ੈਸਲਿਆਂ ਨਾਲ ਆਰਥਿਕ ਗਤੀਵਿਧੀਆਂ 'ਚ ਤੇਜ਼ੀ ਆਵੇਗੀ ਤੇ ਉਤਪਾਦਨ ਅਤੇ ਬਰਾਮਦ ਦੇ ਨਾਲ ਹੀ ਰੁਜ਼ਗਾਰ ਦੇ ਅਵਸਰ ਵੀ ਉਪਲਬਧ ਹੋ ਸਕਣਗੇ।

ਅੰਦਾਜੇ ਲਗਾਏ ਜਾ ਰਹੇ ਹਨ ਕਿ ਮੋਦੀ ਮੰਤਰੀ ਮੰਡਲ 'ਚ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਦੱਸ ਦੇਈਏ ਕਿ ਮੋਦੀ ਸਰਕਾਰ ਦੇ ਦੂਸਰੇ ਕਾਰ-ਜਕਾਲ 'ਚ ਮੰਤਰੀ ਮੰਡਲ ਵਿਸਥਾਰ ਦੀਆਂ ਤਿਆਰੀਆਂ ਸਬੰਧੀ ਖ਼ਬਰ ਹੈ ਕਿ ਇਸ ਦੇ ਲਈ ਪ੍ਰਧਾਨ ਮੰਤਰੀ ਨੇ ਮੰਤਰਾਲਿਆਂ ਨਾਲ ਸਬੰਧਤ ਮੰਤਰੀਆਂ ਨੂੰ ਬੁਲਾ ਕੇ ਉਨ੍ਹਾਂ ਦੇ ਕੰਮਕਾਜ ਦੀ ਸਮੀਖਿਆ ਕੀਤੀ ਹੈ।

ਵੀਡੀਓ ਕਾਨਫਰੰਸਿੰਗ ਜ਼ਰੀਏ ਹੋਣ ਵਾਲੀ ਇਸ ਬੈਠਕ 'ਚ ਕੋਰੋਨਾ ਮਹਾਮਾਰੀ ਦੀ ਤੀਸਰੀ ਲਹਿਰ ਦੇ ਖਦਸ਼ਿਆਂ ਦੇ ਮੱਦੇਨਜ਼ਰ ਦੇਸ਼ ਭਰ ਵਿਚ ਵੈਕਸੀਨੇਸ਼ਨ ਦੇ ਹਾਲਾਤ 'ਤੇ ਵੀ ਚਰਚਾ ਹੋ ਸਕਦੀ ਹੈ। ਨਾਲ ਹੀ ਵੱਖ-ਵੱਖ ਮੰਤਰਾਲਿਆਂ ਤੋਂ ਇਸ ਦੇ ਲਈ ਬਣਾਈਆਂ ਗਈਆਂ ਮਹੱਤਵਪੂਰਨ ਯੋਜਨਾਵਾਂ ਦੀ ਵੀ ਸਮੀਖਿਆ ਕੀਤੀ ਜਾ ਸਕਦੀ ਹੈ। ਹਾਲ ਦੇ ਦਿਨਾਂ 'ਚ ਪ੍ਰਧਾਨ ਮੰਤਰੀ ਮੋਦੀ ਨੇ ਕੇਂਦਰੀ ਮੰਤਰੀ ਮੰਡਲ ਦੇ ਆਪਣੇ ਸਹਿਯੋਗੀਆਂ ਦੇ ਨਾਲ ਕਈ ਬੈਠਕਾਂ ਕਰ ਚੁੱਕੇ ਹਨ। ਜ਼ਿਕਰਯੋਗ ਹੈ ਕਿ ਇਨ੍ਹਾਂ ਬੈਠਕਾਂ 'ਚ ਭਾਜਪਾ ਪ੍ਰਧਾਨ ਜੇਪੀ ਨੱਡਾ ਵੀ ਮੌਜੂਦ ਰਹੇ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
SPECIAL DOT COMPLIANCE FOR SAFETY, AUDITS AND RECORD KEEPING.
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਫਲੋਰਿਡਾ ਇਮਾਰਤ ਦੇ ਮਲਬੇ ਹੇਠ ਇਕ ਭਾਰਤੀ ਪਰਿਵਾਰ ਵੀ ਦੱਬਿਆ

**ਫਲੋਰਿਡਾ 29 ਜੂਨ (ਹੁਸਨ ਲੜੋਆ ਬੰਗਾ)**– ਫਲੋਰਿਡਾ ਦੇ ਮਿਆਮੀ ਨੇੜੇ ਇੱਕ 12 ਮੰਜਿਲਾ ਰਿਹਾਇਸ਼ੀ ਇਮਾਰਤ ਦੇ ਇੱਕ ਹਿੱਸੇ ਦੇ ਢਹਿ ਜਾਣ ਕਾਰਨ ਲਾਪਤਾ ਹੋਏ 150 ਲੋਕਾਂ ਵਿਚ ਇਕ ਭਾਰਤੀ ਮੂਲ ਦਾ ਅਮਰੀਕੀ ਪਰਿਵਾਰ ਵੀ ਸ਼ਾਮਿਲ ਹੈ। ਫਲੋਰਿਡਾ ਦੇ ਸਰਫਸਾਈਡ ਵਿੱਚ ਢਹੀ ਇਸ ਇਮਾਰਤ ਦੇ ਮਲਬੇ ਹੇਠ ਦੱਬੇ ਲੋਕਾਂ ਵਿਚ ਭਾਰਤੀ ਮੂਲ ਦਾ ਅਮਰੀਕੀ ਪਰਿਵਾਰ ਵਿਸ਼ਾਲ ਪਟੇਲ, ਉਸ ਦੀ ਪਤਨੀ ਭਾਵਨਾ ਤੇ ਇਕ ਸਾਲ ਦੀ ਬੱਚੀ ਸ਼ਾਮਿਲ ਹੈ। ਭਾਵਨਾ ਪਟੇਲ 4 ਮਹੀਨੇ ਤੋਂ ਗਰਭਵਤੀ ਹੈ। ਵਿਸ਼ਾਲ ਪਟੇਲ ਦੀ ਦੱਖਣੀ ਕੈਲੀਫੋਰਨੀਆ ਵਿਚ ਰਹਿੰਦੀ ਭਤੀਜੀ ਸਾਰੀਨਾ ਪਟੇਲ ਨੇ ਦਸਿਆ ਕਿ ਪਿਤਾ ਦਿਵਸ ਮੌਕੇ ਉਸ ਨੇ ਚਾਚੇ ਨਾਲ ਗੱਲ ਕੀਤੀ ਸੀ ਤੇ ਉਨਾਂ ਨੂੰ ਕਿਹਾ ਸੀ ਕਿ ਤੁਹਾਡੇ ਕੋਲ ਆਉਣ ਲਈ ਉਸ ਨੇ ਟਿਕਟ ਲੈ ਲਈ ਹੈ। ਪਰੰਤੂ ਇਸ ਉਪਰੰਤ ਇਮਾਰਤ ਢਹਿਣ ਦੀ ਖਬਰ ਮਿਲੀ।

ਅਸੀਂ ਵਾਰ-ਵਾਰ ਵਿਸ਼ਾਲ ਪਟੇਲ ਤੇ ਭਾਵਨਾ ਚਾਚੀ ਨਾਲ ਸੰਪਰਕ ਕਰਨ ਦਾ ਯਤਨ ਕੀਤਾ ਪਰ ਸਭ ਕੁਝ ਬੇਕਾਰ ਸਾਬਤ ਹੋਇਆ। ਉਸ ਨੇ ਕਿਹਾ ਕਿ ਅਸੀਂ ਅਜੇ ਵੀ ਆਸ ਨਹੀਂ ਛੱਡੀ। ਉਸ ਨੇ ਦੱਸਿਆ ਕਿ ਚਾਚਾ ਤੇ ਚਾਚੀ ਦੋ ਸਾਲ ਪਹਿਲਾਂ ਹੀ ਇਸ ਇਮਾਰਤ ਵਿਚ ਆਏ ਸਨ।

# ਕਾਂਗਰਸ ਦਾ ਸੰਕਟ-ਇਕ ਬੇੜੀ 'ਤੇ ਸਵਾਰ ਨਹੀਂ ਹੋ ਸਕਦੇ ਕੈਪਟਨ ਤੇ ਸਿੱਧੂ

(ਸਫਾ 1 ਦੀ ਬਾਕੀ)

ਉਹਨਾਂ ਨੂੰ ਉਦੋਂ ਦਲਿਤਾਂ ਦੀ ਯਾਦ ਕਿਉਂ ਨਹੀਂ ਆਈ ਜਦੋਂ ਜ਼ਹਿਰੀਲੀ ਸ਼ਰਾਬ ਪੀ ਕੇ 126 ਲੋਕਾਂ ਦੀ ਮੌਤ ਹੋ ਗਈ ਸੀ। ਉਹਨਾਂ 'ਚੋਂ ਜ਼ਿਆਦਾਤਰ ਦਲਿਤ ਸਨ। ਸਿੱਧੂ ਤਾਂ ਅੰਮ੍ਰਿਤਸਰ ਦੇ ਹੀ ਵਿਧਾਇਕ ਸਨ। ਸਭ ਤੋਂ ਜ਼ਿਆਦਾ ਮੌਤਾਂ ਵੀ ਉੱਥੇ ਹੀ ਹੋਈਆਂ, ਪਰ ਸਿੱਧੂ ਨੇ ਆਵਾਜ਼ ਨਹੀਂ ਉਠਾਈ।ਦੂਲੋ ਨੇ ਪੋਸਟ ਮੈ੍ਟਿਕ ਸਕਾਲਰਸ਼ਿਪ ਘੁਟਾਲੇ ਦਾ ਵੀ ਮੁੱਦਾ ਚੁੱਕਿਆ। ਉਹਨਾਂ ਕਿਹਾ ਕਿ ਰਾਜ ਸਭਾ 'ਚ ਸਵਾਲ ਉਠਾਉਣ ਤੋਂ ਬਾਅਦ ਕੇਂਦਰ ਸਰਕਾਰ ਨੇ ਐੱਸਸੀ ਵਿਦਿਆਰਥੀਆਂ ਲਈ 303 ਕਰੋੜ ਰੁਪਏ ਦਾ ਫੰਡ ਭੇਜਿਆ। ਇਸ ਵਿਚੋਂ ਵੀ 64 ਕਰੋੜ ਰੁਪਏ ਦਾ ਘੁਟਾਲਾ ਹੋ ਗਿਆ। ਉੱਥੇ ਰਾਜ ਸਭਾ ਮੈਂਬਰ ਨੇ ਟਕਸਾਲੀ ਕਾਂਗਰਸੀਆਂ ਦੇ ਸਨਮਾਨ ਨੂੰ ਬਹਾਲ ਕਰਨ ਤੇ ਉਹਨਾਂ ਨੂੰ ਤਰਜੀਹ ਦੇਣ 'ਤੇ ਵੀ ਜ਼ੋਰ ਦਿੱਤਾ। ਦੂਲੋ ਨੇ ਕਿਹਾ, 'ਮੈਂ ਰਾਹੁਲ ਜੀ ਦੇ ਸਾਹਮਣੇ ਸਾਰੀਆਂ ਗੱਲਾਂ ਰੱਖ ਦਿੱਤੀਆਂ ਹਨ। ਹੁਣ ਉਹਨਾਂ ਨੇ ਦੇਖਣਾ ਹੈ ਕਿ ਅੱਗੋਂ ਕੀ ਫ਼ੈਸਲਾ ਕਰਨਾ ਹੈ। ਪਹਿਲੇ ਪੜਾਅ 'ਚ ਸਿੱਖਿਆ ਮੰਤਰੀ ਵਿਜੇ ਇੰਦਰ ਸਿੰਗਲਾ, ਰਾਣਾ ਗੁਰਜੀਤ ਸਿੰਘ, ਲਖਬੀਰ ਲੱਖਾ ਆਦਿ ਨੇ ਮੁਲਾਕਾਤ ਕੀਤੀ, ਜਦਕਿ ਦੂਜੇ ਪੜਾਅ 'ਚ ਸਥਾਨਕ ਸਰਕਾਰਾਂ ਦੇ ਮੰਤਰੀ ਬ੍ਰਹਮ ਮਹਿੰਦਰਾ, ਸੁਖਵਿੰਦਰ ਸਿੰਘ ਡੈਨੀ, ਕੈਪਟਨ ਸੰਦੀਪ ਸੰਧੂ ਆਦਿ ਸ਼ਾਮਲ ਰਹੇ। ਉੱਥੇ, ਕਾਂਗਰਸ ਦੇ ਸੀਨੀਅਰ ਆਗੂ ਤੇ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਵੀ ਰਾਹੁਲ ਗਾਂਧੀ ਨੂੰ ਮਿਲਣ ਲਈ ਦਿੱਲੀ ਪਹੁੰਚੇ ਹਨ। ਹਾਲਾਂਕਿ, ਖ਼ਬਰ ਲਿਖੇ ਜਾਣ ਤਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਉਹਨਾਂ ਦੀ ਰਾਹੁਲ ਗਾਂਧੀ ਨਾਲ ਮੁਲਾਕਾਤ ਹੋਈ ਜਾਂ ਨਹੀਂ। ਪਾਰਟੀ ਦੇ ਇਕ ਸੀਨੀਅਰ ਆਗੂ ਦੇ ਮੁਤਾਬਕ, ਰਾਹੁਲ ਗਾਂਧੀ ਪੰਜਾਬ ਨੂੰ ਲੈ ਕੇ ਕਾਫ਼ੀ ਹੱਦ ਤਕ ਆਪਣਾ ਮਨ ਬਣਾ ਚੁੱਕੇ ਹਨ, ਪਰ ਫਿਰ ਵੀ ਆਖ਼ਰੀ ਫ਼ੈਸਲਾ ਕਰਨ ਤੋਂ ਪਹਿਲਾਂ ਉਹ ਸਾਰੇ ਆਗੂਆਂ ਨਾਲ ਗੱਲਬਾਤ ਕਰ ਕੇ ਉਹਨਾਂ ਦੀ ਰਾਇ ਜਾਣਨਾ ਚਾਹੁੰਦੇ ਹਨ, ਤਾਂ ਜੋ ਫ਼ੈਸਲੇ ਦੇ ਬਾਅਦ ਕੋਈ ਸਵਾਲ ਨਾ ਉਠੇ। ਇਹੀ ਕਾਰਨ ਹੈ ਕਿ ਉਹ ਪੰਜਾਬ ਦੇ ਆਗੂਆਂ ਤੋਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਤੇ ਨਵਜੋਤ ਸਿੰਘ ਸਿੱਧੂ ਦੇ ਬਾਰੇ ਸਵਾਲ ਪੁੱਛ ਰਹੇ ਹਨ।

# ਪੰਜਾਬ 'ਚ ਕੋਵਿਡ ਰੋਕਾਂ 10 ਜੁਲਾਈ ਤੱਕ ਵਧਾਈਆਂ

(ਸਫਾ 1 ਦੀ ਬਾਕੀ)

ਅਤੇ ਪਟਿਆਲਾ) ਪਾਏ ਗਏ ਹਨ। ਮੁੱਖ ਸਕੱਤਰ ਵਿਨੀ ਮਹਾਜਨ ਨੇ ਦੱਸਿਆ ਕਿ ਜੀਨੋਮ ਸੈਂਪਲਿੰਗ ਦੇ ਲਗਭਗ 489 ਸੈਂਪਲ (ਅਪਰੈਲ ਵਿਚ 276, ਮਈ ਵਿਚ 100 ਤੇ ਜੂਨ ਵਿਚ 113) ਅਜੇ ਤੱਕ ਕੇਂਦਰੀ ਲੈਬ ਵਿਚ ਪਏ ਹਨ। ਸਿਹਤ ਮੰਤਰੀ ਬਲਬੀਰ ਸਿੱਧੂ ਨੇ ਡੈਲਟਾ ਪਲੱਸ ਦੇ ਮਾਮਲਿਆਂ ਵਾਲੇ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਉਤੇ ਵੀ ਨੇੜਿਓਂ ਨਜ਼ਰ ਰੱਖਣ ਦਾ ਸੁਝਾਅ ਦਿੱਤਾ। ਇਸ ਮੌਕੇ ਮੁੱਖ ਮੰਤਰੀ ਨੇ ਪ੍ਰਤੀ ਦਿਨ 40,000 ਟੈਸਟਿੰਗ ਤੇ ਕੰਟੈਕਟ ਟ੍ਰੇਸਿੰਗ ਵਧਾਉਣ ਦੇ ਹੁਕਮ ਦਿੱਤੇ।

ਮੁੱਖ ਮੰਤਰੀ ਨੇ ਵਿਭਾਗ ਨੂੰ ਡਾ. ਕੇ.ਕੇ. ਤਲਵਾੜ ਕਮੇਟੀ ਵੱਲੋਂ ਹਾਲ ਹੀ ਵਿਚ ਚੁਣੇ ਗਏ 128 ਮਾਹਿਰ ਡਾਕਟਰਾਂ ਦੀ ਛੇਤੀ ਤੋਂ ਛੇਤੀ ਨਿਯੁਕਤੀ ਤੇ ਤਾਇਨਾਤੀ ਕਰਨ ਲਈ ਆਖਿਆ। ਉਨ੍ਹਾਂ ਕਿਹਾ ਕਿ ਸਾਰੇ ਪੱਧਰਾਂ ਉਤੇ ਰੈਗੂਲਰ ਭਰਤੀ ਵੀ ਜਾਰੀ ਰਹਿਣੀ ਚਾਹੀਦੀ ਹੈ। ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਓਪੀ ਸੋਨੀ ਨੇ ਕਿਹਾ ਕਿ ਸੂਬੇ ਦੇ ਸਰਕਾਰੀ ਮੈਡੀਕਲ ਕਾਲਜਾਂ 'ਚ ਤੀਜੀ ਲਹਿਰ ਨਾਲ ਨਜਿੱਠਣ ਲਈ 80 ਫੀਸਦੀ ਲੋੜੀਂਦੀਆਂ ਤਿਆਰੀਆਂ ਕੀਤੀਆਂ ਜਾ ਚੁੱਕੀਆਂ ਹਨ। ਡੀਜੀਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਹੁਣ ਤੱਕ ਤਕਰੀਬਨ 79 ਹਜ਼ਾਰ ਪੰਜਾਬ ਪੁਲੀਸ ਕਰਮ-ਚਾਰੀਆਂ ਨੂੰ ਟੀਕਾ ਲਗਾਇਆ ਜਾ ਚੁੱਕਾ ਹੈ।

**ਕੋਵੀਸ਼ੀਲਡ ਦੇ ਭੰਡਾਰ ਖਤਮ**

ਮੁੱਖ ਮੰਤਰੀ ਨੇ ਦੱਸਿਆ ਕਿ ਸਰਕਾਰ 62 ਲੱਖ ਤੋਂ ਵੱਧ ਯੋਗ ਵਿਅਕਤੀਆਂ ਨੂੰ ਟੀਕੇ ਲਗਾ ਚੁੱਕੀ ਹੈ। ਮੌਜੂਦਾ ਸਮੇਂ ਸੂਬੇ ਵਿੱਚ ਕੋਵੀਸ਼ੀਲਡ ਦਾ ਭੰਡਾਰ ਖਤਮ ਹੋ ਚੁੱਕਾ ਹੈ ਅਤੇ ਕੋਵੈਕਸੀਨ ਦਾ ਵੀ ਬਹੁਤ ਘੱਟ ਭੰਡਾਰ ਉਪਲੱਬਧ ਹੈ। ਪੰਜਾਬ ਹੁਣ ਹੌਲੀ-ਹੌਲੀ ਘੱਟੋ ਘੱਟ ਇਕ ਖੁਰਾਕ ਲੈਣ ਦੀ ਸ਼ਰਤ 'ਤੇ ਕੰਮ ਕਰਨ ਨੂੰ ਢਿੱਲ ਦੇ ਰਿਹਾ ਹੈ।

ਉਹ ਇਸ ਮੁੱਦੇ ਨੂੰ ਤੁਰੰਤ ਕੇਂਦਰੀ ਸਿਹਤ ਮੰਤਰੀ ਅਤੇ ਜ਼ਰੂਰਤ ਪੈਣ 'ਤੇ ਪ੍ਰਧਾਨ ਮੰਤਰੀ ਕੋਲ ਵੀ ਉਠਾਉਣਗੇ।

ਡਾਕਟਰ ਦਿਵਸ 'ਤੇ ਮੈਡੀਕਲ ਕਾਮਿਆਂ ਦੀ ਸ਼ਲਾਘਾ

ਮੁੱਖ ਮੰਤਰੀ ਨੇ ਪਹਿਲੀ ਜੁਲਾਈ ਨੂੰ ਮਨਾਏ ਜਾਣ ਵਾਲੇ ਕੌਮਾਂਤਰੀ ਡਾਕਟਰ ਦਿਵਸ ਦੇ ਸੰਦਰਭ ਵਿੱਚ ਆਪਣੇ ਸੰਖੇਪ ਸੰਦੇਸ਼ ਵਿੱਚ ਸਾਰੇ ਡਾਕਟਰਾਂ ਅਤੇ ਹੋਰ ਮੈਡੀਕਲ ਪੇਸ਼ੇਵਰਾਂ ਦਾ ਕੋਵਿਡ ਮਹਾਮਾਰੀ ਨਾਲ ਨਜਿੱਠਣ ਵਿੱਚ ਸੂਬੇ ਦੀ ਮਦਦ ਕਰਦਿਆਂ ਨਿਭਾਈਆਂ ਬੇਮਿਸਾਲ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ।

# ਗੁਲਾਮਾਂ ਨੂੰ ਨਾਗਰਿਕਤਾ ਦਾ ਹੱਕ ਨਾ ਦੇਣ ਦੇ ਨਿਰਨਾ ਤੇ ਸੰਘੀ ਬੁੱਤ ਹਟਾਉਣ ਲਈ ਪ੍ਰਤੀਨਿੱਧ ਸਦਨ ਵੱਲੋਂ ਬਿੱਲ ਪਾਸ

**ਸੈਕਰਾਮੈਂਟੋ 30 ਜੂਨ (ਹੁਸਨ ਲੜੋਆ ਬੰਗਾ)**– ਅਮਰੀਕੀ ਪ੍ਰਤੀਨਿੱਧ ਸਦਨ ਨੇ ਇਕ ਬਿੱਲ ਪਾਸ ਕੀਤਾ ਹੈ ਜਿਸ ਤਹਿਤ ਵਾਸ਼ਿੰਗਟਨ ਡੀ ਸੀ ਵਿਚ ਲੱਗੇ ਕਾਨ-ਫੈਡਰੇਟ ਬੁੱਤਾਂ ਤੇ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਰੋਜਰ ਟੈਨੀ ਦਾ ਨਿਰਨਾ ਹਟਾਉਣ ਦੀ ਵਿਵਸਥਾ ਹੈ। ਇਸ ਜੱਜ ਨੇ 1857 ਡਰੈਡ ਸਕਾਟ ਨਿਰਨੇ ਵਿਚ ਲਿਖਿਆ ਸੀ ਕਿ ਗੁਲਾਮ ਲੋਕਾਂ ਨੂੰ ਨਾਗਰਿਕਤਾ ਦਾ ਅਧਿਕਾਰ ਨਹੀਂ ਹੈ। ਸਦਨ ਦੇ ਬਹੁਗਿਣਤੀ ਆਗੂ ਸਟੈਨੀ ਹੋਇਰ ਨੇ ਬਿੱਲ ਉਪਰ ਵੋਟਾਂ ਪੈਣ ਤੋਂ ਪਹਿਲਾਂ ਕਿਹਾ ਕਿ ਇਸ ਪਵਿੱਤਰ ਸਥਾਨ ਤੇ ਲੋਕਤੰਤਰ ਦੇ ਮੰਦਿਰ ਨੂੰ ਲੰਬਾ ਸਮਾਂ ਸੰਕੀਰਨ ਬਣਾ ਕੇ ਰਖਿਆ ਗਿਆ ਹੈ। ਸਾਨੂੰ ਇਤਿਹਾਸ ਨੂੰ ਭੁੱਲਣਾ ਨਹੀਂ ਚਾਹੀਦਾ ਤੇ ਸਾਨੂੰ




ਇਤਿਹਾਸ ਤੋਂ ਸਿੱਖਣਾ ਚਾਹੀਦਾ ਹੈ ਪਰੰਤੂ ਅਸੀਂ ਉਨਾਂ ਗੱਲਾਂ ਦਾ ਸਨਮਾਨ ਨਹੀਂ ਕਰ ਸਕਦੇ ਜਿਨਾਂ ਨੇ ਸਾਡੇ ਸਿਧਾਂਤਾਂ ਜਿਨਾਂ ਲਈ ਅਸੀਂ ਖੜੇ ਹਾਂ, ਨੂੰ ਨਕਾਰਦੀਆਂ ਹੋਣ। ਇਹ ਸਮਾਂ ਇਨਾਂ ਭਵਨਾਂ ਵਿਚੋਂ ਗੁਲਾਮੀ ਦੇ ਚਿਨਾਂ ਤੇ ਰਾਜ ਧਰੋਹ ਵਰਗੇ ਸ਼ਬਦਾਂ ਨੂੰ ਹਟਾਉਣ ਦਾ ਹੈ। ਬਿੱਲ ਦੇ ਹੱਕ ਵਿਚ 285 ਤੇ ਵਿਰੋਧ ਵਿਚ 120 ਵੋਟਾਂ ਪਈਆਂ। ਹਾਜਰ ਸਾਰੇ ਡੈਮੋਕਰੇਟਿਕ ਮੈਂਬਰਾਂ ਤੇ 67 ਰਿਪਬਲੀਕਨਾਂ ਨੇ ਵੀ ਬਿੱਲ ਦੇ ਹੱਕ ਵਿਚ ਵੋਟ ਪਾਈ। ਹੁਣ ਇਹ ਬਿੱਲ ਸੈਨੇਟ ਵਿਚ ਜਾਵੇਗਾ ਜਿਥੇ ਬਿੱਲ ਨੂੰ ਪਾਸ ਕਰਨ ਲਈ 10 ਰਿਪਬਲੀਕਨ ਮੈਂਬਰਾਂ ਦੀ ਲੋੜ ਪਵੇਗੀ। ਇਥੇ ਜਿਕਰਯੋਗ ਹੈ ਕਿ ਪਿਛਲੇ ਸਾਲ ਵੀ ਇਸ ਕਿਸਮ ਦਾ ਬਿੱਲ ਸਦਨ ਵੱਲੋਂ ਪਾਸ ਕੀਤਾ ਗਿਆ ਸੀ ਪਰ ਰਿਪਬਲੀਕਨਾਂ ਦੇ ਬਹੁਮਤ ਵਾਲੀ ਸੈਨੇਟ ਵਿਚ ਇਸ ਬਿੱਲ ਨੂੰ ਰੋਕ ਲਿਆ ਗਿਆ ਸੀ।







# ਅਮਰੀਕਾ: ਬਰੁਕਲਿਨ ਵਿੱਚ ਜਾਰਜ ਫਲਾਇਡ ਦੇ ਬੁੱਤ ਨਾਲ ਕੀਤੀ ਗਈ ਛੇੜਛਾੜ


**ਫਰਿਜ਼ਨੋ (ਕੈਲੀਫੋਰਨੀਆ), 26 ਜੂਨ 2021 (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)-** ਨਿਊਯਾਰਕ ਦੇ ਬਰੁਕਲਿਨ ਵਿੱਚ ਕਾਲੇ ਮੂਲ ਦੇ ਵਿਅਕਤੀ ਜਾਰਜ ਫਲਾਇਡ ਦੀ ਇੱਕ ਮੂਰਤੀ ਨਾਲ ਵੀਰਵਾਰ ਦੀ ਸਵੇਰੇ ਛੇੜਛਾੜ ਕੀਤੀ ਗਈ ਹੈ , ਜਿਸਦਾ ਕਿ ਜੂਨੀਥ ਰੈਲੀ ਦੇ ਹਿੱਸੇ ਵਜੋਂ ਕੁੱਝ ਦਿਨ ਪਹਿਲਾਂ ਉਦਘਾਟਨ ਕੀਤਾ ਗਿਆ ਸੀ। ਕੁੱਝ ਸ਼ਰਾਰਤੀ ਅਨਸਰਾਂ ਵੱਲੋਂ ਨੋਸਟ੍ਰੈਂਡ ਅਤੇ ਫਲੈਟਬੱਸ਼ ਐਵੀਨਿਊਜ 'ਤੇ ਸਥਿਤ ਇਸ 6 ਫੁੱਟ ਉੱਚੀ ਮੂਰਤੀ 'ਤੇ ਕਾਲੇ ਰੰਗ ਦਾ ਛਿੜਕਾਅ ਕੀਤਾ ਗਿਆ ਹੈ। ਇਸਦੇ ਇਲਾਵਾ ਇਸਤੇ ਇੱਕ ਵੈੱਬਸਾਈਟ ਦਾ ਨਾਮ ਵੀ ਲਿਖਿਆ ਹੈ ਜੋ ਕਿ ਇੱਕ ਵਾਈਟ ਨੈਸ਼ਲਿਸਟ ਹੇਟ




ਗਰੁੱਪ ਨਾਲ ਸਬੰਧਤ ਹੈ। ਜਾਰਜ ਫਲਾਇਡ, ਜੋ ਇੱਕ ਕਾਲੇ ਮੂਲ ਦਾ ਆਦਮੀ ਸੀ, ਦੀ ਮੌਤ 25 ਮਈ, 2020 ਨੂੰ ਹੋਈ, ਇੱਕ ਗੋਰੇ ਮਿਨੀਆਪੋਲਿਸ ਪੁਲਿਸ ਅਧਿਕਾਰੀ ਵੱਲੋਂ ਤਕਰੀਬਨ 9 ਮਿੰਟ ਤੱਕ ਗਲੇ 'ਤੇ ਗੋਡਾ ਰੱਖਣ ਕਾਰਨ ਹੋਈ ਸੀ। ਨਿਊਯਾਰਕ ਪੁਲਿਸ ਨੇ ਕਿਹਾ ਕਿ ਇਸ ਛੇੜਛਾੜ ਦੀ ਜਾਂਚ ਇੱਕ ਨਫ਼ਰਤੀ ਅਪਰਾਧ ਵਜੋਂ ਕੀਤੀ ਜਾਵੇਗੀ, ਅਤੇ ਪੁਲਿਸ ਵੱਲੋਂ ਉਸ ਸਮੇਂ ਬਰੁਕਲਿਨ ਵਿੱਚ ਬੁੱਤ ਦੇ ਖੇਤਰ ਵਿੱਚ ਘੁੰਮ ਰਹੇ ਚਾਰ ਲੋਕਾਂ ਨੂੰ ਸ਼ੱਕ ਦੇ ਘੇਰੇ ਵਿੱਚ ਰੱਖਿਆ ਹੋ ਜੋ ਕਿ ਸੀ ਸੀ ਟੀ ਵੀ ਫੁਟੇਜ ਵਿੱਚ ਨਜਰ ਆਏ ਹਨ। ਫਿਲਹਾਲ ਇਸ ਸਬੰਧੀ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ।

# ਕੈਲੀਫੋਰਨੀਆ ਦੀ ਇਸ ਕਾਉਂਟੀ ਵਿੱਚ ਸਾਹਮਣੇ ਆਇਆ ਡੈਲਟਾ ਵੇਰੀਐਂਟ ਦਾ ਪਹਿਲਾ ਕੇਸ

**ਫਰਿਜ਼ਨੋ (ਕੈਲੀਫੋਰਨੀਆ), 26 ਜੂਨ 2021 (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)-** ਕੋਰੋਨਾ ਵਾਇਰਸ ਦਾ ਭਾਰਤੀ ਵੇਰੀਐਂਟ ਜਿਸਨੂੰ ਡੈਲਟਾ ਵਾਇਰਸ ਵਜੋਂ ਵੀ ਜਾਣਿਆ ਜਾਂਦਾ ਹੈ, ਮੌਜੂਦਾ ਸਮੇਂ ਦੁਨੀਆਂ ਭਰ ਵਿੱਚ ਇੱਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਕੈਲੀਫੋਰਨੀਆ ਸਟੇਟ ਦੀ ਟੁਲੈਰੀ ਕਾਉਂਟੀ ਨੇ ਵੀ ਕੋਵਿਡ-19 ਡੈਲਟਾ ਵੇਰੀਐਂਟ ਦੇ ਪਹਿਲੇ ਜਾਣੇ ਹੋਏ ਕੇਸ ਦੀ ਪਛਾਣ ਕੀਤੀ ਹੈ। ਟੁਲੈਰੀ ਕਾਉਂਟੀ ਪਬਲਿਕ ਹੈਲਥ (ਟੀ ਸੀ ਪੀ ਐੱਚ) ਨੇ ਇਸ ਸਬੰਧੀ ਵੀਰਵਾਰ ਰਾਤ ਨੂੰ ਘੋਸ਼ਣਾ ਕੀਤੀ ਹੈ ਕਿ ਇਸ ਵਾਇਰਸ ਦਾ ਰੂਪ ਟੁਲੈਰੀ ਨਿਵਾਸੀ ਵਿੱਚ ਪਾਇਆ ਗਿਆ ਹੈ ਜੋ ਕਿ ਜੀਨੋਮਿਕ ਸੀਕਿਉਂਸਿੰਗ



ਰਾਹੀਂ ਇੱਕ ਲੈਬ ਵਿੱਚ ਪਛਾਣਿਆ ਗਿਆ ਹੈ। ਟੀ ਸੀ ਪੀ ਐੱਚ ਦੇ ਅਨੁਸਾਰ, ਇਹ ਵੇਰੀਐਂਟ ਜਿਆਦਾ ਛੂਤਕਾਰੀ ਮੰਨਿਆ ਜਾਂਦਾ ਹੈ। ਤੁਲਾਰੇ ਕਾਉਂਟੀ ਦੀ ਪਬਲਿਕ ਹੈਲਥ ਅਫਸਰ ਡਾ. ਕੈਰਨ ਹੈਚ ਅਨੁਸਾਰ ਕੋਵਿਡ-19 ਦੇ ਫੈਲਣ ਨੂੰ ਘੱਟ ਕਰਨ ਲਈ ਸੁਰੱਖਿਆ ਦੇ ਮਹੱਤਵਪੂਰਣ ਉਪਾਵਾਂ ਨੂੰ ਜਾਰੀ ਰੱਖਣ ਦੀ ਜ਼ਰੂਰਤ ਹੈ, ਅਤੇ ਖਾਸ ਤੌਰ 'ਤੇ ਮਾਸਕ ਪਹਿਨਣਾ ਮਹੱਤਵਪੂਰਨ ਹੈ। ਇਸਦੇ ਇਲਾਵਾ ਟੀ ਸੀ ਪੀ ਐੱਚ ਅਨੁਸਾਰ ਦੇਸ਼ ਵਿੱਚ ਉਪਲੱਬਧ ਟੀਕੇ ਡੈਲਟਾ ਵੇਰੀਐਂਟ ਦੇ ਵਿਰੁੱਧ ਪ੍ਰਭਾਵਸ਼ਾਲੀ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ, ਡੈਲਟਾ ਵੇਰੀਐਂਟ ਦਾ ਕੇਸ ਫਰਿਜ਼ਨੋ ਕਾਉਂਟੀ ਵਿੱਚ ਵੀ ਪਾਇਆ ਗਿਆ ਸੀ।

# ਫਲਾਇਡ ਮਾਮਲੇ 'ਚ ਸਾਬਕਾ ਪੁਲਿਸ ਅਧਿਕਾਰੀ ਨੂੰ ਹੋਈ 22 ਸਾਲ 6 ਮਹੀਨੇ ਕੈਦ ਦੀ ਸਜ਼ਾ

**ਫਰਿਜ਼ਨੋ (ਕੈਲੀਫੋਰਨੀਆ), 26 ਜੂਨ 2021 (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)-** ਮਿਨੀਆਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ, ਡੈਰੇਕ ਚੌਵਿਨ ਨੂੰ ਕਾਲੇ ਮੂਲ ਦੇ ਵਿਅਕਤੀ ਜਾਰਜ ਫਲਾਇਡ ਦੇ ਕਤਲ ਦੇ ਮਾਮਲੇ ਵਿੱਚ 22 ਸਾਲ 6 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਹੈਨੇਪਿਨ ਕਾਉਂਟੀ ਜ਼ਿਲ੍ਹਾ ਅਦਾਲਤ ਦੇ ਜੱਜ ਪੀਟਰ ਕੈਹਿਲ ਨੇ ਇਹ ਸਜ਼ਾ ਦਿੰਦਿਆਂ ਕਿਹਾ, ਕਿ ਉਸ ਦੀ ਸਜ਼ਾ ਸਟੇਟ ਦੀ 12.5 ਸਾਲਾਂ ਦੇ ਸਜ਼ਾ-ਦਿਸ਼ਾ ਨਿਰਦੇਸ਼ਾਂ ਨੂੰ ਪਾਰ ਕਰ ਗਈ ਹੈ ਕਿਉਂਕਿ ਚੌਵਿਨ ਨੇ ਆਪਣੇ ਅਧਿਕਾਰਾਂ ਤੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਫਲਾਇਡ ਪ੍ਰਤੀ ਜ਼ੁਲਮ ਨੂੰ ਪ੍ਰਦਰਸ਼ਤਿ ਕੀਤਾ ਸੀ। ਇਸ ਤੋਂ ਪਹਿਲਾਂ ਅਪ੍ਰੈਲ ਵਿੱਚ, ਚੌਵਿਨ ਨੂੰ ਦੂਜੀ-ਡਿਗਰੀ ਕਤਲ, ਤੀਜੀ-ਡਿਗਰੀ ਕਤਲੇਆਮ ਆਦਿ ਦੇ ਦੋਸ਼ੀ ਠਹਿਰਾਇਆ ਗਿਆ ਸੀ। ਚੌਵਿਨ ਨੂੰ ਰਾਜ ਦੀ ਵੱਧ ਸੁਰੱਖਿਆ



ਜੇਲ੍ਹ ਵਿੱਚ ਰੱਖਿਆ ਗਿਆ ਹੈ। ਪਿਛਲੇ ਸਾਲ ਇਸ ਗੋਰੇ ਪੁਲਿਸ ਅਧਿਕਾਰੀ ਨੇ ਕਾਲੇ ਮੂਲ ਦੇ ਜਾਰਜ ਫਲਾਇਡ ਨਾਮ ਦੇ ਵਿਅਕਤੀ ਦੀ ਧੌਣ ਉੱਪਰ ਤਕਰੀਬਨ 9 ਮਿੰਟ ਤੋਂ ਉੱਪਰ ਤੱਕ ਆਪਣਾ ਗੋਡਾ ਰੱਖਿਆ ਸੀ ,ਜਿਸ ਕਾਰਨ ਉਸਦੀ ਮੌਤ ਹੋ ਗਈ ਸੀ। ਇਸ ਘਟਨਾ ਦੀ ਇੱਕ ਵੀਡੀਓ ਦੇ ਵਾਇਰਲ ਹੋਣ ਨਾਲ ਦੇਸ਼ ਭਰ ਵਿੱਚ ਰੋਸ਼ ਪ੍ਰਦਰਸ਼ਨ ਕੀਤੇ ਗਏ ਸਨ। ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀ ਸ਼ੁੱਕਰਵਾਰ ਨੂੰ ਚੌਵਿਨ ਦੀ ਕੈਦ ਦੀ ਸਜ਼ਾ ਦਾ ਹੁੰਗਾਰਾ ਭਰਦਿਆਂ ਇਸਨੂੰ ਇੱਕ ਢੁਕਵੀਂ ਸਜਾ ਦੱਸਿਆ। ਹਾਲਾਂਕਿ ਚੰਗੇ ਵਿਹਾਰ ਨਾਲ, 45 ਸਾਲਾ ਚੌਵਿਨ ਨੂੰ ਉਸ ਦੀ ਦੋ-ਤਿਹਾਈ ਸਜ਼ਾ ਜਾਂ ਲੱਗਭਗ 15 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਪੈਰੋਲ ਦਿੱਤੀ ਜਾ ਸਕਦੀ ਹੈ। ਜੱਜ ਪੀਟਰ ਕੈਹਿਲ ਨੇ ਸ਼ੁੱਕਰਵਾਰ ਨੂੰ ਸਜ਼ਾ ਸੁਣਾਏ ਜਾਣ ਤੋਂ ਕੁਝ ਘੰਟੇ ਪਹਿਲਾਂ ਹੀ ਨਵੀਂ ਟ੍ਰਾਇਲ ਪਟੀਸ਼ਨ ਲਈ ਡੈਰੇਕ ਚੌਵਿਨ ਦੇ ਪ੍ਰਸਤਾਵ ਤੋਂ ਇਨਕਾਰ ਕਰ ਦਿੱਤਾ ਸੀ। ਜਾਰਜ ਫਲਾਇਡ ਦੇ ਪਰਿਵਾਰ ਅਤੇ ਵਕੀਲਾਂ ਵੱਲੋਂ ਡੈਰੇਕ ਨੂੰ ਜਿਆਦਾ ਸਜਾ ਦੇਣ ਦੀ ਅਪੀਲ ਕੀਤੀ ਸੀ।

# ਫਲੋਰਿਡਾ ਪੁਲਿਸ ਅਧਿਕਾਰੀ ਦੇ ਸਿਰ ਵਿੱਚ ਗੋਲੀ ਮਾਰਨ ਵਾਲੇ ਦੀ ਜਾਣਕਾਰੀ ਲਈ 1 ਲੱਖ ਡਾਲਰ ਇਨਾਮ ਦੀ ਪੇਸ਼ਕਸ਼

**ਫਰਿਜ਼ਨੋ (ਕੈਲੀਫੋਰਨੀਆ), 26 ਜੂਨ 2021 (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)-** ਫਲੋਰਿਡਾ ਪੁਲਿਸ ਵਿਭਾਗ ਵੱਲੋਂ ਇੱਕ ਦੋਸ਼ੀ ਵਿਅਕਤੀ ਦੀ ਵੱਡੇ ਪੱਧਰ 'ਤੇ ਤਲਾਸ਼ ਕੀਤੀ ਜਾ ਰਹੀ ਹੈ, ਜਿਸਨੇ ਕਿ ਡੇਟੋਨਾ ਬੀਚ 'ਤੇ ਇੱਕ ਪੁਲਿਸ ਅਧਿਕਾਰੀ ਦੇ ਸਿਰ 'ਚ ਗੋਲੀ ਮਾਰੀ ਸੀ। ਡੇਟੋਨਾ ਬੀਚ ਦੇ ਪੁਲਿਸ ਵਿਭਾਗ ਅਨੁਸਾਰ 26 ਸਾਲਾਂ ਦਾ ਇਹ ਪੁਲਿਸ ਅਧਿਕਾਰੀ, ਜਿਸ ਦੀ ਜਨਤਕ ਤੌਰ 'ਤੇ ਪਛਾਣ ਨਹੀਂ ਦੱਸੀ ਹੈ, ਬੁੱਧਵਾਰ ਰਾਤ ਦੇ ਕਰੀਬ 9 ਵਜੇ ਗਸ਼ਤ 'ਤੇ ਸੀ। ਇਸ ਦੌਰਾਨ ਉਹ ਇੱਕ 2016 ਹੌਂਡਾ ਕਾਰ ਦੇ ਨੇੜੇ ਪਹੁੰਚਿਆ ਅਤੇ ਪੁਲਿਸ ਵਿਭਾਗ ਦੁਆਰਾ ਜਾਰੀ ਕੀਤੀ ਗਈ 30 ਸਕਿੰਟਾਂ ਦੀ ਇੱਕ ਵੀਡੀਓ ਵਿੱਚ ਇਹ ਅਧਿਕਾਰੀ ਡਰਾਈਵਰ ਸੀਟ 'ਤੇ ਬੈਠੇ ਵਿਅਕਤੀ ਕੋਲੋਂ ਪੁੱਛਗਿੱਛ ਕਰਦਾ ਵੇਖਿਆ ਗਿਆ ਹੈ। ਕਾਰ ਵਿਚਲੇ ਆਦਮੀ ਦੀ ਪਛਾਣ ਬਾਅਦ ਵਿੱਚ 29 ਸਾਲਾਂ ਓਥਲ ਵਾਲਸ ਵਜੋਂ ਕੀਤੀ ਗਈ ਹੈ। ਇਸੇ ਦੌਰਾਨ ਵਾਲਸ ਕਾਰ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ਿ ਕਰਦਾ ਹੈ ਤਾਂ, ਇਹ ਅਧਿਕਾਰੀ ਉਸ ਨੂੰ ਵਾਪਸ ਬੈਠਣ ਲਈ ਕਹਿੰਦਾ ਹੈ।



ਇਹਨਾਂ ਦੋਵਾਂ ਵਿਚਕਾਰ ਝਗੜਾ ਸ਼ੁਰੂ ਹੋ ਜਾਂਦਾ ਹੈ ਅਤੇ ਫਿਰ ਅਧਿਕਾਰੀ ਦੇ ਗੋਲੀ ਮਾਰ ਦਿੱਤੀ ਜਾਂਦੀ ਹੈ। ਪੁਲਿਸ ਅਨੁਸਾਰ ਇਸ ਅਧਿਕਾਰੀ ਨੂੰ ਇੱਕ ਵਾਰ ਸਿਰ ਵਿੱਚ ਗੋਲੀ ਮਾਰੀ ਗਈ ਅਤੇ ਉਸਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਹ ਹੁਣ ਆਪਣੀ ਜਿੰਦਗੀ ਲਈ ਜੱਦੋਜਹਿਦ ਕਰ ਰਿਹਾ ਹੈ। ਇਸ ਹਮਲਾਵਰ ਦੋਸ਼ੀ ਨੂੰ ਤਲਾਸ਼ ਕਰਨ ਲਈ 500 ਤੋਂ ਵੱਧ ਅਧਿਕਾਰੀ ਕਾਰਵਾਈ ਵਿੱਚ ਸ਼ਾਮਲ ਹੋਏ ਹਨ। ਇਸਦੇ ਨਾਲ ਹੀ ਡੇਟੋਨਾ ਬੀਚ ਪੁਲਿਸ ਵਿਭਾਗ ਵੱਲੋਂ ਵਾਲਸ ਲਈ ਜਾਣਕਾਰੀ ਦੇਣ ਲਈ 100,000 ਡਾਲਰ ਦੇ ਇਨਾਮ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call: NIRMAL SINGH BADHAN 707-228-2020 Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928



ਦੇਸ਼ ਦੁਆਬਾ

# United States of America: A Vision of Freedomand Dream of Prosperity

Prem K. Chumber Editor-In-Chief:
Ambedkar Times & Desh Doaba Weeklies Newspapers




**4th of July** embodies a vision of freedom and dream of prosperity. Every person in the world irrespective of her/his religion, class, creed and faith aspires to make the USA his home! S/he feels embolden while getting associated with this great nation - an abode of liberty, equality fraternity - of opportunities and dignity. The USA instills faith and courage to come forward to live and let live with love and peace with one- self and the rest of the humanities.

Since the end of World War II, it has not looked back to reconstruct peaceful order in the world and help attain freedom of thought, liberty and equality everywhere on the globe. Name any continent, region or a country where the USA has not left its mark of encouragement and initiatives for realizing ones dream and aspirations. One of the largest and oldest democratic countries in the world, the USA has always shown its greatest interest in allowing free flow of ideas and letting people live the way they want to be. It has remained first in all fields of human activities, be it science, technology, art, and sports. What led it to achieve all this is perhaps the freedom of thought and action guaranteed by its constitution and effective governance system. “Ambedkar Times” and “Desh Doaba” take a lot of pride on this auspicious day of freedom and independence.

Once again “Ambedkar Times” and “Desh Doaba” congratulate its esteemed readers, contributors and supporters on the auspicious day 4th of July

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਲੜੀ ਨੰਬਰ-175

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਜਗਤ ਦੀ ਵਿਸ਼ਾਲ ਰਚਨਾ ਬਾਰੇ ਕੁਝ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਸੰਸਾਰ ਜਗਤ ਕੁਦਰਤੀ ਰਚਨਾ ਹੈ। ਕੁਦਰਤਿ ਦਾ ਪਸਾਰਾ ਹੈ-ਕੀਤਾ ਪਸਾਉ ਏਕੋ ਕਵਾਉ॥(ਜਪੁ) ਇਸ ਦਾ ਕੋਈ ਅੰਤ ਨਹੀਂ ਪਾ ਸਕਦਾ-ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥(ਜਪੁ) ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ॥(ਮ:੧-੧੫੭) ਜਗਤ ਦੀ ਉਤਪਤੀ ਬਾਰੇ ਸਭ ਮੱਤਾਂ ਮਤਾਂਤ੍ਰਾਂ ਤੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਜਗਤ ਨੂੰ ਆਮ ਤੌਰ ਤੇ ਬ੍ਰਹਿਮੰਡ, ਸੰਸਾਰ, ਦੁਨੀਆਂ, ਵਿਸ਼ਵ, ਜਗਤ ਆਦਿ ਸਮਾਨਾਰਥੀ ਸ਼ਬਦਾਂ ਨਾਲ ਸਮਝਿਆ ਜਾਂਦਾ ਹੈ। ਜਗਤ ਦੇ ਸਮੁੱਚੇ ਬ੍ਰਹਿਮੰਡ ਜਿਸ ਵਿੱਚ ਧਰਤੀਆਂ, ਸਿਤਾਰੇ, ਆਕਾਸ਼ਗੰਗਾ ਤੋਂ ਦਿਸਦੇ-ਅਣਦਿਸਦੇ ਤੱਤਾਂ ਤੋਂ ਬਣੇ ਹਰ ਕਣ ਅਤੇ ਹਰ ਤਰੰਗ ਨੂੰ ਸ਼ਾਮਲ ਹਨ।

ਵਰਲਡ ਕ੍ਰਿਸ਼ਚੀਅਨ ਐਨਸਾਈਕਲੋਪੀਡੀਆ ਅਨੁਸਾਰ “ਦੁਨੀਆਂ ਵਿੱਚ ੧੯ ਵੱਡੇ ਤੇ ੨੭੦ ਦੇ ਕਰੀਬ ਛੋਟੇ ਮਜ਼ਹਬ ਨੇ ਜਿਨ੍ਹਾਂ ਤੋਂ ਅੱਗੇ ਹੋਰ ਛੋਟੇ ਮੱਤ ਵੀ ਹਜ਼ਾਰਾਂ ਹਨ। ਇਨ੍ਹਾਂ ਚੋਂ ਘੱਟੋ-ਘੱਟ ੫੦੦ ਦੇ ਕਰੀਬ ਕਹਾਣੀਆਂ “ਜਗਤ-ਜਨਮ” ਨਾਲ ਸਬੰਧਤ ਤੇ ਹਰੇਕ ਦੀ ਆਪਣੀ ਵੱਖਰੀ ਕਹਾਣੀ ਹੈ। ਵੱਖ-ਵੱਖ ਦਰਸ਼ਨਾਂ ਤੇ ਧਰਮ-ਸ਼ਾਸਤਰਾਂ ਨੇ ਮੂਲ-ਤੱਤ ਸਥਾਈ ਤੱਤਾਂ ਸੰਬੰਧੀ ਆਪਣੇ ਵਿਚਾਰ ਜਗਤ-ਰਚਨਾ ਦੇ ਸਿਧਾਂਤ ਮੰਨੇ ਹਨ। ਇਨ੍ਹਾਂ ਵਿਚਾਰ ਧਾਰਾਵਾਂ ਨੂੰ ਅਸੀਂ ਪੁਰਾਤਨ ਤੇ ਨਵੀਨ ਸਭਿਅਤਾ ਸੋਚ-ਵਿਧੀ ਅਨੁਸਾਰ ਵੰਡ ਸਕਦੇ ਹਾਂ। ਪੁਰਾਤਨ ਸਭਿਅਤਾ ਸੋਚ-ਵਿਧੀ ਕਬੀਲਿਆਂ ਦੀ ਸਭਿਅਤਾ ਤੋਂ ਸ਼ੁਰੂ ਹੋ ਕੇ ਪੁਰਾਤਨ ਮਜ਼ਹਬਾਂ ਦੇ ਜਨਮ ਤੱਕ ਦੀ ਗਿਣੀ ਤੇ ਨਵੀਨ ਸਭਿਅਤਾ ਸੋਚ-ਵਿਧੀ ਨਵੀਨ ਮੱਤਾਂ ਦੇ ਜਨਮ ਤੱਕ ਦੀ ਗਿਣੀ ਜਾ ਸਕਦੀ ਹੈ। ਨਵੀਨ ਸਭਿਅਤਾ-ਸੋਚ ਨਵੀਨ ਮੱਤਾਂ ਦੀ ਸੋਚ-ਵਿਧੀ ਤੋਂ ਸਾਇੰਸਯੁੱਗ-ਸੋਚ-ਵਿਧੀ ਤੱਕ ਗਿਣੀ ਜਾ ਸਕਦੀ ਹੈ। ਇਨ੍ਹਾਂ ਨੂੰ “ਸੰਸਾਰ-ਕਰਤਾ ਦੇ ਜਗਤ ਰਚਨ” ਤੇ ਬਿਗ-ਬੈਂਗ ਜਿਹੀਆਂ ਸੋਚ-ਵਿਧੀਆਂ ਵਿਚਾਲੇ ਵੀ ਵੰਡਿਆ ਜਾ ਸਕਦਾ ਹੈ।

(੧) ਕਬੀਲਾ-ਸੋਚ (੨) ਮਜ਼ਹਬੀ-ਸੋਚ (੩) ਵਿਗਿਆਨਕ-ਸੋਚ

ਕਬੀਲਾ-ਸੋਚ-ਵਿਧੀ ਇਸ ਵਿਚਾਰ ‘ਤੇ ਆਧਾਰਿਤ ਕਿ ਜੀਵਾਂ ਨੂੰ ਪੈਦਾ ਜੀਵਾਂ ਤੋਂ ਹੀ ਕੀਤਾ ਜਾ ਸਕਦੈ ਪਰ ਇਨ੍ਹਾਂ ਜੀਵਾਂ ਵਿੱਚ ਸਭ ਤੋਂ ਪਹਿਲੇ ਜੀਵ ਨੂੰ ਪੈਦਾ ਕਰਨ ਵਾਲਾ ਵੀ ਕੋਈ ਇਨ੍ਹਾਂ ਸਾਰੇ ਜੀਵਾਂ ਤੋਂ ਕਿਤੇ ਵੱਡਾ ਹੈ। ਰੱਬ ਨੇ ਜਦ ਇਨਸਾਨ ਪੈਦਾ ਕੀਤਾ ਤਾਂ ਉਸ ਦਾ ਰਹਿਣ-ਸਹਿਣ-ਜੀਣ-ਵਸਣ, ਖਾਣ-ਪੀਣ ਸਭ ਜੰਗਲੀ ਤੇ ਹਰੇ ਭਰੇ ਰੁੱਖ, ਰਹਿਣ ਲਈ ਥਾਂ, ਖਾਣ ਲਈ ਫਲ ਤੇ ਵਧਣ ਲਈ ਚੰਗੀ ਹਵਾ ਦਿੰਦੇ ਸਨ। ਵਾਤਾਵਰਣ ਹਰਿਆਲੀ ਭਰਿਆ ਖ਼ੁਸ਼ਗਵਾਰ ਸੀ। ਇਸ ਵਾਤਾਵਰਣ ਦੀ ਭਰਪੂਰਤਾ ਨੇ ਉਸਨੂੰ ਕਦੇ ਇਕੱਲਾ ਨਹੀਂ ਮਹਿਸੂਸ ਹੋਣ ਦਿੱਤਾ। ਉਹ ਇਸ ਸਮੁੱਚੀ ਕੁਦਰਤੀ ਵਾਤਾਵਰਣ ਦਾ ਅੰਗ ਤੇ ਰੱਬ ਦੇ ਬਿਲਕੁਲ ਨੇੜੇ ਸੀ। ਰੱਬ ਉਸ ਨੂੰ ਹਰ ਰੁੱਖ, ਪੱਥਰ, ਪਰਬਤ, ਆਕਾਸ਼, ਸੂਰਜ, ਬੱਦਲਾਂ ਅਤੇ ਪਾਣੀ ਵਿੱਚ ਗੱਲ ਕੀ ਕੁਦਰਤੀ ਹਰ ਚੀਜ਼ ਵਿੱਚ ਦਿਸਦਾ ਤੇ ਉਹ ਰੱਬ ਨੂੰ ਕੁਦਰਤ ਨਾਲੋਂ ਨਿਖੇੜ ਕੇ ਨਹੀਂ ਸੀ ਵੇਖਦਾ। ਜੇ ਉਹ ਕੁਦਰਤੀ ਕ੍ਰਿਸ਼ਮਿਆਂ ਦੀ ਪ੍ਰਸ਼ੰਸਾ ਕਰਦਾ ਤਾਂ ਰੱਬ ਦੀ ਪ੍ਰਸੰਸਾ ਸਮਝਦਾ ਜੇ ਉਹ ਕੁਦਰਤੀ ਕ੍ਰਿਸ਼ਮਿਆਂ ਨੂੰ ਪੂਜਦਾ ਤਾਂ ਆਪਣੇ ਭਾਣੇ ਰੱਬ ਨੂੰ ਪੂਜਦਾ ਸੀ। ਕੁਦਰਤ ਤੇ ਰੱਬ ਨੂੰ ਅੰਗ-ਸੰਗ ਸਮਝ ਕੇ ਉਹ ਹਰ ਔਖਾ ਕਦਮ ਚੁਕਦਾ ਤੇ ਅੱਗੇ ਵਧਦਾ ਰਿਹਾ। ਰੱਬ, ਕੁਦਰਤ ਤੇ ਇਨਸਾਨ ਦਾ ਇਹ ਸਬੰਧ ਅੱਜ ਤੱਕ ਵੀ ਉਨ੍ਹਾਂ ਕਬੀਲਿਆਂ ਵਿੱਚ ਵੇਖਿਆ ਜਾ ਸਕਦੈ ਜੋ ਮਸ਼ੀਨੀ ਯੁਗ ਨਾਲ ਪ੍ਰਭਾਵਤ ਨਹੀਂ ਹੋਏ। ਅਰੁਣਾਂਚਲ ‘ਚ “ਆਦੀ-ਕਬੀਲਾ” ਇਸ ਨੂੰ “ਆਬੋ-ਤਾਨੀ” “ਸੂਰਜ-ਚੰਦ੍ਰਮਾ” ਮੰਨਦਾ ਤੇ ਉਸਦੀ ਪੂਜਾ ਵੀ ਕਰਦਾ ਹੈ। ਵਿਲਟਵੋਡਲ ਦੇ ਕਬੀਲੇ “ਜਟਰਾ-ਵਟਿਡ” ਦੇ ਲੋਕਾਂ ਦਾ ਵਿਚਾਰ ਉਹ ਗਰੀਮ ਆਰਕਲੇਸੀਜ਼ਰ ਜਿਸਨੇ ਨੱਕ ਸੁਣਕਿਆ ਤੇ ਇਸ ਨਾਲ ਜੋ ਮਵਾਦ ਨਿਕਲਿਆ ਉਸ ਤੋਂ ਸੰਸਾਰ ਦੀ ਰਚਨਾ ਹੋਈ। ਇਸੇ ਤਰ੍ਹਾਂ ਲੱਖਾਂ ਵੱਖ-ਵੱਖ ਕਬੀਲਿਆਂ ਨੇ ਪਹਾੜ, ਪੱਥਰ, ਅੱਗ, ਦਰਿਆ, ਪਾਣੀ ਆਦਿ ਵੀ ਸੰਸਾਰ-ਕਰਤਾ ਮੰਨ ਲਏ।

ਇਹ ਵਿਚਾਰਧਾਰਾ ਮੁਢਲੇ ਮਜ਼ਹਬਾਂ ਵਿੱਚ ਨਵੇਂ ਰੂਪ ਵਿੱਚ ਆ ਗਈ ਭਾਰਤੀ ਵਿਚਾਰ-ਪ੍ਰੰਪਰਾ ਵਿੱਚ ਜਗਤ-ਰਚਨਾ ਸਬੰਧੀ ਅਧਿਆਤਮਵਾਦੀ ਜਾਂ ਆਤਮਵਾਦੀ (ਜਿਵੇਂ ਉਪਨਿਸ਼ਦ, ਸਮ੍ਰਿਤੀਆਂ ਆਦਿ) ਅਤੇ ਭੌਤਿਕਵਾਦੀ (ਜਿਵੇਂ ਬ੍ਰਹਿਸਪਤੀ ਤੇ ਭ੍ਰਿਗੂ ਆਦਿ ਰਿਸ਼ੀ ਜੋ ਪਦਾਰਥ ਨੂੰ ਪਰਮ ਸੱਚ ਮੰਨਦੇ ਨੇ) ਦੇ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕੀਤਾ ਗਿਆ। ਅਧਿਆਤਮਵਾਦੀ ਵਿਚਾਰਧਾਰਾ ਬ੍ਰਹਮ ਨੂੰ ਸੰਸਾਰ-ਰਚਨਾ-ਸ਼ਕਤੀ ਮੰਨਦੀ ਆਈ ਹੈ।

ਸ਼ਤਪਥ ਬ੍ਰਹਮਾ ਵਿੱਚ ਲਿਖਿਐ ਕਿ ਪ੍ਰਜਾਪਤੀ ਨੇ “ਭੂ” ਕਿਹਾ ਤਾਂ ਧਰਤੀ ਬਣੀ ਅਤੇ “ਭੁਵ” ਕਿਹਾ ਤਾਂ ਆਕਾਸ਼ ਬਣਿਆ। ਤੈਤਰੀਯ ਬ੍ਰਹਮਾ ਅਨੁਸਾਰ ਪ੍ਰਜਾਪਤੀ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਇੱਛਾ ਲਈ ਤਪ ਕੀਤਾ ਤਾਂ ਉਸਦੇ ਸੁਆਸ ਵਿੱਚ ਸ਼ਕਤੀ ਆ ਗਈ। ਇਸ ਤਰ੍ਹਾਂ ਉਸਨੇ ਆਪਣੇ ਸੁਆਸ ਨਾਲ ਅਸੁਰ (ਦੈਂਤਾਂ) ਪਿੱਤਰਾਂ, ਆਦਮੀਆਂ ਤੇ ਦੇਵਤਿਆਂ ਦੀ ਰਚਨਾ ਕੀਤੀ। ਸ਼ਤਪਥ ਬ੍ਰਾਹਮ ਅਨੁਸਾਰ ਪਹਿਲਾ ਪੁਰਖ (ਪਰਮ-ਆਤਮਾ) ਇਕੱਲਾ ਹੋਣ ਕਰਕੇ ਖੁਸ਼ ਨਹੀਂ ਸੀ ਤਾਂ ਉਸਨੇ ਸਾਥ ਦੀ ਇੱਛਾ ਕੀਤੀ ਤੇ ਆਪਣੇ ਆਪੇ ਨੂੰ ਦੋ ਭਾਗਾਂ ਵਿੱਚ ਵੰਡ ਲਿਆ ਜਿਨ੍ਹਾਂ ਵਿਚੋਂ ਪਤੀ-ਪਤਨੀ ਬਣੇ। “ਅਰਧ-ਨਾਰੀ-ਈਸ਼ਵਰਮ” ਦੀਆਂ ਮੂਰਤੀਆਂ ਪ੍ਰਮਾਤਮਾ ਦੇ ਇਸੇ ਰੂਪ ਨੂੰ ਦਰਸਾਉਂਦੀਆਂ ਹਨ। ਪਤਨੀ ਨੇ ਸੋਚਿਆ ਕਿ ਪਤੀ ਮੇਰੇ ਨਾਲੋਂ ਹੀ ਟੁੱਟਕੇ ਬਰਾਬਰ ਦਾ ਹੋ ਕੇ ਮੇਰੇ ਨਾਲ ਰਤੀ ਕ੍ਰਿਆ ਕਰਦੈ ਤਾਂ ਅਲੋਪ ਹੋ ਕੇ ਗਊ ਬਣ ਗਈ ਤਾਂ ਪਤੀ ਸਾਨ੍ਹ ਹੋ ਗਿਆ, ਉਹ ਘੋੜੀ ਹੋ ਗਈ ਤੇ ਉਹ ਘੋੜਾ, ਇੰਜ ਸੰਸਾਰ ਦਾ ਵਿਧਾਨ ਰਚਦਾ ਗਿਆ।

ਮੰਨੂ ਲਿਖਦੈ ਕਿ ਪ੍ਰਜਾਪਤੀ ਨੇ ਆਪਣੇ ਹੀ ਸਰੀਰ ‘ਚੋਂ ਕਈ ਜੀਵ ਉਤਪੰਨ ਕਰਨ ਦੀ ਇੱਛਾ ਕਰਕੇ ਪਹਿਲਾਂ ਜਲ ਪੈਦਾ ਕਰ ਉਸ ਵਿੱਚ ਬੀਜ ਸੁੱਟ ਦਿੱਤਾ। ਇਹ ਬੀਜ ਇੱਕ ਸੂਰਜ ਵਾਂਗ ਚਮਕਣ ਵਾਲੇ ਸਵਰਨ ਦਾ ਆਂਡਾ ਬਣ ਗਿਆ। ਇਸ ਵਿਚੋਂ ਆਪ ਹੀ ਜਗਤ-ਪਿਤਾ ਬ੍ਰਹਮ ਉਤਪੰਨ ਹੋਇਆ। ਬ੍ਰਹਮਾ ਇੱਕ ਸਾਲ ਆਂਡੇ ਦੇ ਅੰਦਰ ਰਹਿ ਕੇ ਆਪਣੇ ਆਪ ਹੀ ਦੋ ਭਾਗਾਂ ਵਿੱਚ ਹੋ ਗਿਆ (ਅਰਧ-ਨਾਰੀ-ਈਸ਼ਵਰਮ) ਜਿਸ ਤੋਂ ਸੰਸਾਰ ਦੀ ਰਚਨਾ ਹੋਈ। ਹਰੇਕ ਪੁਰਾਨ ਵਿੱਚ ਸੰਸਾਰ-ਰਚਨਾ ਬਾਰੇ ਵਰਨਣ ਮਿਲਦੇ ਨੇ ਭਾਵੇਂ ਇਹ ਆਪੋ ਵਿੱਚ ਮੇਲ ਨਹੀਂ ਖਾਂਦੇ। ਮਤੱਸਯ ਪੁਰਾਨ, ਹਰੀਵੰਸ਼ ਪੁਰਾਣ, ਵਿਸ਼ਣੂਪੁਰਾਣ ਆਦਿ ਇਸ ਸਬੰਧ ਵਿੱਚ ਵਰਨਣਯੋਗ ਹਨ। ਉਪਨਿਸ਼ਦਾਂ ਵਿੱਚ ਬ੍ਰਹਮ ਨੂੰ ਸ੍ਰਿਸ਼ਟੀ ਸਾਜਣ ਵਾਲਾ ਮੰਨਿਆ ਗਿਐ ਜਿਵੇਂ ਅਗਨੀ ਤੋਂ ਅਸੰਖ ਚਿੰਗਾਰੀਆਂ ਨਿਕਲਕੇ ਫਿਰ ਖ਼ਤਮ ਹੋ ਜਾਂਦੀਆਂ ਨੇ ਉਸੇ ਤਰ੍ਹਾਂ ਬ੍ਰਹਮ ਤੋਂ ਸਾਰਾ ਪਸਾਰਾ ਹੁੰਦੈ ਤੇ ਉਸੇ ‘ਚ ਸਮਾ ਜਾਂਦਾ ਹੈ। ਮੁੰਡਕ ਉਪਨਿਸ਼ਦ (੨੧੧) ਤੇ ਪ੍ਰਸਨ ਉਪਨਿਸ਼ਦ (੬/੪੭) ਵਿੱਚ ਜਗਤ-ਰਚਨਾ ‘ਤੇ ਪ੍ਰਕਾਸ਼ ਪਾਇਆ ਗਿਆ ਹੈ।

ਭਗਵਤ-ਗੀਤਾ ਪੁਰਸ਼ੋਤਮ ਸਿਧਾਂਤ ਸਾਂਖ ਯੋਗ, ਨਿਆਇ ਅਤੇ ਵੈਸ਼ੈਸ਼ਕ ਆਦਿ ਦਰਸ਼ਨ ਵਿਸਥਾਰ ਸਹਿਤ ਵਿਸ਼ਲੇਸ਼ਣ ਕਰਦੇ ਹਨ। ਈਸਾਈਆਂ ਦੀ ਬਾਈਬਲ ਵਿੱਚ ਇੱਕ ਪ੍ਰਸਿੱਧ ਕਥਾ ਜਿਸ ਅਨੁਸਾਰ ਰੱਬ ਨੇ ਆਦਮੀ ਨੂੰ ਮਿੱਟੀ ਨਾਲ ਬਣਾਇਆ ਜਿਸ ਦਾ ਨਾਂ ਆਦਮ ਸੀ। ਉਹ “ਸੁਰਗ ਦੇ ਬਾਗ਼” ਵਿੱਚ ਰਹਿਣ ਲੱਗਾ। ਉਸ ਲਈ ਪਹਿਲਾ ਔਰਤ (ਹਵਾ) ਬਣਾਈ। ਆਦਮ ਤੇ ਹਵਾ ਦੋਨਾਂ ਨੂੰ ਇੱਕ ਖਾਸ ਸੇਬ ਦਾ ਫਲ ਖਾਣ ਦੀ ਮਨਾਹੀ ਕੀਤੀ ਗਈ ਪਰ ਉਨ੍ਹਾਂ ਨੇ ਸ਼ੈਤਾਨ ਦੇ ਕਹੇ ਉਹ ਸੇਬ ਖਾ ਲਿਆ ਤੇ ਉਨ੍ਹਾਂ ਵਿੱਚ ਵਾਸ਼ਨਾ ਪੈਦਾ ਹੋ ਗਈ। ਇਸ ਕਰਕੇ ਰੱਬ ਨੇ ਆਦਮ ਤੇ ਹਵਾ ਨੂੰ ਸਰਵਗੀ-ਬਾਗ਼ ‘ਚੋਂ ਕੱਢ ਦਿੱਤਾ ਤਾਂ ਉਹ ਦੋਨੋਂ ਧਰਤੀ ਉਪਰ ਆ ਗਏ ਤੇ ਆਪਣਾ ਪ੍ਰਵਾਰਕ ਜੀਵਨ ਆਰੰਭਿਆ ਜਿਸ ਤੋਂ ਦੁਨੀਆਂ ਅੱਗੇ ਵਧੀ। ਬਾਈਬਲ ਅਨੁਸਾਰ ਹੀ ਈਸ਼ਵਰ-ਆਤਮਾ ਜਗ ਉੱਪਰ ਫੈਲਦੀ ਸੀ। ਉਸ ਨੇ ਆਖਿਆ “ਚਾਨਣਾ ਹੋਵੇ” ਤਾਂ ਪ੍ਰਕਾਸ਼ ਹੋ ਗਿਆ ਫੇਰ ਈਸ਼ਰ ਨੇ ਪਹਿਲੇ ਦਿਨ ਚਾਨਣ ਨੂੰ ਹਨੇਰੇ ਤੋਂ ਵੱਖ ਕਰਕੇ ਦਿਨ, ਦੂਜੇ ਦਿਨ ਆਕਾਸ਼, ਤੀਜੇ ਦਿਨ ਬਨਸਵਤੀ ਆਦਿ ਬਣਾਏ। ਹੌਲੀ-ਹੌਲੀ ਈਸਾਈ ਖੋਜੀਆਂ ਨੇ ਕਹਾਣੀਆਂ ਵਿਚੋਂ ਥਿਊਰੀਆਂ ਲੱਭ ਲਈਆਂ ਜਿਨ੍ਹਾਂ ‘ਚ “ਕਰੀਏਸ਼ਨ ਸਾਇੰਸ ਥਿਊਰੀ”, “ਨੇਚੁਰਲ ਐਵੋਲਿਊਸ਼ਨ ਥਿਊਰੀ”, “ਥੀਇਸਟਿਕ ਐਵੋਲਿਊਸ਼ਨ ਥਿਊਰੀ”, “ਬਾਈਬਲ ਦੀ ਪਰਲੈ ਥਿਊਰੀ” ਆਦਿ ਪ੍ਰਚਲਤ ਰਹੀਆਂ। ਇਨ੍ਹਾਂ ਥਿਊਰੀਆਂ ‘ਚ ਸਾਇੰਸਦਾਨਾਂ ਨੇ ਵੀ ਆਪਣਾ ਯੋਗਦਾਨ ਦਿੱਤਾ ਜਿਨ੍ਹਾਂ ਵਿੱਚ “ਬਿਗ-ਬੈਂਗ ਥਿਊਰੀ”, “ਸਟੀਡੀ ਸਟੇਟ-ਥਿਊਰੀ”, “ਪਲਸੇਟਿੰਗ-ਥਿਉਰੀ” ਆਦਿ ੨੦ਵੀਂ ਸਦੀ ਵਿੱਚ ਬਹੁਤ ਪ੍ਰਚਲਤ ਹੋਈਆਂ।

ਇਨ੍ਹਾਂ ਉਪ੍ਰੋਕਤ ਸਾਰੀਆਂ ਥਿਊਰੀਆਂ ਦੀ ਪੜਚੋਲ

ਕ੍ਰੀਏਸ਼ਨ ਸਾਇੰਸ ਥਿਊਰੀ (ਉਤਪਤੀ ਦੀ ਵਿਗਿਆਨ ਥਿਊਰੀ) ਆਰਕਾਂਸਾਸ (ਯੂ.ਐਸ.ਏ.) ਰਿਆਸਤ ਵਿੱਚ ਇੱਕ ਮੁਕੱਦਮੇ ਦੌਰਾਨ ਉਤਪਤੀ ਦੀ ਥਿਊਰੀ ਨੂੰ ਇੱਕ ਪ੍ਰੀਭਾਸ਼ਾ ਦੇ ਦਿੱਤੀ ਗਈ। ਉਤਪਤੀ ਵਿਗਿਆਨ ਦਾ ਭਾਵ ਉਤਪਤੀ ਸੰਬੰਧੀ ਵਿਗਿਆਨਕ ਗਵਾਹੀਆਂ ਦੇ ਆਧਾਰ ਤੇ ਕੱਢੇ ਗਏ ਨਤੀਜੇ (ਆਰਕਾਸਾਂਸ ਲਾਅ ਸੈਕਸ਼ਨ ੪-ਅ ਉਤਪਤੀ ਵਿਗਿਆਨ ਦੀਆਂ ਗਵਾਹੀਆਂ ਤੋਂ ਕੱਢੇ ਗਏ ਨਤੀਜੇ ਇਹ ਹਨ-

੧. ਸ਼ਕਤੀ, ਸ੍ਰਿਸ਼ਟੀ ਤੇ ਜੀਵਨ ਦੀ ਅਣਹੋਂਦ ਤੋਂ ਹੋਂਦ ਵਿੱਚ ਅਚਾਨਕ ਉਤਪਤੀ।

੨. ਇੱਕ ਜੀਵਾਣੂ ਤੋਂ ਸੰਸਾਰ ਤੇ ਸਾਰੇ ਜੀਵਾਂ ਦਾ ਕੁਦਰਤੀ ਚੋਣ ਰਾਹੀਂ ਫੈਲਾਅ ਕਰਨੋਂ ਅਸਮ-ਰੱਥ ਹੋਣਾ।

੩. ਮੁਢਲੀ ਉਪਜ ਤੋਂ ਪੈਦਾ ਹੋਏ ਪੌਦਿਆਂ ਤੇ ਜਾਨਵਰਾਂ ਤੋਂ ਬਦਲੀ ਦੀ ਸੰਭਾਵਨਾ ਕੁੱਝ ਹੱਦ ਤੱਕ ਹੀ ਹੈ।

੪. ਮਨੁੱਖਾਂ ਤੇ ਮਾਣਸਾਂ ਦੇ ਖਾਨਦਾਨੀ ਮੁੱਢ ਵੱਖੋ-ਵੱਖ ਹਨ।

੫. ਭੂ ਵਿਗਿਆਨ ਰਾਹੀਂ ਪਰਲੈ ਦੇ ਭੋਂ ਤੇ ਹੋਏ ਅਸਰ ਤੇ ਸਮੁੱਚੀ ਦੁਨੀਆਂ ਤੇ ਹੜ੍ਹ ਦੀ ਵਿਆਖਿਆ ਦੀ ਹੋਰ ਖੋਜ ਦੀ ਲੋੜ।

੬. ਨਵੀਆਂ ਖੋਜਾਂ ਤੇ ਲੱਭਤਾਂ ਅਨੁਸਾਰ ਧਰਤੀ ਜੀਵਾਂ ਦੀ ਉਤਪਤੀ ਦਾ ਦੁਬਾਰਾ ਮੁਲਾਂਕਣ। ਅੱਡ-ਅੱਡ ਗਰੁਪਾਂ ਦੇ ਉਤਪਤੀ ਵਿਗਿਆਨੀਆਂ ਨੇ ਮਿਲਕੇ ਇਨ੍ਹਾਂ ਨਤੀਜਿਆਂ ਦੀ ਡੂੰਘਾਈ ਨਾਲ ਖੋਜ ਅੱਗੇ ਵਧਾਈ। ਇਨ੍ਹਾਂ ਵਿਗਿਆਨੀਆਂ ਨੂੰ ਉਤਪਤੀ ਵਿਗਿਆਨਕਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਕੁਦਰਤੀ ਵਿਕਾਸ (ਨੇਚਰਲ ਐਵੋਲਿਊਸ਼ਨ)-ਕੁਦਰਤੀ ਵਿਕਾਸ ਦੀ ਥਿਊਰੀ ਮੁਤਾਬਕ ੧. ੪ ਅਰਬ (੧੪ ਬਿਲੀਅਨ) ਸਾਲ ਪਹਿਲਾਂ ਸੰਸਾਰ ਦੀ ਸ਼ੁਰੂਆਤ ਹੋਈ ਜਿਸ&;‘ਚੋਂ ਧਰਤੀ ਦੀ ਹੋਂਦ ੪. ੫ ਬਿਲੀਅਨ (੪੫ ਕਰੋੜ) ਸਾਲ ਪਹਿਲਾਂ ਹੋਈ। ਜ਼ਿੰਦਗੀ ਦੀ ਸ਼ੁਰੂਆਤ ਚਟਾਨਾਂ ਵਿਚਲੇ ਬੈਕਟੀਰੀਆ ਰਾਹੀਂ ਹੋਈ ਤੇ ਲਗਾਤਾਰ ਵਿਕਾਸ ਹੁੰਦਾ ਗਿਆ। ਵਿਕਾਸ ਦੀ ਪ੍ਰਕਿਰਿਆ ਕੁਦਰਤੀ ਸ਼ਕਤੀਆਂ ਨਾਲ ਵਧਦੀ ਗਈ, ਜਿਸ ਲਈ ਕਿਸੇ ਰੱਬ, ਦੇਵੀ-ਦੇਵਤਿਆਂ ਆਦਿ ਦੀ ਲੋੜ ਨਹੀਂ ਸੀ।

ਕਈ ਲੋਕ ਇਸ ਵਿਚਾਰਧਾਰਾ ਨੂੰ “ਰਬ ਤੋਂ ਮੁਨਕਰ” ਮੰਨਦੇ ਤੇ ਕੁੱਝ ਵਿਚਾਰਕ ਇਸ ਸਭ ਪ੍ਰਕਿਰਿਆ ਪਿੱਛੇ ਈਸ਼ਰ ਦਾ ਹੱਥ ਮੰਨਦੇ ਹਨ। ਇਨ੍ਹਾਂ ਵਿਚਾਰਧਾਰਕਾਂ ਨੂੰ ਥੀਇਸਟਿਕ ਐਵੋਲਿਊਸ਼ਨ ਗਰੁਪ ਜਾਂ (ਰੱਬ ਵਿਸ਼ਵਾਸੀ ਵਿਕਾਸ ਗਰੁਪ) ਵੀ ਕਿਹਾ ਜਾਂਦਾ ਹੈ।

ਬਾਈਬਲ ਦੀ ਪਰਲੈ (ਸਰਵ-ਵਿਨਾਸ਼ੀ) ਥਿਊਰੀ ਵਿੱਚ ਯਕੀਨ ਰੱਖਣ ਵਾਲੇ ਜੋ ਵੀ ਭੂਗੋਲਿਕ ਬਣਾਵਟਾਂ ਅੱਜ ਕੱਲ੍ਹ ਵੇਖਦੇ ਹਾਂ ਉਹ ਨਾਉਚੀਅਨ ਹੜ੍ਹ ਨਾਲ ਬਣੀਆਂ ਮੰਨਦੇ ਹਨ ਹਨ। “ਹੜ੍ਹ ਨੇ ਧਰਤੀ ਉਤੇ ਬੇਹੱਦ ਤਬਦੀਲੀਆਂ ਲਿਆਂਦੀਆਂ ਜਿਨ੍ਹਾਂ ਵਿੱਚ ਵੱਡੇ ਪਰਬਤ, ਜਵਾਲਾਮੁਖੀ ਤੇ ਵੱਖ-ਵੱਖ ਤਰ੍ਹਾਂ ਦੀਆਂ ਚਟਾਨਾਂ ਸ਼ਾਮਿਲ ਹਨ। ਕੁਝ ਵਿਚਾਰਕ ਸਾਰੇ ਜੀਵਾਂ ਜਾਨਵਰਾਂ ਨੂੰ “ਨੋਆਹ ਆਰਕ” ਦੇ ਵਾਸੀਆਂ ਤੇ ਉਨ੍ਹਾਂ ਦੇ ਪ੍ਰਵਾਰਾਂ ਤੇ ਪਾਲਤੂ ਪਸ਼ੂਆਂ ਦੇ ਵੰਸ਼ ਮੰਨਦੇ ਨੇ ਜੋ ਧਰਤੀ ਤੇ ਫੈਲਦੇ ਗਏ। ਉਤਪਤੀ ਵਿਗਿਆਨੀ ਧਰਤੀ ਦਾ ਜਨਮ ੧੦,੦੦੦ ਸਾਲ ਪਹਿਲਾਂ ਹੋਇਆ ਮੰਨਦੇ ਹਨ।

### ਅਜੋਕੇ ਸਾਇੰਸਦਾਨਾਂ ਦੀ ਵਿਚਾਰਧਾਰਾ

ਬਿਗ ਬੈਂਗ ਥਿਊਰੀ-ਲੀ ਮਾਇਤਰ ਤੇ ਮੈਮੋ ਨਾਮ ਦੇ ਸਾਇੰਸਦਾਨਾਂ ਦੀ ਹੈ। ਇਸ ਵਿਚਾਰਧਾਰਾ ਅਨੁਸਾਰ ਸਾਰੇ ਵਿਸ਼ਵ ਦੇ ਤੱਤ ਪਹਿਲਾਂ ਇੱਕ ਅਤਿਅੰਤ ਸੰਘਣੀ ਤੇ ਗਰਮ ਅਗਨ ਗੇਂਦ ਵਿੱਚ ਸਥਿਤ ਸਨ। ਤਕਰੀਬਨ ੨੦ ਬਿਲੀਅਨ (ਦੋ ਅਰਬ) ਵਰ੍ਹੇ ਪਹਿਲਾਂ ਇੱਕ ਵਿਸ਼ਾਲ ਧਮਾਕਾ ਹੋਇਆ ਜਿਸ ਨਾਲ ਇਹ ਸੰਘਣੀ ਗਰਮ ਅਗਨ-ਗੇਂਦ ਬੜੀ ਰਫ਼ਤਾਰ ਨਾਲ ਹਰ ਦਿਸ਼ਾ ਵਿੱਚ ਫੈਲ ਗਈ ਜਿਸ ‘ਚੋਂ ਸਿਤਾਰੇ ਤੇ ਆਕਾਸ਼ ਗੰਗਾ ਬਣੀਆਂ ਜੋ ਅਜੇ ਵੀ ਬਾਹਰ ਵੱਲ ਵਧਦੀਆਂ ਸਾਡੀਆਂ ਨਜ਼ਰਾਂ ਤੋਂ ਅਦ੍ਰਿਸ਼ ਹੋਈ ਜਾ ਰਹੀਆਂ ਹਨ।

ਸਟੀਡੀ ਸਟੇਟ-ਥਿਊਰੀ-(ਸਮਤੋਲਵੀਂ ਸਥਿਤੀ ਵਿਚਾਰਧਾਰਾ) ਇਹ ਵਿਚਾਰਧਾਰਾ ਬੌਂਡੀ, ਗੋਲਡ ਅਤੇ ਫਰੈਡ ਹਾਇਲ ਦੀ ਹੈ। ਜਿਸ ਅਨੁਸਾਰ ਜਗਤ ਦੀ ਉਮਰ ਅਣਗਿਣਤ ਵਰ੍ਹਿਆਂ ਦੀ ਤੇ ਇਹ ਬ੍ਰਹਿਮੰਡੀ ਕਾਨੂੰਨਾਂ ਦੀ ਨਿਯਮਿਤ ਪਾਲਣਾ ਕਰਦੀ ਤੇ ਸਮੇਂ ਤੇ ਸਥਾਨ ਤੋਂ ਅਪ੍ਰਭਾਵਿਤ ਇਹ ਸਭ ਤੋਂ ਇਕੋ ਜਿਹੀ ਲਗਦੀ ਹੈ। (ਐਨਸਾਈਕਲੋਪੀਡੀਆ ਬ੍ਰਿਟੈਨਿਕਾ ਭਾਗ ੮, ਸਫਾ ੧੦੦੭)।

ਆਕਾਸ਼ ਗੰਗਾਵਾਂ ਖਾਲੀ ਸਥਾਨ ਤੋਂ ਲਗਾਤਾਰ ਉਪਜਦੀਆਂ ਰਹਿੰਦੀਆਂ ਨੇ ਜੋ ਬ੍ਰਹਿਮੰਡ ਦੇ ਖਿੱਤੇ ਵਿਚੋਂ ਨਜ਼ਰੋਂ ਬਾਹਰ ਜਾਂਦੀਆਂ ਆਕਾਸ਼ ਗੰਗਾ ਦਾ ਸਥਾਨ ਲੈਂਦੀਆਂ ਰਹਿੰਦੀਆਂ ਹਨ। ਨਤੀਜੇ ਵਜੋਂ ਸਮੁੱਚਾ ਘੇਰਾ ਤੇ ਸਥਾਨ ਬਰਾਬਰ ਰਹਿੰਦੈ ਤੇ ਸੰਸਾਰ ਸਮਤੋਲ ਅਵਸਥਾ ਬਰਕਰਾਰ ਰਹਿੰਦੀ ਹੈ। ਇਸ ਅਨੁਸਾਰ ਭੂਤ, ਵਰਤਮਾਨ ਤੇ ਭਵਿੱਖ ਵਿੱਚ ਅੰਤਰ ਨਹੀਂ ਕੀਤਾ ਜਾ ਸਕਦਾ ਤੇ ਅਕਾਸ਼ ਗੰਗਾਵਾਂ ਵਿਚਲਾ ਫਾਸਲਾ ਵਧਦਾ-ਘਟਦਾ ਨਹੀਂ। ਰੇਡਿਆਈ ਤਰੰਗਾਂ ਨਾਲ ਨਾਪਣ ਪਿੱਛੋਂ ਇਸ ਥਿਊਰੀ ਦੀ ਧਾਰਨਾ ਗਲਤ ਸਿੱਧ ਹੋਈ ਹੈ (ਐਨਸਾਕਲੋਪੀਡੀਆ ਬਰਿਟੇਨਿਕਾ ਭਾਗ ੧੮ ਸਫਾ ੧੦੦੭) ਗਲਤ ਧਾਰਨਾਵਾਂ ਦੇ ਆਧਾਰ ਤੇ ਸ੍ਰਿਸ਼ਟੀ ਨੂੰ ਲਗਾਤਾਰ ਫੈਲਦੇ ਮੰਨ ਲੈਣਾ ਠੀਕ ਨਹੀਂ (ਐਨਸਾਈਕਲੋਪੀਡੀਆ ਆਫ ਫਿਜ਼ਿਕਸ, ਸਫਾ ੧੪੨) ਇਹ ਤਾਂ ਹੀ ਹੋ ਸਕਦੀ ਹੈ ਜੇ ਸ੍ਰਿਸ਼ਟੀ ਆਪਣੇ ਆਪੇ ਤੋਂ ਉਪਜੀ ਹੋਵੇ ਤੇ ਜਿਸ ਦੀਆਂ ਨਾਂ ਹੱਦਾਂ ਹੋਣ ਤੇ ਨਾ ਸਮੇਂ ਦਾ ਬੰਧਨ ਹੋਵੇ।

ਪਲਸੇਟਿੰਗ ਥਿਊਰੀ (ਧੜਕਣ ਵਿਚਾਰਧਾਰਾ)-ਇਸ ਵਿਚਾਰਧਾਰਾ ਅਨੁਸਾਰ ਬ੍ਰਹਿਮੰਡ ਵਾਰੀ ਵਾਰੀ ਫੈਲਦਾ ਤੇ ਸੁੰਗੜਦਾ ਭਾਵ ਧੜਕਣਾਂ ਵਾਂਗੂ ਵਧਦਾ ਘਟਦਾ ਰਹਿੰਦਾ ਹੈ। ਇਸ ਸਮੇਂ ਵਿਚਾਰਧਾਰਾ ਅਨੁਸਾਰ ਹੋ ਸਕਦੈ ਕਿ ਕਿਸੇ ਖਾਸ ਸਮੇਂ ਬ੍ਰਹਿਮੰਡ ਦੇ ਫੈਲਾਅ (ਗ੍ਰੈਵੀਟੇਸ਼ਨਲ ਖਿਚਾਅ) ਨਾਲ ਰੁਕ ਜਾਵੇ ਤੇ ਬ੍ਰਹਿਮੰਡ ਫਿਰ ਸੁੰਗੜਣ ਲਗ ਜਾਵੇ। ਇੱਕ ਹੱਦ ਤੱਕ ਸੁੰਗੜਣ ਮਗਰੋਂ ਇੱਕ ਵੱਡਾ ਧਮਾਕਾ ਫਿਰ ਹੋਵੇ ਤੇ ਬ੍ਰਹਿਮੰਡ ਫੈਲਣ ਲੱਗ ਜਾਵੇ। ਇਸ ਵਾਰੀ-ਵਾਰੀ ਦੇ ਫੈਲਣ ਤੇ ਸੁੰਗੜਣ ਕਰਕੇ ਇਹ ਬ੍ਰਹਿਮੰਡ ਧੜਕਦਾ ਜਾਪੇਗਾ। ਇਸ ਵਿਚਾਰਧਾਰਾ ਨੂੰ ਵਿਗਿਆਨਕ ਤੌਰ ਤੇ ਕਿਵੇਂ ਜਾਂਚਿਆ ਜਾਵੇ? ਬ੍ਰਹਿਮੰਡ ਏਨਾ ਵਿਸ਼ਾਲ ਹੈ ਕਿ ਇਸਦੇ ਵਧਣ-ਘਟਣ ਨੂੰ ਮਾਪਿਆ ਨਹੀਂ ਜਾ ਸਕਦਾ। ਇਸ ਦੇ ਸੈਂਪਲ ਵੀ ਨਹੀਂ ਲਏ ਜਾ ਸਕਦੇ ਕਿਉਂਕਿ ਬ੍ਰਹਿਮੰਡ ਵਿੱਚ ਕੋਈ ਵੀ ਚੀਜ਼ ਇਕੋ ਜਿਹੀ ਨਹੀਂ ਤੇ ਸਾਨੂੰ ਇਹੋ ਜਿਹੇ ਸੈਂਪਲ ਮਿਲ ਹੀ ਨਹੀਂ ਸਕਦੇ ਜੋ ਸਾਰੇ ਬ੍ਰਹਿਮੰਡ ਦੀ ਪ੍ਰਤੀਨਿਧਤਾ ਕਰ ਸਕਣ। ਬ੍ਰਹਿਮੰਡ ਦਾ ਲਗਾਤਾਰ ਬਦਲੀ ਦਾ ਸੁਭਾਅ ਕਿਸੇ ਵੀ ਸੈਂਪਲ ਨੂੰ ਉਸਦੇ ਵਿਸ਼ਾਲ ਰੂਪ ਦਾ ਪ੍ਰਤੀਨਿਧ ਨਹੀਂ ਬਣਾ ਸਕਦਾ। ਇਸ ਕਰਕੇ ਇਹ ਧੜਕਣ ਵਿਚਾਰਧਾਰਾ ਦੀ ਹੋਂਦ ਦਾ ਸਭ ਤੋਂ ਵੱਡਾ ਦੋਸ਼ ਹੈ ਕਿ ਇਹ ਇੱਕ ਇਹੋ ਜਿਹੀ ਵਿਚਾਰਧਾਰਾ ਏ ਜੋ ਕਦੇ ਵੀ ਪਰਖੀ ਨਹੀਂ ਜਾ ਸਕਦੀ ਤੇ ਬਿਨਾਂ ਪਰਖਣ ਦੇ ਇਸ ਵਿਚਾਰਧਾਰਾ ਨੂੰ ਵਿਗਿਆਨਕ ਤੱਕੜੀ ਤੇ ਤੋਲਿਆ ਨਹੀਂ ਜਾ ਸਕਦਾ।

ਜੈਨ-ਮਤ ਅਨੁਸਾਰ ਦ੍ਰਵਯ-ਸੰਜੋਗ ਤੋਂ ਸੰਸਾਰ ਦੀ ਉਤਪਤੀ ਹੁੰਦੀ ਹੈ। ਇਹ ਨਿੱਤ ਅਤੇ ਅਨਿੱਤ ਦੋਹਾਂ ਤਰ੍ਹਾਂ ਦੀ ਹੁੰਦੀ ਹੈ। ਬੁੱਧ-ਮਤ ਵਾਲੇ ਜਗਤ ਨੂੰ ਸੁਤੰਤਰ ਸੱਤਾ ਸਮਝਦੇ ਹੋਇਆਂ ਵੀ ਇਸ ਨੂੰ ਪ੍ਰਵਰਤਨਸ਼ੀਲ ਮੰਨਦੇ ਹਨ। ਪ੍ਰਮਾਤਮਾ ਵਿੱਚ ਵਿਸ਼ਵਾਸ ਨਾ ਰੱਖਣ ਕਾਰਨ ਇਨ੍ਹਾਂ ਦੋਹਾਂ ਮੱਤਾਂ ਅਨੁਸਾਰ ਪ੍ਰਮਾਤਮਾ ਤੋਂ ਜਗਤ ਦੀ ਉਤਪਤੀ ਮੰਨਣ ਦਾ

(ਬਾਕੀ ਸਫਾ 31 ‘ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਸਾਬਕਾ ਸੈਨੇਟਰ ਮਾਈਕ ਗ੍ਰੈਵਲ ਦਾ 91 ਸਾਲ ਦੀ ਉਮਰ 'ਚ ਹੋਇਆ ਦੇਹਾਂਤ

**ਫਰਿਜ਼ਨੋ (ਕੈਲੀਫੋਰਨੀਆ), 28 ਜਨ 2021-** ਅਮਰੀਕਾ ਦੇ ਸਾਬਕਾ ਸੈਨੇਟਰ ਮਾਈਕ ਗ੍ਰੈਵਲ ,ਅਲਾਸਕਾ ਦੇ ਇੱਕ ਡੈਮੋਕਰੇਟ, ਜਿਸ ਨੇ ਪੈਂਟਾਗਨ ਪੇਪਰਾਂ ਨੂੰ ਕਾਂਗਰਸ ਦੇ ਰਿਕਾਰਡ ਵਿੱਚ ਪੜ੍ਹਿਆ ਅਤੇ ਰਾਸ਼ਟਰਪਤੀ ਪਦ ਲਈ ਅਸਫਲ ਕੋਸ਼ਿਸ਼ ਕੀਤੀ ਸੀ , ਦੀ ਉਮਰ 91 ਸਾਲ ਦੀ ਉਮਰ ਵਿਚ ਮੌਤ ਹੋ ਗਈ ਹੈ। ਗ੍ਰੈਵਲ ਦੀ ਧੀ, ਲੀਨ ਮੋਸੀਅਰ ਨੇ ਐਤਵਾਰ ਨੂੰ ਉਸਦੀ ਮੌਤ ਦੀ ਪੁਸ਼ਟੀ ਕੀਤੀ। 13 ਮਈ, 1930 ਨੂੰ ਸਪ੍ਰਿੰਗਫੀਲਡ, ਮੈਸੇਚਿਉਸੇਟਸ ਵਿੱਚ ਪੈਦਾ ਹੋਏ, ਗ੍ਰੈਵਲ ਨੇ ਅਮਰੀਕੀ ਫੌਜ ਵਿੱਚ ਕਮਿਊਨੀਕੇਸ਼ਨ ਇੰਟੈਲੀਜੈਂਸ ਸਰਵਿਸ 'ਚ ਸਹਾਇਕ ਵਜੋਂ ਕੰਮ ਕੀਤਾ ਅਤੇ 1951 ਤੋਂ 1954 ਤੱਕ ਫਰਾਂਸ ਵਿੱਚ ਕਾਊਂਟਰ ਇੰਟੈਲੀਜੈਂਸ ਕੋਰ ਵਿੱਚ ਵੀ ਵਿਸ਼ੇਸ਼ ਏਜੰਟ ਵਜੋਂ ਕੰਮ ਕੀਤਾ। ਮਿਲਟਰੀ ਵਿੱਚ ਸੇਵਾਵਾਂ ਤੋਂ ਬਾਅਦ ਗ੍ਰੈਵਲ ਨੇ 1956 ਵਿੱਚ ਕੋਲੰਬੀਆ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਵਿੱਚ ਡਿਗਰੀ ਹਾਸਲ ਕੀਤੀ। ਉਸਨੇ



1963 ਤੋਂ 1966 ਤੱਕ ਅਲਾਸਕਾ ਹਾਊਸ ਆਫ਼ ਰਿਪ੍ਰੈਜ਼ੇਂਟੇਟਿਵਜ਼ ਵਿੱਚ ਸੇਵਾ ਕੀਤੀ ਜਿਥੇ ਉਹ 1965 ਵਿੱਚ ਸਟੇਟ ਹਾਊਸ ਸਪੀਕਰ ਚੁਣੇ ਗਏ। ਗ੍ਰੈਵਲ 1968 ਵਿੱਚ ਕਾਂਗਰਸ ਲਈ ਚੁਣੇ ਗਏ, ਜਿਥੇ 1969 ਤੋਂ 1981 ਤੱਕ ਸੈਨੇਟਰ ਵਜੋਂ ਸੇਵਾ ਨਿਭਾਈ। 1971 ਵਿੱਚ, ਗ੍ਰੈਵਲ ਨੇ ਪੈਂਟਾਗਨ ਪੇਪਰਾਂ ਦੇ ਕੁੱਝ ਹਿੱਸੇ, ਜੋ ਕਿ ਵੀਅਤਨਾਮ ਯੁੱਧ ਬਾਰੇ ਗੁਪਤ ਜਾਣਕਾਰੀ ਸਬੰਧੀ ਸਨ, ਨੂੰ ਜੰਗ ਖ਼ਤਮ ਕਰਨ ਦੀ ਕੋਸ਼ਿਸ਼ ਵਿੱਚ ਕਾਂਗਰਸ ਦੇ ਰਿਕਾਰਡ ਵਿੱਚ ਪੜ੍ਹਨ ਤੋਂ ਬਾਅਦ ਦੇਸ਼ ਵਿਆਪੀ ਧਿਆਨ ਖਿੱਚਿਆ। ਗ੍ਰੈਵਲ ਨੇ 2006 ਵਿੱਚ ਡੈਮੋਕਰੇਟ ਵਜੋਂ ਰਾਸ਼ਟਰਪਤੀ ਦੇ ਅਹੁਦੇ ਲਈ ਅਸਫਲ ਕੋਸ਼ਿਸ਼ ਕੀਤੀ । ਗ੍ਰੈਵਲ ਡੈਮੋਕਰੇਸੀ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਚੇਅਰਮੈਨ ਵੀ ਸਨ। ਮਾਈਕ ਗ੍ਰੈਵਲ ਕੈਲੀਫੋਰਨੀਆ ਦੇ ਸੀਸਾਈਡ ਵਿਖੇ ਆਪਣੇ ਘਰ ਵਿੱਚ ਪਰਿਵਾਰ ਨਾਲ ਰਹਿੰਦੇ ਸਨ।

# ਨਿਊਯਾਰਕ ਦੇ ਟਾਈਮਜ਼ ਸਕੁਏਰ ਵਿੱਚ ਹੋਈ ਗੋਲੀਬਾਰੀ , ਇੱਕ ਵਿਅਕਤੀ ਹੋਇਆ ਜਖਮੀ

**ਫਰਿਜ਼ਨੋ (ਕੈਲੀਫੋਰਨੀਆ), 28 ਜਨ 2021-** ਨਿਊਯਾਰਕ ਦੇ ਟਾਈਮਜ਼ ਸਕੁਏਰ ਵਿੱਚ ਐਤਵਾਰ ਸ਼ਾਮ ਨੂੰ ਗੋਲੀ ਚੱਲਣ ਦੀ ਘਟਨਾ ਵਾਪਰੀ ਹੈ। ਇਸ ਗੋਲੀਬਾਰੀ ਕਰਕੇ ਇੱਕ 21 ਸਾਲਾਂ ਵਿਅਕਤੀ ਜਖਮੀ ਹੋਇਆ ਹੈ, ਜਿਸਨੂੰ ਬੈਲਵੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਨਿਊਯਾਰਕ ਦੇ ਇਸ ਪ੍ਰਸਿੱਧ ਸਥਾਨ 'ਤੇ ਹੋਈ ਗੋਲੀਬਾਰੀ ਦੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਸ਼ਾਮ 5 ਵਜੇ ਤੋਂ ਬਾਅਦ ਸੱਤਵੇਂ ਐਵੀਨਿਊ ਅਤੇ 46 ਵੀਂ ਸਟ੍ਰੀਟ ਨੇੜੇ ਹੋਈ। ਇਸ ਵਿੱਚ ਜਖਮੀ ਹੋਇਆ ਵਿਅਕਤੀ ਗੋਲੀਬਾਰੀ ਦਾ ਨਿਸ਼ਾਨਾ ਨਹੀਂ ਸੀ। ਇਸ ਖੇਤਰ ਵਿੱਚ ਛੇ ਆਦਮੀਆਂ ਵਿਚਕਾਰ



ਕਿਸੇ ਗੱਲੋਂ ਝਗੜਾ ਹੋਇਆ, ਉਨ੍ਹਾਂ ਵਿੱਚੋਂ ਇੱਕ ਨੇ ਬੰਦੂਕ ਕੱਢੀ ਅਤੇ ਕਈ ਗੋਲੀਆਂ ਚਲਾਈਆਂ। ਇੱਕ ਗੋਲੀ ਇਸ ਪੀੜਤ ਲੜਕੇ ਨੂੰ ਲੱਗੀ, ਜਿਹੜਾ ਕਿ ਆਪਣੇ ਪਰਿਵਾਰ ਨਾਲ ਜਾ ਰਿਹਾ ਸੀ। ਇਸ ਗੋਲੀਬਾਰੀ ਤੋਂ ਤਕਰੀਬਨ ਇੱਕ ਮਹੀਨੇ ਪਹਿਲਾਂ ਵੀ ਟਾਈਮਜ਼ ਸਕੁਏਰ ਵਿੱਚ ਗੋਲੀਬਾਰੀ ਹੋਈ ਸੀ, ਜਿਸ ਵਿੱਚ ਇੱਕ 4 ਸਾਲਾਂ ਲੜਕੀ ਅਤੇ ਦੋ ਔਰਤਾਂ ਨੂੰ ਗੋਲੀ ਮਾਰ ਦਿੱਤੀ ਗਈ ਸੀ। ਨਿਊਯਾਰਕ ਸਿਟੀ ਵਿੱਚ ਪਿਛਲੇ ਸਾਲ ਨਾਲੋਂ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ।

ਅੰਕੜਿਆਂ ਅਨੁਸਾਰ 20 ਜੂਨ ਤੱਕ, ਨਿਊਯਾਰਕ ਸਿਟੀ ਵਿੱਚ 680 ਗੋਲੀਬਾਰੀ ਦੀਆਂ ਘਟਨਾਵਾਂ ਵਿੱਚ 777 ਵਿਅਕਤੀਆਂ ਨੂੰ ਗੋਲੀ ਮਾਰੀ ਗਈ ਹੈ। ਪੁਲਿਸ ਵਿਭਾਗ ਦੇ ਅਨੁਸਾਰ, ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾਬਲੇ, ਪੀੜਤ ਲੋਕਾਂ ਦੀ ਸੰਖਿਆ ਵਿੱਚ 48% ਅਤੇ ਗੋਲੀਬਾਰੀ ਵਿੱਚ 53% ਵਾਧਾ ਹੋਇਆ ਹੈ।

# ਅਮਰੀਕਾ ਦੇ ਨਾਰਥ ਵੈਸਟ ਖੇਤਰਾਂ ਵਿੱਚ ਪੈ ਰਹੀ ਹੈ, ਰਿਕਾਰਡ ਤੋੜ ਗਰਮੀ

**ਫਰਿਜ਼ਨੋ (ਕੈਲੀਫੋਰਨੀਆ), 28 ਜਨ 2021-** ਅਮਰੀਕਾ ਦੇ ਨਾਰਥ ਵੈਸਟ ਖੇਤਰਾਂ ਵਿੱਚ ਲੋਕ ਰਿਕਾਰਡ ਤੋੜ ਗਰਮੀ ਦਾ ਸਾਹਮਣਾ ਕਰ ਰਹੇ ਹਨ। ਰਾਸ਼ਟਰੀ ਮੌਸਮ ਸਰਵਿਸ ਵੱਲੋਂ ਇਹਨਾਂ ਇਲਾਕਿਆਂ ਵਿੱਚ ਪੈ ਰਹੀ ਗਰਮੀ ਦਾ ਇਤਿਹਾਸਕ ਗਰਮੀ ਦੀ ਲਹਿਰ ਵਜੋਂ ਵਰਣਨ ਕੀਤਾ ਹੈ। ਮੌਸਮ ਵਿਭਾਗ ਅਨੁਸਾਰ ਪੋਰਟਲੈਂਡ (ਓਰੇਗਨ) ਵਿੱਚ ਤਾਪਮਾਨ ਐਤਵਾਰ ਨੂੰ 112 ਡਿਗਰੀ ਫਾਰਨਹੀਟ (44.4 ਡਿਗਰੀ ਸੈਲ-ਸੀਅਸ) ਦਰਜ ਕੀਤਾ ਗਿਆ, ਜਿਸ ਨੇ ਇੱਕ ਦਿਨ ਪਹਿਲਾਂ ਸਥਾਪਤ ਕੀਤੇ ਗਏ 108 ਐੱਫ (42.2 ਸੀ ) ਦੇ ਤਾਪਮਾਨ ਰਿਕਾਰਡ ਨੂੰ ਤੋੜ ਦਿੱਤਾ। ਯੂਜੀਨ, ਓਰੇਗਨ ਵਿੱਚ, ਓਲੰਪਿਕ ਲਈ ਅਮਰੀਕਾ ਦੇ ਟਰੈਕ ਐਂਡ ਫੀਲਡ ਟਰਾਇਲ ਨੂੰ ਐਤਵਾਰ ਦੁਪਹਿਰ ਨੂੰ ਰੋਕ ਦਿੱਤਾ ਗਿਆ ਅਤੇ ਪ੍ਰਸ਼ੰਸਕਾਂ ਨੂੰ ਬਹੁਤ ਗਰਮੀ ਕਾਰਨ ਸਟੇਡੀਅਮ ਨੂੰ ਖਾਲੀ ਕਰਨ ਲਈ ਕਿਹਾ ਗਿਆ, ਕਿਉਂਕਿ ਤਾਪਮਾਨ 110 ਐੱਫ (43.3 ਸੀ) ਤੱਕ ਪਹੁੰਚ ਗਿਆ ਸੀ। ਓਰੇਗਨ ਦੀ ਰਾਜਧਾਨੀ ਸਲੇਮ ਨੇ ਵੀ ਐਤਵਾਰ ਨੂੰ ਆਪਣੇ ਇਤਿਹਾਸ ਦਾ ਸਭ ਤੋਂ ਉੱਚਾ ਤਾਪਮਾਨ ਦਰਜ ਕੀਤਾ ਜੋ ਕਿ 112 ਐੱਫ (44.4 ਸੀ) ਸੀ। ਸਿਆਟਲ ਵਿਚ ਤਾਪਮਾਨ



104 ਐੱਫ (40 ਸੀ) ਰਿਹਾ। ਕਈ ਇਲਾਕਿਆਂ ਵਿੱਚ ਜਿਆਦਾ ਗਰਮੀ ਦੇ ਨਾਲ ਲੋਕਾਂ ਨੂੰ ਬਿਜਲੀ ਕੱਟਾਂ ਦਾ ਵੀ ਸਾਹਮਣਾ ਕਰਨਾ ਪਿਆ। ਪੋਰਟਲੈਂਡ ਜਨਰਲ ਇਲੈਕਟ੍ਰਿਕ ਨੇ ਦੱਸਿਆ ਕਿ ਐਤਵਾਰ ਦੁਪਹਿਰ ਨੂੰ ਗਰੇਟਰ ਪੋਰਟਲੈਂਡ ਖੇਤਰ ਵਿੱਚ ਲੱਗਭਗ 3,000 ਲੋਕ ਬਿਜਲੀ ਤੋਂ ਵਾਂਝੇ ਰਹੇ ਅਤੇ ਪਯੂਟ ਸਾਊਂਡ ਐਨਰਜੀ ਅਨੁਸਾਰ ਸਿਆਟਲ ਖੇਤਰ ਵਿੱਚ 3,400 ਗ੍ਰਾਹਕਾਂ ਨੇ ਬਿਜਲੀ ਕੱਟ ਦਾ ਸਾਹਮਣਾ ਕੀਤਾ। ਜਿਆਦਾ ਪੈ ਰਹੀ ਗਰਮੀ ਕਾਰਨ ਟੀਕਾਕਰਨ ਅਤੇ ਟੈਸਟਿੰਗ ਪ੍ਰਕਿਰਿਆ ਵੀ ਪ੍ਰਭਾਵਿਤ ਹੋ ਰਹੀ ਹੈ। ਕਿੰਗ ਕਾਊਂਟੀ ਨੇ ਗਰਮੀ ਦੇ ਕਾਰਨ ਕਈ ਕੋਵਿਡ -19 ਟੈਸਟਿੰਗ ਸਾਈਟਾਂ ਨੂੰ ਬੰਦ ਕਰ ਦਿੱਤਾ। ਸਿਆਟਲ ਵਿੱਚ ਐਤਵਾਰ ਨੂੰ ਵਾਧੂ ਪਬਲਿਕ ਲਾਇਬ੍ਰੇਰੀ ਬ੍ਰਾਂਚਾਂ ਖੋਲ੍ਹੀਆਂ, ਅਤੇ ਸੋਮਵਾਰ ਨੂੰ ਫਿਰ ਤੋਂ ਹੋਰ ਕੂਲਿੰਗ ਸੈਂਟਰ ਮੁਹੱਈਆ ਕਰਵਾਏ ਜਾਣਗੇ।

ਗਰਮੀ ਦੀ ਲਹਿਰ ਇਡਾਹੋ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ, ਜਿਥੇ ਬੋਇਸ ਵਿੱਚ ਸੋਮਵਾਰ ਤੋਂ 100 ਐੱਫ (38 ਡਿਗਰੀ ਸੈਲਸੀਅਸ) ਤੋਂ ਉੱਪਰ ਦਾ ਤਾਪਮਾਨ ਰਹਿਣ ਦਾ ਅਨੁਮਾਨ ਹੈ। ਪ੍ਰਸ਼ਾਸਨ ਦੁਆਰਾ ਲੋਕਾਂ ਨੂੰ ਗਰਮੀ ਤੋਂ ਬਚਣ ਲਈ ਜਿਆਦਾ ਬਾਹਰੀ ਗਤੀਵਿਧੀਆਂ ਨਾ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ।

# ਇਜ਼ਰਾਈਲ ਅਤੇ ਮੈਕਸੀਕੋ ਤੋਂ ਬਚਾਅ ਟੀਮਾਂ ਪਹੁੰਚੀਆਂ ਫਲੋਰਿਡਾ

**ਫਰਿਜ਼ਨੋ (ਕੈਲੀਫੋਰਨੀਆ), 28 ਜਨ 2021-** ਫਲੋਰਿਡਾ ਦੇ ਮਿਆਮੀ ਬੀਚ ਨੇੜੇ ਰਿਹਾਇਸ਼ੀ ਇਮਾਰਤ ਦੇ ਢਹਿ ਜਾਣ ਤੋਂ ਬਾਅਦ ਬਚਾਅ ਕਾਰਜ ਵੱਡੇ ਪੱਧਰ 'ਤੇ ਜਾਰੀ ਹਨ। ਇਮਾਰਤ ਦੇ ਮਲਬੇ ਹੇਠ ਦੱਬੇ ਲੋਕਾਂ ਨੂੰ ਬਾਹਰ ਕੱਢਣ ਲਈ ਚੱਲ ਰਹੇ ਬਚਾਅ ਕਾਰਜਾਂ ਵਿੱਚ ਸਥਾਨਕ ਕਰਮਚਾਰੀਆਂ ਦੀ ਸਹਾਇਤਾ ਕਰਨ ਲਈ ਇਜ਼ਰਾਈਲ ਅਤੇ ਮੈਕਸੀਕੋ ਤੋਂ ਵੀ ਰਿਸਕਿਊ ਟੀਮਾਂ ਐਤਵਾਰ ਨੂੰ ਫਲੋਰਿਡਾ ਵਿੱਚ ਪਹੁੰਚੀਆਂ ਹਨ ਤਾਂ ਕਿ ਬਚੇ ਹੋਏ ਲੋਕਾਂ ਨੂੰ ਲੱਭਣ ਦੀ ਕੋਸ਼ਿਸ਼



ਕੀਤੀ ਜਾ ਸਕੇ ਅਤੇ ਕੰਡੋ ਟਾਵਰ ਦੇ ਮਲਬੇ ਵਿਚੋਂ ਲਾਸ਼ਾਂ ਨੂੰ ਬਾਹਰ ਕੱਢਿਆ ਜਾ ਸਕੇ। ਇਹ ਟੀਮਾਂ ਸਥਾਨਕ ਅਧਿਕਾਰੀਆਂ ਦੀ ਸਹਾਇਤਾ ਲਈ ਘਟਨਾ ਸਥਾਨ 'ਤੇ ਪਹੁੰਚੀਆਂ, ਜੋ ਕਿ ਖੋਜੀ ਕੁੱਤੇ, ਸੋਨਾਰ ਤਕਨੀਕ, ਡਰੋਨ ਅਤੇ ਇਨਫਰਾਰੈਡ ਸਕੈਨਰ ਦੀ ਵਰਤੋਂ ਕਰਕੇ ਮਿਆਮੀ ਬੀਚ ਦੇ ਨੇੜੇ ਸਰਫਸਾਈਡ ਵਿੱਚ ਚੈਂਪਲੇਨ ਟਾਵਰਜ਼ ਦੇ ਮਲਬੇ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਮਿਆਮੀ ਡੇਡ ਦੀ ਮੇਅਰ ਡੈਨੀਅਲ ਲੇਵੀਨ ਕਾਵਾ ਨੇ ਜਾਣਕਾਰੀ ਦਿੱਤੀ ਇਸ ਸਰਚ ਅਭਿਆਨ ਲਈ ਬਚਾਅ ਟੀਮਾਂ ਦੇ ਕਾਫੀ ਮੈਂਬਰ ਹਨ ਅਤੇ ਹੁਣ ਇਜ਼ਰਾਈਲ ਅਤੇ ਮੈਕਸੀਕੋ ਤੋਂ ਟੀਮਾਂ ਆਈਆਂ ਹਨ, ਜਦਕਿ ਸਾਊਥ ਅਫਰੀਕਾ ਤੋਂ ਵੀ ਟੀਮਾਂ ਲਈ ਕਾਲਾਂ ਆਈਆਂ ਹਨ। ਇਸਦੇ ਇਲਾਵਾ ਟੀਮਾਂ ਦੇ ਸੈਂਕੜੇ ਮੈਂਬਰ ਸਟੈਂਡਬਾਏ 'ਤੇ ਹਨ। ਇਸ ਰਿਹਾਇਸ਼ੀ ਇਮਾਰਤ ਵਿੱਚ ਦੁਨੀਆਂ ਵਿੱਚੋਂ ਕਈ ਦੇਸ਼ਾਂ ਦੇ ਨਾਗਰਿਕ ਰਹਿ ਰਹੇ ਸਨ। ਇਜ਼ਰਾਈਲੀ ਸੰਸਥਾਵਾਂ ਦੇ ਅਨੁਸਾਰ ਵੀ ਇਸ ਹਾਦਸੇ ਵਿੱਚ ਲੱਗਭਗ 20 ਇਜ਼ਰਾਈਲੀ ਨਾਗਰਿਕ ਲਾਪਤਾ ਹੋਏ ਹਨ। ਇਹਨਾਂ ਤੋਂ ਇਲਾਵਾ ਅਰਜਨਟੀਨਾ, ਵੈਨਜ਼ੁਏਲਾ, ਉਰੂਗਵੇ ਅਤੇ ਪੈਰਾਗੁਏ ਆਦਿ ਦੇਸ਼ਾਂ ਦੇ ਲੋਕ ਵੀ ਲਾਪਤਾ ਹਨ।

# ਅਮਰੀਕਾ ਦੁਆਰਾ ਕੋਰੋਨਾ ਸੰਕਟ ਲਈ 41 ਮਿਲੀਅਨ ਡਾਲਰ ਨਾਲ ਕੀਤੀ ਜਾਵੇਗੀ ਭਾਰਤ ਦੀ ਸਹਾਇਤਾ

**ਫਰਿਜ਼ਨੋ (ਕੈਲੀਫੋਰਨੀਆ), 29 ਜਨ 2021-** ਅਮਰੀਕਾ ਨੇ ਭਾਰਤ ਨੂੰ ਕੋਵਿਡ -19 ਮਹਾਂਮਾਰੀ ਦਾ ਸਾਹਮਣਾ ਕਰਨ ਅਤੇ ਭਵਿੱਖ ਦੀਆਂ ਸਿਹਤ ਸਮੱਸਿਆਵਾਂ ਲਈ ਦੇਸ਼ ਦੀ ਤਿਆਰੀ ਨੂੰ ਮਜ਼ਬੂਤ ਕਰਨ ਲਈ 41 ਮਿਲੀਅਨ ਡਾਲਰ ਦੀ ਵਾਧੂ ਸਹਾਇਤਾ ਦੀ ਘੋਸ਼ਣਾ ਕੀਤੀ ਹੈ, ਜਿਸ ਨਾਲ ਅਮਰੀਕਾ ਦੁਆਰਾ ਭਾਰਤ ਦੀ ਕੁੱਲ ਸਹਾਇਤਾ 200 ਮਿਲੀਅਨ ਡਾਲਰ ਤੋਂ ਵੀ ਵੱਧ ਹੋ ਗਈ ਹੈ। ਅਪ੍ਰੈਲ ਅਤੇ ਮਈ ਵਿੱਚ, ਭਾਰਤ ਨੇ ਕੋਵਿਡ -19 ਮਹਾਂਮਾਰੀ ਦੀ ਦੂਜੀ ਲਹਿਰ ਦੌਰਾਨ ਰੋਜ਼ਾਨਾ ਦੇ ਹਜਾਰਾਂ ਨਵੇਂ ਕੇਸਾਂ ਦਾ ਸਾਹਮਣਾ ਕੀਤਾ ਸੀ ਅਤੇ ਹਸਪਤਾਲ ਵੀ ਮੈਡੀਕਲ ਆਕਸੀਜਨ ਅਤੇ ਬਿ-ਸਤਰਿਆਂ ਦੀ ਘਾਟ ਨਾਲ ਜੂਝ ਰਹੇ ਸਨ। ਅਮਰੀਕਾ ਦੀ ਇੰਟਰਨੈਸ਼ਨਲ ਡਿਵੈਲਪਮੈਂਟ ਏਜੰਸੀ( ਯੂ ਐੱਸ ਏ ਆਈ ਡੀ) ਅਨੁਸਾਰ ਅਮਰੀਕਾ ਸੰਕਟ ਦੇ ਸਮੇਂ ਦੌਰਾਨ ਭਾਰਤ ਦੀ ਸਹਾਇਤਾ ਲਈ ਅੱਗੇ ਆਇਆ ਸੀ ਅਤੇ ਹੁਣ ਵੀ ਭਾਰਤੀ ਲੋਕਾਂ ਦੇ ਨਾਲ ਖੜ੍ਹਾ ਹੈ।

ਇਸ ਏਜੰਸੀ ਨੇ ਕੋਵਿਡ -19 ਮਹਾਂਮਾਰੀ ਲਈ ਅਤੇ ਭਵਿੱਖੀ ਸਿਹਤ ਸੰਕਟਾਂ ਦੀ ਤਿਆਰੀ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਲਈ 41 ਮਿਲੀਅਨ ਡਾਲਰ ਦੀ ਵਾਧੂ ਸਹਾਇਤਾ ਦੀ ਘੋਸ਼ਣਾ ਕੀਤੀ ਹੈ। ਇਹ ਸਹਾਇਤਾ ਕੋਵਿਡ -19 ਟੈਸਟਿੰਗ, ਮਹਾਂਮਾਰੀ ਸੰਬੰਧੀ ਮਾਨਸਿਕ ਸਿਹਤ ਸੇਵਾਵਾਂ, ਡਾਕਟਰੀ ਸੇਵਾਵਾਂ ਨੂੰ ਸਮੇਂ ਸਿਰ ਪਹੁੰਚਾਉਣ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿਹਤ ਸਹੂਲਤਾਂ ਦੀ ਪਹੁੰਚ ਵਿੱਚ ਸਹਾਈ ਹੋਵੇਗੀ। ਇਸ ਵਾਧੂ ਫੰਡਿੰਗ ਦੇ ਜ਼ਰੀਏ ਯੂ



ਐੱਸ ਏ ਆਈ ਡੀ ਸਿਹਤ ਸੰਭਾਲ ਸਪਲਾਈ ਚੇਨ ਅਤੇ ਇਲੈਕਟ੍ਰਾਨਿਕ ਸਿਹਤ ਜਾਣਕਾਰੀ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਦੇ ਨਾਲ ਟੀਕਾਕਰਨ ਦੇ ਯਤਨਾਂ 'ਚ ਸਹਾਇਤਾ ਅਤੇ ਤਾਲਮੇਲ ਕਰਨ ਲਈ ਭਾਰਤ ਨਾਲ ਭਾਈਵਾਲੀ ਜਾਰੀ ਰੱਖੇਗੀ। ਯੂ ਐੱਸ ਏ ਆਈ ਡੀ ਨੇ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਭਾਰਤ ਦੇ ਕੋਵਿਡ -19 ਰਾਹਤ ਦੇ ਯਤਨਾਂ ਲਈ ਤਕਰੀਬਨ 200 ਮਿਲੀਅਨ ਡਾਲਰ ਤੋਂ ਵੱਧ ਦਾ ਯੋਗਦਾਨ ਪਾਇਆ ਹੈ, ਜਿਸ ਵਿੱਚ ਸੰਕਟਕਾਲੀ ਸਪਲਾਈ ਵਿੱਚ 50 ਮਿਲੀਅਨ ਡਾਲਰ ਤੋਂ ਵੱਧ ਅਤੇ ਵਾਇਰਸ ਦੀ ਰੋਕਥਾਮ ਅਤੇ ਨਿ-ਯੰਤਰਣ ਬਾਰੇ 214,000 ਤੋਂ ਵਧੇਰੇ ਸਿਹਤ ਕਰਮ-ਚਾਰੀਆਂ ਨੂੰ ਸਿਖਲਾਈ ਦੇਣਾ ਸ਼ਾਮਲ ਹੈ। ਜਿਕਰਯੋਗ ਹੈ ਕਿ ਅਮਰੀਕਾ, 2021 ਦੇ ਅਮੈਰੀਕਨ ਰਿਸਕਿਊ ਪਲੈਨ ਐਕਟ ਤਹਿਤ 300 ਮਿਲੀਅਨ ਡਾਲਰ ਤੋਂ ਵੱਧ ਦੀ ਰਕਮ ਦੇ ਕੇ, ਭਾਰਤ ਅਤੇ ਨੇਪਾਲ ਸਮੇਤ ਦੱਖਣੀ ਏਸ਼ੀਆ ਦੇ ਵਾਇਰਸ ਨਾਲ ਪ੍ਰਭਾਵਿਤ ਦੇਸ਼ਾਂ ਨੂੰ ਮਹੱਤਵਪੂਰਨ ਐਮਰਜੈਂਸੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

# ਫਲੋਰਿਡਾ ਦੇ ਇਮਾਰਤ ਹਾਦਸੇ ਵਿੱਚ ਭਾਰਤੀ-ਅਮਰੀਕੀ ਪਰਿਵਾਰ ਦੇ ਲਾਪਤਾ ਹੋਣ ਦਾ ਖਦਸ਼ਾ

**ਫਰਿਜ਼ਨੋ (ਕੈਲੀਫੋਰਨੀਆ), 29 ਜਨ 2021-** ਫਲੋਰਿਡਾ ਵਿੱਚ ਹੋਏ ਰਿਹਾਇਸ਼ੀ ਇਮਾਰਤ ਦੀ ਦੁਰਘਟਨਾ ਵਿੱਚ ਦਰਜਨਾਂ ਲੋਕ ਜੋ ਕਿ ਇਮਾਰਤ ਵਿੱਚ ਰਹਿੰਦੇ ਸਨ, ਅਜੇ ਲਾਪਤਾ ਹਨ । ਇਹਨਾਂ ਲੋਕਾਂ ਦਾ ਢਹਿ ਗਈ ਇਮਾਰਤ ਦੇ ਮਲਬੇ ਹੇਠਾਂ ਦੱਬੇ ਹੋਣ ਦਾ ਡਰ ਹੈ। ਇਹਨਾਂ ਹੀ ਲਾਪਤਾ ਲੋਕਾਂ ਵਿੱਚ ਇੱਕ ਭਾਰਤੀ ਅਮਰੀਕੀ ਪਰਿਵਾਰ ਦੇ ਹੋਣ ਦਾ ਵੀ ਖਦਸ਼ਾ ਹੈ। ਰਿਪੋਰਟਾਂ ਅਨੁਸਾਰ, ਇੱਕ ਭਾਰਤੀ-ਅਮਰੀਕੀ ਜੋੜਾ ਅਤੇ ਉਨ੍ਹਾਂ ਦੀ ਇੱਕ ਸਾਲ ਦੀ ਬੱਚੀ ਇਸ 12 ਮੰਜ਼ਿਲਾ ਇਮਾਰਤ ਦੇ ਇੱਕ ਹਿੱਸੇ ਦੇ ਢਹਿ ਜਾਣ ਤੋਂ ਬਾਅਦ ਲਾਪਤਾ ਹਨ। ਇਸ ਜੋੜੇ ਦੀ ਪਰਿਵਾਰਕ ਰਿਸ਼ਤੇਦਾਰ ਸਰੀਨਾ ਪਟੇਲ ਨੇ ਦੱਸਿਆ ਕਿ ਵਿਸ਼ਾਲ ਪਟੇਲ (42) ਅਤੇ ਉਸਦੀ ਪਤਨੀ ਭਾਵਨਾ ਪਟੇਲ(38) ਜੋ ਕਿ ਚਾਰ ਮਹੀ-



ਨਿਆਂ ਦੀ ਗਰਭਵਤੀ ਹੈ, ਆਪਣੀ ਇੱਕ ਸਾਲ ਦੀ ਬੇਟੀ ਐਸ਼ਾਨੀ ਸਮੇਤ ਇਸ ਬਿਲਡਿੰਗ ਵਿੱਚ ਰਹਿੰਦੇ ਸਨ। ਸਰੀਨਾ ਨੇ ਕਿਹਾ ਕਿ ਉਸਨੇ ਆਪਣੇ ਪਰਿਵਾਰ ਨਾਲ ਆਖਰੀ ਵਾਰ ਫਾਦਰਜ਼ ਡੇਅ 'ਤੇ ਗੱਲਬਾਤ ਕੀਤੀ ਸੀ ਅਤੇ ਉਹਨਾਂ ਨੂੰ ਆਪਣੇ ਆਉਣ ਲਈ ਫਲਾਈਟ ਬੁੱਕ ਕਰਨ ਬਾਰੇ ਦੱਸਿਆ ਸੀ। ਸਰੀਨਾ ਅਨੁਸਾਰ ਇਮਾਰਤ ਦੇ ਢਹਿਣ ਵੇਲੇ ਉਹ ਇਸ ਵਿੱਚ ਮੌਜੂਦ ਸਨ ਅਤੇ ਹੁਣ ਉਹਨਾਂ ਨਾਲ ਕਿਸੇ ਵੀ ਤਰੀਕੇ ਨਾਲ ਸੰਪਰਕ ਨਹੀਂ ਹੋ ਰਿਹਾ ਹੈ। ਭਾਵਨਾ ਪਟੇਲ ਇੱਕ ਬ੍ਰਿਟਿਸ਼ ਅਤੇ ਅਮਰੀਕੀ ਨਾਗਰਿਕ ਹੈ। ਇਸ ਭਾਰਤੀ ਪਰਿਵਾਰ ਦੀ ਸਲਾਮਤੀ ਲਈ ਇਹਨਾਂ ਦੇ ਪਰਿਵਾਰ ਅਤੇ ਭਾਈਚਾਰੇ ਵੱਲੋਂ ਪ੍ਰਾਰਥਨਾ ਕੀਤੀ ਜਾ ਰਹੀ ਹੈ।

# ਅਮਰੀਕਾ: ਕੋਵਿਡ ਕਾਰਨ ਲੰਬਾ ਸਮਾਂ ਬੰਦ ਰਹਿਣ ਦੇ ਬਾਅਦ ਮੈਨਹੱਟਨ ਦੀ ਅਦਾਲਤਾਂ ਵਿੱਚ ਸ਼ੁਰੂ ਹੋਈਆਂ ਵਿਅਕਤੀਗਤ ਪੇਸ਼ੀਆਂ

**ਫਰਿਜ਼ਨੋ (ਕੈਲੀਫੋਰਨੀਆ), 29 ਜੂਨ 2021–** ਅਮਰੀਕਾ ਵਿੱਚ ਕੋਰੋਨਾ ਮਹਾਂਮਾਰੀ ਦੌਰਾਨ ਅਦਾਲਤਾਂ ਵਿੱਚ ਵਿਅਕਤੀਗਤ ਪੇਸ਼ੀਆਂ ਨੂੰ ਬੰਦ ਕਰ ਦਿੱਤਾ ਗਿਆ ਸੀ, ਪਰ ਹੁਣ ਲੰਬੇ ਸਮੇਂ ਦੇ ਇੰਤਜ਼ਾਰ ਤੋਂ ਬਾਅਦ ਮੈਨਹੱਟਨ ਕ੍ਰਿਮੀਨਲ ਕੋਰਟ ਵਿੱਚ ਸੋਮਵਾਰ ਨੂੰ ਦੁਬਾਰਾ ਵਿਅਕਤੀਗਤ ਪੇਸ਼ੀਆਂ ਸ਼ੁਰੂ ਕੀਤੀਆਂ ਗਈਆਂ ਹਨ। ਪ੍ਰਸ਼ਾਸਨ ਦੁਆਰਾ ਕੋਰੋਨਾ ਸਬੰਧੀ ਕੁੱਝ ਹਦਾਇਤਾਂ ਦੀ ਪਾਲਣਾ ਕਰਦਿਆਂ।

ਲੋਕਾਂ ਦੀ ਗ੍ਰਿਫਤਾਰੀ ਤੋਂ ਬਾਅਦ ਵਿਅਕਤੀਗਤ ਤੌਰ 'ਤੇ ਜੱਜ ਸਾਹਮਣੇ ਪੇਸ਼ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ। ਅਦਾਲਤ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ



ਸ਼ਹਿਰ ਦੀ ਸਭ ਤੋਂ ਰੁਝੇਵੇਂ ਵਾਲੇ ਇਸ ਅਦਾਲਤ ਵਿੱਚ 35 ਪੇਸ਼ੀਆਂ ਬਚਾਅ ਪੱਖ ਲਈ ਪੇਸ਼ ਹੋਣ ਲਈ ਤਿਆਰ ਸਨ। ਕੋਰਟ ਐਡਮਿਨਿਸਟ੍ਰੇਸ਼ਨ ਦੇ ਮੁੱਖ ਬੁਲਾਰੇ ਲੂਸੀਅਨ ਸ਼ੈਲਫਨ ਦੇ ਅਨੁਸਾਰ ਸ਼ਹਿਰ ਅਤੇ ਰਾਜ ਵਿੱਚ ਸਧਾਰਣ ਤੌਰ 'ਤੇ ਵਿਅਕਤੀਗਤ ਅਦਾਲਤੀ ਕਾਰਵਾਈਆਂ ਨੂੰ ਮੁੜ ਸ਼ੁਰੂ ਕਰਨਾ ਇੱਕ ਟੀਚਾ ਹੈ। ਕੋਰਟ ਵਿੱਚ ਵਿਅਕਤੀਗਤ ਕਾਰਵਾਈਆਂ ਦੀ ਪ੍ਰਕਿਰਿਆ ਦੌਰਾਨ ਕੋਰੋਨਾ ਵਾਇਰਸ ਤੋਂ ਸੁਰੱਖਿਆ ਲਈ ਫਿਲਹਾਲ ਸਾਵਧਾਨੀਆਂ ਜਰੂਰੀ ਹਨ । ਜਿਹਨਾਂ ਵਿੱਚ ਤਾਪਮਾਨ ਚੈੱਕ ਕਰਨਾ, ਮਾਸਕ ਪਹਿਨਣਾ ਅਤੇ ਸਮਾਜਕ ਦੂਰੀਆਂ ਲਾਜ਼ਮੀ ਹਨ।

# ਨਿਊਯਾਰਕ ਦੇ ਟਾਈਮਜ਼ ਸਕੁਏਰ ਵਿੱਚ ਹੁੰਦੀ ਗੋਲੀਬਾਰੀ ਦੇ ਮੱਦੇਨਜ਼ਰ ਵਧਾਈ ਪੁਲਿਸ ਦੀ ਮੌਜੂਦਗੀ

**ਫਰਿਜ਼ਨੋ (ਕੈਲੀਫੋਰਨੀਆ), 29 ਜੂਨ 2021–** ਨਿਊਯਾਰਕ ਦਾ ਟਾਈਮਜ਼ ਸਕੁਏਰ ਜੋ ਕਿ ਇੱਕ ਪ੍ਰਸਿੱਧ ਟੂਰਿਸਟ ਸਥਾਨ ਹੈ, ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਲੋਕਾਂ ਨੂੰ ਜਿਆਦਾ ਸੁਰੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੁਲਿਸ ਦੀ ਮੌਜੂਦਗੀ ਵਧਾਈ ਗਈ ਹੈ। ਪ੍ਰਸ਼ਾਸਨ ਵੱਲੋਂ ਇਹ ਕਦਮ ਐਤਵਾਰ ਨੂੰ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਪੁੱਟਿਆ ਗਿਆ ਹੈ , ਜਿਸ ਵਿੱਚ ਇੱਕ 21 ਸਾਲਾਂ ਮੈਰੀਨ ਗੋਲੀਬਾਰੀ ਦਾ ਸ਼ਿਕਾਰ ਬਣਿਆ। ਇਹ ਘਟਨਾ ਐਤਵਾਰ ਸ਼ਾਮ ਬਰ-ਾਡਵੇਅ ਦੇ ਨੇੜੇ 7 ਵੇਂ ਐਵੀਨਿਊ ਅਤੇ 46 ਵੀਂ ਸਟ੍ਰੀਟ ਦੇ ਚੌਰਾਹੇ 'ਤੇ ਵਾਪਰੀ ਜਦੋਂ ਸਟ੍ਰੀਟ




ਵਿਕਰੇਤਾਵਾਂ ਦੇ ਇੱਕ ਛੋਟੇ ਸਮੂਹ ਵਿੱਚ ਆਪਸੀ ਝਗੜਾ ਹੋਇਆ ਸੀ। ਝਗੜੇ ਦੌਰਾਨ ਇੱਕ ਵਿਕਰੇਤਾ ਨੇ&; ਬੰਦੂਕ ਕੱਢ ਕੇ ਗੋਲੀ ਚਲਾ ਦਿੱਤੀ ਜੋ ਕਿ 21 ਸਾਲਾਂ ਸੈਮੂਅਲ ਪੂਲਿਨ ਨੂੰ ਲੱਗੀ ਜੋ ਨੇੜੇ ਦੇ ਸਟਾਰਬੱਕਸ ਸਟੋਰ 'ਤੇ ਖੜਾ ਸੀ। ਇਸ ਗੋਲੀਬਾਰੀ ਨੇ ਉਸ ਸਮੇਂ ਖੇਤਰ ਵਿੱਚ ਆਏ ਸੈਲਾਨੀਆਂ ਵਿੱਚ ਦਹਿਸ਼ਤ ਫੈਲਾ ਦਿੱਤੀ ਸੀ। ਇਸ ਸਬੰਧੀ ਨਿਊਯਾਰਕ ਪੁਲਿਸ ਵਿਭਾਗ ਦੇ ਮੁਖੀ ਰੋਡਨੀ ਹੈਰਿਸਨ ਨੇ ਸੋਮਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਰਜਨਾਂ ਪੁਲਿਸ ਅਧਿਕਾਰੀਆਂ ਨੂੰ ਟਾਈਮਜ਼ ਸਕੁਏਰ ਵਿੱਚ ਗਸ਼ਤ ਲਈ ਭੇਜਿਆ ਜਾ ਰਿਹਾ ਹੈ ਤਾਂ ਕਿ ਸੈਲਾਨੀ ਜਿਆਦਾ ਸੁਰੱਖਿਆ ਮਹਿਸੂਸ ਕਰਨ ।

# ਨਿਊ ਮੈਕਸੀਕੋ ਵਿੱਚ ਹੌਟ ਏਅਰ ਬਲੂਨ ਬਿਜਲੀ ਦੀਆਂ ਲਾਈਨਾਂ ਨਾਲ ਟਕਰਾਇਆ

**ਫਰਿਜ਼ਨੋ (ਕੈਲੀਫੋਰਨੀਆ), 27 ਜੂਨ 2021–** ਅਮਰੀਕਾ ਦੇ ਨਿਊ ਮੈਕਸੀਕੋ ਵਿੱਚ ਇੱਕ ਹੌਟ ਏਅਰ ਬਲੂਨ ਹਾਦਸੇ ਦਾ ਸ਼ਿਕਾਰ ਹੋਇਆ ਹੈ, ਜਿਸ ਕਾਰਨ 5 ਲੋਕਾਂ ਦੀ ਮੌਤ ਹੋ ਗਈ ਹੈ। ਪੁਲਿਸ ਨੇ ਇਸ ਹਾਦਸੇ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਨੀਵਾਰ ਸਵੇਰੇ ਤਕਰੀਬਨ 7 ਵਜੇ ਦੇ ਬਾਅਦ ਨਿਊ ਮੈਕਸੀਕੋ ਦੇ ਐਲਬੂਕਰਕ ਵਿੱਚ ਏਅਰ ਬਲੂਨ ਦੇ ਬਿਜਲੀ ਦੀਆਂ ਲਾਈ-ਨਾਂ ਨਾਲ ਟਕਰਾਉਣ ਕਰਕੇ ਇਹ ਹਾਦਸਾ ਹੋਇਆ ਹੈ। ਅਧਿਕਾਰੀਆਂ ਅਨੁਸਾਰ ਟੱਕਰ ਉਪਰੰਤ ਗੁਬਾਰੇ ਨੂੰ ਅੱਗ ਲੱਗ ਗਈ, ਜਿਸ ਨਾਲ ਇਹ ਤਕਰੀਬਨ 100 ਫੁੱਟ ਦੀ ਉਚਾਈ ਤੋਂ ਹੇਠਾਂ ਡਿੱਗਿਆ। ਹਾਦਸੇ ਦੌਰਾਨ ਗੁਬਾਰਾ ਇਸਦੀ ਟੋਕਰੀ ਤੋਂ ਅਲੱਗ ਹੋ ਗਿਆ ਸੀ। ਇਸ ਹਾਦਸੇ ਦੇ ਪੀੜਤਾਂ ਵਿੱਚੋਂ ਦੋ ਆਦਮੀਆਂ ਅਤੇ ਦੋ ਔਰਤਾਂ ਨੂੰ ਘਟਨਾ ਸਥਾਨ 'ਤੇ ਹੀ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ ਜਦਕਿ ਇੱਕ ਆਦਮੀ ਨੂੰ



ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਹ ਵੀ ਦਮ ਤੋੜ ਗਿਆ।&; ਪੁਲਿਸ ਨੇ ਮ੍ਰਿਤਕਾਂ ਵਿੱਚੋਂ ਦੋ ਦੀ ਪਛਾਣ ਐਲਬੂਕਰਕ ਦੇ ਪੁਲਿਸ ਅਧਿਕਾਰੀ ਮਾਰਟਿਨ ਮਾਰਟਿਨਜ ਅਤੇ ਉਸਦੀ ਪਤਨੀ ਮੈਰੀ ਮਾਰਟੀਨੇਜ਼ ਵਜੋਂ ਕੀਤੀ ਹੈ। ਮ੍ਰਿਤਕਾਂ ਵਿੱਚ ਗੁਬਾਰੇ ਦਾ ਪਾਇਲਟ ਵੀ ਸੀ ਅਤੇ ਮੰਨਿਆ ਜਾ ਰਿਹਾ ਹੈ ਕਿ ਸਾਰੇ ਪੰਜ ਪੀੜਤ ਏਅਰ ਬਲੂਨ ਵਿੱਚ ਹੀ ਸਵਾਰ ਸਨ, ਜਿਨ੍ਹਾਂ ਦੀ ਉਮਰ 40 ਤੋਂ 69 ਸਾਲ ਹੈ। ਐਲਬੂਕਰਕ ਫਾਇਰ ਰੈਸਕਿਊ ਅਨੁਸਾਰ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ ਅਤੇ ਫੈਡਰਲ ਹਵਾਬਾਜ਼ੀ ਪ੍ਰਸ਼ਾਸਨ (ਐੱਫ ਏ ਏ ) ਅਤੇ ਰਾਸ਼ਟਰੀ ਆਵਾਜਾਈ ਸੁਰੱਖਿਆ ਬੋਰਡ ਇਸਦੀ ਜਾਂਚ ਕਰੇਗਾ। ਇਸ ਦੇ ਇਲਾਵਾ ਇਸ ਹਾਦਸੇ ਕਾਰਨ ਤਕਰੀਬਨ 13,000 ਤੋਂ ਵੱਧ ਲੋਕਾਂ ਨੇ ਬੰਦ ਬਿਜਲੀ ਸਪਲਾਈ ਦਾ ਵੀ ਸਾਹ-ਮਣਾ ਕੀਤਾ, ਜਿਸਨੂੰ ਬਾਅਦ ਵਿੱਚ ਚਾਲੂ ਕਰ ਦਿੱਤਾ ਗਿਆ ਸੀ।

# ਅਮਰੀਕਾ ਵਿੱਚ ਟਰੱਕ ਟ੍ਰੇਨ ਦੀ ਟੱਕਰ, ਦੋ ਪੰਜਾਬੀ ਨੌਜਵਾਨਾਂ ਦੀ ਮੌਤ

**ਫਰਿਜ਼ਨੋ (ਕੈਲੀਫੋਰ-ਨੀਆ), 29 ਜੂਨ 2021–**ਕੈਲੀਫੋਰਨੀਆਂ ਦੇ ਸਟਾਕਟਨ ਸ਼ਹਿਰ ਤੋ ਮੰਦਭਾਗੀ ਖ਼ਬਰ ਮਿਲੀ ਹੈ ਕਿ ਇਸ ਸ਼ਹਿਰ ਦੇ ਦੋ ਪੰਜਾਬੀ ਗੇੜਾ ਲੈਕੇ ਟਰੱਕ ਤੇ ਮਨਟਾਨਾ ਸਟੇਟ ਵਿੱਚੋਂ ਗੁਜ਼ਰ ਰਹੇ ਸਨ ਕਿ ਲੰਘੇ ਐਂਤਵਾਰ ਰਾਤੀਂ 9.30 ਵਜੇ ਦੇ ਕਰੀਬ ਫਰੀਵੇਅ 90 ਦੇ 350 ਮੀਲ ਮਾਰਕਰ ਲਾਗੇ, ਫਰੀਵੇਅ ਦੇ ਇੱਗਜ਼ਟ ਤੇ ਰੇਲ ਲਾਈਨ ਉੱਪਰ ਬਣੇ ਸਟਾਪ ਸ਼ਾਈਨ ਨੂੰ ਮਿੱਸ ਕਰਨ ਕਰਕੇ ਦੂਸਰੇ ਪਾਸਿਓਂ ਆ ਰਹੀ ਮਾਲ ਗੱਡੀ ਨਾਲ ਜਾ ਟਕਰਾਏ, ਜਿਸ ਕਾਰਨ ਟਰੱਕ ਨੂੰ ਅੱਗ ਲੱਗ ਗਈ 'ਤੇ ਦੋਵੇਂ ਪੰਜਾਬੀ ਮੁੰਡੇ ਥਾਂ ਤੇ ਹੀ ਦਮ ਤੋੜ ਗਏ।





ਪਤਾ ਲੱਗਾ ਕਿ ਮ੍ਰਿਤਕ ਟਰੱਕ ਡਰਾਈਵਰ ਬੱਬਰ ਸ਼ਹੀਦਾਂ ਦੀ ਧਰਤੀ ਪਿੰਡ ਦੌਲਤਪੁਰ ਜ਼ਲ੍ਹਿਾ ਨਵਾਂ ਸ਼ਹਿਰ ਦਾ ਜੰਮਪਲ਼ ਸੀ। ਤਰਨਪ੍ਰੀਤ ਦੇ ਪਿਤਾ&; ਜਿਕੀ ਸਿੰਘ ਥਾਂਦੀ ਦਾ ਵੀ ਦੇਹਾਂਤ ਹੋ ਚੁੱਕਿਆ, ਉਹ ਆਪਣੇ ਪਿੱਛੇ ਵਿਧਵਾ ਮਾਤਾ ਅਤੇ ਇੱਕ ਭਰਾ ਛੱਡ ਗਏ ਹਨ। ਮ੍ਰਿਤਕ ਟਰੱਕ ਡਰਾਈਵਰ ਤਰਨਪ੍ਰੀਤ ਸਿੰਘ ਥਾਂਦੀ ਚਾਰ ਕੁ ਸਾਲ ਪਹਿਲਾ ਚੰਗੇ ਭਵਿੱਖ ਲਈ ਅਮਰੀਰਾ ਆਇਆ ਸੀ ਅਤੇ ਹਾਲੇ ਅਨਮੈਰਿਡ ਸੀ।ਤਰਨਪ੍ਰੀਤ ਦੀ ਉਮਰ ਮਹਿਜ਼ 24 ਸਾਲ ਸੀ। ਦੂਸਰੇ ਮ੍ਰਿਤਕ ਪੰਜਾਬੀ ਬਾਰੇ ਇਹੀ ਪਤਾ ਚੱਲਿਆ ਕਿ ਉਹ ਟਰੱਕ ਡਰਾਈਵਰ ਨਹੀਂ ਸੀ 'ਤੇ ਹਾਲੇ ਕੁਝ ਕੁ ਮਹੀਨੇ ਪਹਿਲਾਂ ਇੰਡੀਆ ਤੋਂ ਛੁੱਟੀਆਂ ਕੱਟਕੇ ਮੁੜਿਆ ਸੀ ਅਤੇ ਵੈਸੇ ਹੀ ਤਰਨਪ੍ਰੀਤ ਨਾਲ ਗੇੜੇ ਤੇ ਚਲਿਆ ਗਿਆ। ਉਸਦਾ ਸਬੰਧ ਵੀ ਬੰਗੇ ਦੇ ਨੇੜਲੇ ਇਲਾਕੇ ਨਾਲ ਦੱਸਿਆ ਜਾ ਰਿਹਾ ਹੈ। ਮ੍ਰਿਤਕ ਤਰਨਪ੍ਰੀਤ ਸਿੰਘ ਥਾਂਦੀ ਦੇ ਨਾਮ ਤੇ ਪੇਜ ਸ਼ੁਰੂ ਕੀਤਾ ਗਿਆ ਹੈ। ਅਗਰ ਕੋਈ ਮੱਦਦ ਕਰਨੀ ਚਾਹੇ ਤਾਂ ਉਸ ਪੇਜ ਤੇ ਜਾਕੇ ਕਰ ਸਕਦਾ ਹੈ।

# ਲਾਸ ਏਂਜਲਸ ਏਅਰਪੋਰਟ 'ਚ ਵਿਅਕਤੀ ਨੇ ਲਗਾਈ ਚਲਦੇ ਜਹਾਜ਼ ਤੋਂ ਛਲਾਂਗ

**ਫਰਿਜ਼ਨੋ (ਕੈਲੀਫੋਰਨੀਆ), 27 ਜੂਨ 2021–**ਲਾਸ ਏਂਜਲਸ ਦੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਵਿਅਕਤੀ ਵੱਲੋਂ ਚਲਦੇ ਹੋਏ ਜਹਾਜ਼ ਵਿੱਚੋਂ ਛਾਲ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਲਾਸ ਏਂਜਲਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਚੱਲ ਰਹੇ ਜਹਾਜ਼ ਵਿੱਚੋਂ ਛਾਲ ਮਾਰਨ ਤੋਂ ਬਾਅਦ ਇੱਕ ਯਾਤਰੀ ਨੂੰ ਸ਼ੁੱਕਰਵਾਰ ਰਾਤ ਨੂੰ ਹਸਪਤਾਲ ਲਿਜਾਇਆ ਗਿਆ । ਹਵਾਈ ਅੱਡੇ 'ਤੇ ਯੂਨਾਈਟਿਡ ਐਕਸਪ੍ਰੈਸ ਦੀ ਉਡਾਣ 5365, ਜੋ ਕਿ ਸਕਾਈਵੈਸਟ ਦੁਆਰਾ ਸਵੇਰੇ 7 ਵਜੇ ਤੋਂ ਥੋੜ੍ਹੀ ਦੇਰ ਬਾਅਦ ਏਅਰਪੋਰਟ ਦੇ ਗੇਟ ਤੋਂ ਚਲਾਈ ਗਈ। ਇਸ ਦੌਰਾਨ ਇੱਕ ਯਾਤਰੀ ਨੇ ਕਾਕਪਿਟ ਨਿਯਮਾਂ ਦੀ ਉਲੰਘਣਾ




ਕਰਦਿਆਂ ਦਰਵਾਜ਼ਾ ਖੋਲ੍ਹ ਕੇ ਐਮਰਜੈਂਸੀ ਸਲਾਇਡ 'ਤੇ ਛਾਲ ਮਾਰ ਦਿੱਤੀ। ਇਸ ਵਿਅਕਤੀ ਨੂੰ ਅਧਿਕਾਰੀਆਂ ਦੁਆਰਾ ਟੈਕਸੀਵੇਅ 'ਤੇ ਹਿਰਾਸਤ ਵਿੱਚ ਲੈ ਲਿਆ ਗਿਆ, ਅਤੇ ਜ਼ਖਮਾਂ ਕਾਰਨ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਕਾਰਨ ਐਂਬਰੇਅਰ 175, ਜੋ ਕਿ ਸਾਲਟ ਲੇਕ ਸਿਟੀ ਵੱਲ ਜਾ ਰਿਹਾ ਸੀ, ਆਪਣੇ ਗੇਟ 'ਤੇ ਵਾਪਸ ਪਰਤਿਆ। ਫਲਾਈਟ ਵੇਅਰ ਡਾਟ ਕਾਮ ਦੀ ਵੈੱਬਸਾਈਟ ਦੇ ਅਨੁਸਾਰ ਸਾਲਟ ਲੇਕ ਸਿਟੀ ਲਈ ਇਹ ਫਲਾਈਟ; ਸ਼ੁੱਕਰਵਾਰ ਦੇਰ ਸ਼ਾਮ ਰਵਾਨਾ ਹੋਈ ਅਤੇ ਸ਼ਨੀਵਾਰ ਸਵੇਰੇ ਪਹੁੰਚੀ। ਇਸ ਮਾਮਲੇ ਦੀ ਐੱਫ ਬੀ ਆਈ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਕਰ ਰਿਹਾ ਹੈ 2 ਮਿਲੀਅਨ ਕੋਰੋਨਾ ਵਾਇਰਸ ਟੀਕਿਆਂ ਨਾਲ ਪੇਰੂ ਦੀ ਸਹਾਇਤਾ

**ਫਰਿਜ਼ਨੋ (ਕੈਲੀਫੋਰਨੀਆ), 29 ਜੂਨ 2021–** ਅਮਰੀਕਾ ਵੱਲੋਂ ਵਿਸ਼ਵ ਪੱਧਰ 'ਤੇ ਕੋਰੋਨਾ ਵਾਇਰਸ ਨੂੰ ਹਰਾਉਣ ਲਈ ਆਪਣੇ ਯੋਗਦਾਨ ਦੇ ਹਿੱਸੇ ਵਜੋਂ ਕੋਰੋਨਾ ਵੈਕਸੀਨ ਨੂੰ ਹੋਰਾਂ ਦੇਸ਼ਾਂ ਵਿੱਚ ਮੁਹੱਈਆ ਕਰਵਾਉਣ ਦੀ ਮੁਹਿੰਮ ਚਲਾਈ ਹੈ। ਇਸ ਹੀ ਮੁਹਿੰਮ ਤਹਿਤ ਅਮਰੀਕਾ ਕੋਰੋਨਾ ਵਾਇਰਸ ਵੈਕਸੀਨ ਦੀਆਂ ਦੋ ਮਿਲੀਅਨ ਖੁਰਾਕਾਂ ਪੇਰੂ ਦੇਸ਼ ਨੂੰ ਭੇਜ ਕੇ ਉਸਦੀ ਸਹਾਇਤਾ ਕਰ ਰਿਹਾ ਹੈ। ਇਸ ਸਬੰਧੀ ਵ੍ਹਾਈਟ ਹਾਊਸ




ਦੇ ਇੱਕ ਅਧਿਕਾਰੀ ਨੇ ਜਾਣਕਾਰੀ ਦਿੱਤੀ ਕਿ ਅਮਰੀਕਾ ਫਾਈਜ਼ਰ ਅਤੇ ਬਾਇਓਨਟੈਕ ਦੁਆਰਾ ਬਣਾਈ ਗਈ ਕੋਵਿਡ-19 ਵੈਕਸੀਨ ,ਪੇਰੂ ਭੇਜ ਰਿਹਾ ਹੈ। ਇਹ ਭੇਜੀਆਂ ਜਾ ਰਹੀਆਂ 2 ਮਿਲੀਅਨ ਖੁਰਾਕਾਂ, ਟੀਕੇ ਦੀ ਜ਼ਰੂਰਤ ਅਨੁਸਾਰ ਦੂਜੇ ਦੇਸ਼ਾਂ ਵਿੱਚ ਭੇਜਣ ਲਈ ਬਾਈਡੇਨ ਪ੍ਰਸ਼ਾਸਨ ਦੇ ਵਾਅਦੇ ਦਾ ਇੱਕ ਹਿੱਸਾ ਹਨ। ਰਾਸ਼ਟਰਪਤੀ ਜੋਅ ਬਾਈਡੇਨ ਨੇ ਕੋਰੋਨਾ ਵੈਕਸੀਨ ਦੀਆਂ ਤਕਰੀਬਨ 80 ਮਿਲੀਅਨ ਖੁਰਾਕਾਂ ਨੂੰ ਦੁਨੀਆ ਭਰ ਦੇ ਦੇਸ਼ਾਂ ਨਾਲ ਸਾਂਝਾ ਕਰਨ ਦਾ ਵਾਅਦਾ ਕੀਤਾ ਸੀ। ਅਧਿਕਾਰੀਆਂ ਅਨੁਸਾਰ ਟੀਕਿਆਂ ਦੀ ਇਸ ਖੇਪ ਦੇ&; ਇਸ ਹਫਤੇ ਪੇਰੂ ਪਹੁੰਚਣ ਦੀ ਉਮੀਦ ਹੈ। ਇਸਦੇ ਇਲਾਵਾ ਅਮਰੀਕਾ ਵਿਸ਼ਵ ਸਿਹਤ ਸੰਗਠਨ (ਡਬਲਯੂ ਐੱਚ ਓ) ਦੇ ਗਲੋਬਲ ਟੀਕਾਕਰਨ ਪ੍ਰੋਗਰਾਮ ਕੋਵੈਕਸ ਤਹਿਤ ਮੋਡਰਨਾ ਦੀ ਕੋਰੋਨਾ ਵੈਕਸੀਨ ਦੀਆਂ 2.5 ਮਿਲੀਅਨ ਖੁਰਾਕਾਂ ਨੂੰ ਪਾਕਿਸਤਾਨ ਵੀ ਭੇਜੇਗਾ।

# ਸਾਬਕਾ ਚੀਨੀ ਅਮਰੀਕੀ ਸੈਨਿਕ ਕੀਤੇ ਸਨਮਾਨਿਤ

**ਫਰਿਜ਼ਨੋ (ਕੈਲੀਫੋਰਨੀਆ), 27 ਜੂਨ 2021–** ਕੈਲੀਫੋਰਨੀਆ ਦੀ ਕਾਊਂਟੀ ਫਰਿਜ਼ਨੋ ਵਿੱਚ ਸ਼ਨੀਵਾਰ ਨੂੰ ਵਿਸ਼ਵ ਯੁੱਧ 2 ਵਿੱਚ ਸੇਵਾਵਾਂ ਦੇਣ ਵਾਲੇ ਚਾਰ ਜੀਵਿਤ ਚੀਨੀ ਅਮਰੀਕੀ ਸਾਬਕਾ ਸੈਨਿਕਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕਰਨ ਦੇ ਨਾਲ ਸੈਂਕੜੇ ਹੋਰ ਜਿਹਨਾਂ ਦੀ ਯੁੱਧ ਦੌਰਾਨ ਮੌਤ ਹੋ ਗਈ ਸੀ , ਨੂੰ ਯਾਦ ਕੀਤਾ ਗਿਆ।

ਫਰਿਜ਼ਨੋ ਵਿੱਚ ਸ਼ਨੀਵਾਰ 26 ਜੂਨ, 2021 ਨੂੰ ਸਵੇਰੇ ਵੈਟਰਨਜ਼ ਮੈ-ਮੋਰੀਅਲ ਮਿਊਜ਼ੀਅਮ ਵਿੱਚ ਇਹਨਾਂ ਚਾਰ&; ਚੀਨੀ ਅਮਰੀਕੀ ਸੈਨਿਕ ਨੂੰ ਤਗਮੇ



ਭੇਟ ਕਰਨ ਦੀ ਰਸਮ&; ਕੀਤੀ ਗਈ। ਇਸ ਮੌਕੇ ਜਿਹਨਾਂ ਚਾਰ ਵਿਸ਼ਵ ਯੁੱਧ 2 ਵਿੱਚ ਭਾਗ ਲੈਣ ਵਾਲੇ ਚੀਨੀ ਅਮਰੀਕੀ ਸੈਨਿਕਾਂ ਨੂੰ ਮੈਡਲ ਦਿੱਤਾ ਗਿਆ ਵਿੱਚ ਹੈਨਸਨ ਚਿਨ, ਵਿੰਗ ਟੱਕ ਚਿਨ, ਰੇਮੰਡ ਲੀ ਅਤੇ ਐਡਵਰਡ ਸਿੰਗ ਕੁਆਨ ਆਦਿ ਸਾਬਕਾ ਸੈਨਿਕ ਸ਼ਾਮਲ ਸਨ। ਸ਼ਨੀਵਾਰ ਦੇ ਇਸ ਸਮਾਰੋਹ ਵਿੱਚ ਸੈਨਿਕਾਂ ਦੇ ਤਕਰੀਬਨ 150 ਪਰਿਵਾਰਾਂ ਨੇ ਸ਼ਿਰਕਤ ਕੀਤੀ, ਜਿਸ ਦੌਰਾਨ ਇਹਨਾਂ ਚਾਰ ਜੀਵਤ ਸੈਨਿਕਾਂ ਦੇ ਨਾਲ ਮ੍ਰਿਤਕ ਸੈਨਿਕਾਂ ਦੀਆਂ ਵਿਧਵਾਵਾਂ ਜਾਂ ਹੋਰ ਚੀਨੀ ਅਮਰੀਕੀ ਸੈਨਿਕਾਂ ਦੇ ਬਚੇ ਪਰਿਵਾਰਕ ਮੈਂਬਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਜਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਸਾਲ 2018 ਵਿੱਚ ਇੱਕ ਕਾਨੂੰਨ 'ਤੇ ਦਸਤਖਤ ਕੀਤੇ ਗਏ ਸਨ, ਜਿਸ ਵਿੱਚ ਚੀਨੀ ਅਮਰੀਕੀ ਵਿਸ਼ਵ ਯੁੱਧ 2 ਦੇ ਸੈਨਿਕਾਂ ਨੂੰ ਸਨਮਾਨ ਦਿੱਤਾ ਗਿਆ। ਇਸ ਵੈਟਰਨ ਕਾਂਗਰਸੀਅਨ ਗੋਲਡ ਮੈਡਲ ਐਕਟ ਨੇ ਦੂਜੇ ਵਿਸ਼ਵ ਯੁੱਧ ਵਿੱਚ ਸੇਵਾ ਨਿਭਾਉਣ ਵਾਲੇ ਤਕਰੀਬਨ 20,000 ਚੀਨੀ ਅਮ-ਰੀਕੀਆਂ ਨੂੰ ਮੈਡਲ ਦਿੱਤੇ ਹਨ। ਇਹਨਾਂ ਸੈਨਿਕਾਂ ਨੇ ਅਮਰੀਕੀ ਫੌਜਾਂ ਵਿੱਚ ਸੇਵਾਵਾਂ ਦੇਣ ਨੂੰ ਆਪਣੇ ਆਪ ਲਈ ਸਨਮਾਨ ਜਨਕ ਦੱਸਿਆ ਹੈ।

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਬਾਇਡਨ ਦੇ ਆਦੇਸ਼ ਉਪਰੰਤ ਇਰਾਨੀ ਸਮਰਥਕ ਮਿਲੀਸ਼ੀਆ ਉਪਰ ਅਮਰੀਕੀ ਫੌਜ ਵੱਲੋਂ ਹਵਾਈ ਹਮਲੇ

**ਸੈਕਰਾਮੈਂਟੋ 28 ਜੂਨ (ਹੁਸਨ ਲੜੋਆ ਬੰਗਾ)–** ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਨੇ ਡਰੋਨ ਹਮਲਿਆਂ ਦੇ ਜਵਾਬ ਵਿਚ ਸੀਰੀਆ ਤੇ ਇਰਾਕ ਵਿਚ ਇਰਾਨ ਸਮਰਥਕ ਮਿਲੀਸ਼ੀਆ ਦੇ ਟਿਕਾਣਿਆਂ ਉਪਰ ਹਵਾਈ ਹਮਲੇ ਕਰਨ ਦਾ ਆਦੇਸ਼ ਦਿੱਤਾ ਹੈ। ਇਹ ਐਲਾਨ ਪੈਂਟਾਗਨ ਨੇ ਪਿਛਲੇ ਦਿਨ ਸ਼ਾਮ ਵੇਲੇ ਕੀਤਾ। ਪੈਂਟਾਗਨ ਦੇ ਪ੍ਰੈਸ ਸਕੱਤਰ ਜੌਹਨ ਕਿਰਬੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਅਮਰੀਕੀ ਹਵਾਈ ਸੈਨਾ ਨੇ ਇਰਾਕ ਤੇ ਸੀਰੀਆ ਵਿਚਲੀਆਂ ਉਨ੍ਹਾਂ ਥਾਂਵਾਂ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਦੀ ਵਰਤੋਂ ਮਿਲੀਸ਼ੀਆ ਦੁਆਰਾ ਅਮਰੀਕੀ ਫੌਜੀਆਂ ਉਪਰ ਡਰੋਨ ਹਮਲੇ ਕਰਨ ਲਈ ਕੀਤੀ ਜਾਂਦੀ ਹੈ। ਕਿਰਬੀ ਨੇ ਕਿਹਾ ਹੈ ਕਿ ਹਵਾਈ ਹਮਲਿਆਂ ਵਿਚ ਸੀਰੀਆ ਵਿਚਲੀਆਂ ਦੋ ਥਾਂਵਾਂ ਤੇ ਇਰਾਕ ਵਿਚਲੀ ਇਕ ਥਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿਥੇ ਮਿਲੀਸ਼ੀਆ ਦੇ ਹਥਿਆਰਾਂ ਦਾ ਭੰਡਾਰ ਸੀ। ਇਹ ਥਾਂਵਾਂ ਸੀਰੀਆ ਤੇ ਇਰਾਕ ਦੀਆਂ ਸਰਹੱਦਾਂ ਦੇ ਨਾਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਥਾਂਵਾਂ ਦੀ ਵਰਤੋਂ ਕਟਾਇਬ ਹਿਜ਼ਬੁਲਾ ਤੇ ਕਟਾਇਬ ਸਈਦ ਅਲ ਸ਼ੁਹਾਡਾ ਸਮੇਤ ਇਰਾਨ ਸਮਰਥਕ ਮਿਲੀਸ਼ੀਆ ਦੇ ਅਨੇਕਾਂ ਧੜਿਆਂ ਵੱਲੋਂ ਕੀਤੀ ਜਾਂਦੀ ਹੈ। ਅਮਰੀਕਾ ਦੇ ਰਖਿਆ ਅਧਿਕਾਰੀਆਂ ਅਨੁਸਾਰ ਯੂ ਐਸ ਐਫ–15 ਤੇ ਐਫ –16 ਜੰਗੀ ਜਹਾਜ਼ਾਂ ਨੇ ਇਨ੍ਹਾਂ ਹਵਾਈ ਹਮਲਿਆਂ ਵਿਚ ਹਿੱਸਾ ਲਿਆ। ਰਖਿਆ ਵਿਭਾਗ ਦੇ ਅਧਿਕਾਰਤ ਬੁਲਾਰੇ ਅਨੁਸਾਰ ਹਮਲੇ ਉਪਰੰਤ ਸਾਰੇ ਪਾਇਲਟ ਸੁਰੱਖਿਅਤ ਵਾਪਿਸ ਆ ਗਏ ਹਨ। ਬੁਲਾਰੇ ਅਨੁਸਾਰ ਇਨ੍ਹਾਂ ਹਮਲਿਆਂ ਵਿਚ ਜਮੀਨ ਉਪਰ ਕਿੰਨੇ ਅਤਿਵਾਦੀ ਜਾਂ ਆਮ ਲੋਕ ਮਾਰੇ ਗਏ ਹਨ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਹਮਲਿਆਂ ਤੋਂ ਪਹਿਲਾਂ ਨੇਵੀ ਕਮਾਂਡਰ ਜੈਸਿਕਾ ਮੈਕਨੂਲਟੀ ਨੇ ਕਿਹਾ ਕਿ ਇਰਾਨ ਦੇ ਸਮਰਥਕ ਮਿਲੀਸ਼ੀਆ ਨੇ ਅਪ੍ਰੈਲ ਤੋਂ ਬਾਅਦ ਅਮਰੀਕੀ ਤੇ ਇਸ ਦੇ ਜੋਟੀਦਾਰ ਦੇਸ਼ਾਂ ਦੇ ਫੌਜੀਆਂ ਵੱਲੋਂ ਵਰਤੇ ਜਾਂਦੇ ਟਿਕਾਣਿਆਂ ਉਪਰ 5 ਵਾਰ ਡਰੋਨ ਹਮਲੇ ਕੀਤੇ ਹਨ। ਡਰੋਨ ਹਮਲਿਆਂ ਤੋਂ ਇਲਾਵਾ ਮਿਲੀਸ਼ੀਆ ਨੇ ਰਾਕਟ ਵੀ ਦਾਗੇ ਹਨ। ਮੈਕਨੂਲਟੀ ਅਨੁਸਾਰ ਹਵਾਈ ਹਮਲਿਆਂ ਨਾਲ ਮਿਲੀਸ਼ੀਆ ਧੜਿਆਂ ਦੀ ਜੰਗੀ ਸਮਰੱਥਾ ਘਟ ਜਾਵੇਗੀ ਤੇ ਉਹ ਹੋਰ ਹਮਲੇ ਨਹੀਂ ਕਰ ਸਕਣਗੇ। ਇਥੇ ਜਿਕਰਯੋਗ ਹੈ ਕਿ ਰਾਸ਼ਟਰਪਤੀ ਬਾਇਡਨ ਨੇ ਫਰਵਰੀ ਵਿਚ ਵੀ ਮਿਲੀਸ਼ੀਆ ਗਰੁੱਪਾਂ ਉਪਰ ਇਸ ਕਿਸਮ ਦੇ ਹਮਲੇ ਕਰਨ ਦਾ ਆਦੇਸ਼ ਦਿੱਤਾ ਸੀ। ਉੱਤਰੀ ਇਰਾਕ ਵਿਚ ਹਮਲੇ ਕਰਨ ਸਬੰਧੀ ਬਾਇਡਨ ਦਾ ਇਹ ਪਹਿਲਾ ਆਦੇਸ਼ ਸੀ। ਇਸ ਤੋਂ ਪਹਿਲਾਂ ਮਿਲੀਸ਼ੀਆ ਨੇ ਰਾਕਟ ਹਮਲੇ ਕਰਕੇ ਇਕ ਠੇਕੇਦਾਰ ਨੂੰ ਮਾਰ ਦਿੱਤਾ ਸੀ ਤੇ ਹੋਰ ਕਈ ਅਮਰੀਕੀ ਤੇ ਮਿੱਤਰ ਦੇਸ਼ਾਂ ਦੇ ਫੌਜੀਆਂ ਨੂੰ ਜ਼ਖਮੀ ਕਰ ਦਿੱਤਾ ਸੀ।

ਡਰੋਨ ਹਮਲੇ ਚਿੰਤਾ ਦਾ ਕਾਰਨ– ਅਮਰੀਕੀ ਹਵਾਈ ਸੈਨਾ ਵੱਲੋਂ ਹਮਲੇ ਕਰਨ ਮੌਕੇ ਯੂ ਐਸ ਸੈਂਟਰਲ ਕਮਾਂਡ ਵਿਖੇ ਸਮੁੰਦਰੀ ਫੌਜ ਦੇ ਜਨਰਲ ਕੇਨਥ ਮੈਕੇਨਜ਼ੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਛੋਟੇ ਡਰੋਨਾਂ ਨਾਲ ਹੁੰਦੇ ਹਮਲੇ ਬੇਹੱਦ ਚਿੰਤਾ ਦਾ ਕਾਰਨ ਹਨ।

ਉਨ੍ਹਾਂ ਕਿਹਾ ਕਿ ਛੋਟਾ ਡਰੋਨ ਮਸਾਂ ਮਨੁੱਖ ਦੀ ਬਾਂਹ ਦੀ ਲੰਬਾਈ ਜਿੰਨਾ ਹੰਦਾ ਹੈ ਤੇ ਮੇਰੇ ਵਿਚਾਰ ਅਨੁਸਾਰ ਇਹ ਜਿਆਦਾ ਖਤਰਨਾਕ ਤੇ ਚਿੰਤਾ ਦਾ ਕਾਰਨ ਹਨ। ਉਨ੍ਹਾਂ ਹੋਰ ਕਿਹਾ ਕਿ ਹਮਲਿਆਂ ਕਾਰਨ ਮਿਲੀਸ਼ੀਆ ਦੇ ਹੋਏ ਨੁਕਸਾਨ ਦਾ ਪਤਾ ਲਾਇਆ ਜਾ ਰਿਹਾ ਹੈ।

# ਕਮਲਾ ਹੈਰਿਸ ਨੇ ਉਪ ਰਾਸ਼ਟਰਪਤੀ ਵਜੋਂ ਅਮਰੀਕਾ-ਮੈਕਸੀਕੋ ਸਰਹੱਦ ਦਾ ਕੀਤਾ ਪਹਿਲਾ ਦੌਰਾ



**ਸੈਕਰਾਮੈਂਟੋ 26 ਜਨ (ਹੁਸਨ ਲੜੋਆ ਬੰਗਾ)–** ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਅਮਰੀਕਾ– ਮੈਕਸੀਕੋ ਸਰਹੱਦ ਦਾ ਦੌਰਾ ਕਰਕੇ ਮਾਈਗਰਾਂਟ ਪ੍ਰਾਸੈਸਿੰਗ ਸੈਂਟਰ ਦਾ ਜਾਇਜ਼ਾ ਲਿਆ। ਉਪ ਰਾਸ਼ਟਰਪਤੀ ਵਜੋਂ ਅਮਰੀਕਾ– ਮੈਕਸੀਕੋ ਸਰਹੱਦ ਦਾ ਇਹ ਉਨਾਂ ਦਾ ਪਹਿਲਾ ਦੌਰਾ ਸੀ।

ਉਹ ਐਲ ਪਾਸੋ, ਟੈਕਸਾਸ ਵਿਚ ਦੱਖਣੀ ਸਰੱਹਦ ਉਪਰ ਬਣੇ ਸੈਂਟਰਲ ਪ੍ਰਾਸੈਸਿੰਗ ਸੈਂਟਰ ਵਿਚ ਗਈ ਤੇ ਉਥੇ ਉਹ ਕੇਂਦਰੀ ਅਮਰੀਕਾ ਦੀਆਂ 5 ਨੌਜਵਾਨ ਲੜਕੀਆਂ ਨੂੰ ਮਿਲੀ। ਦੌਰੇ ਦੀ ਸਮਾਪਤੀ 'ਤੇ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੜਕੀਆਂ ਬਿਨਾਂ ਮਾਪਿਆਂ ਦੇ ਉਥੇ ਮੌਜੂਦ ਸਨ ਪਰੰਤੂ ਉਹ ਪੂਰੀ ਤਰਾਂ ਉਤਸ਼ਾਹਿਤ ਸਨ। ਹੈਰਿਸ ਨੇ ਕਿਹਾ ਕਿ ਇਹ ਮਾਮਲਾ ਕੇਵਲ ਰਾਜਸੀ ਮੁੱਦਾ ਨਹੀਂ ਹੈ। ਸਾਨੂੰ ਇਨਾਂ ਪ੍ਰਵਾਸੀਆਂ ਪ੍ਰਤੀ ਸੋਚ ਵਿਚਾਰ ਕੇ ਪ੍ਰਭਾਵੀ ਪਹੁੰਚ ਅਪਣਾਉਣ ਦੀ ਲੋੜ ਹੈ।

ਉਨਾਂ ਨੇ ਪ੍ਰਵਾਸ ਦੇ ਬੁਨਿਆਦੀ ਕਾਰਨਾਂ ਨੂੰ ਹੱਲ ਕਰਨ ਉਪਰ ਜੋਰ ਦਿੱਤਾ। ਹੈਰਿਸ ਨੇ ਕਿਹਾ ਕਿ ਜਦੋਂ ਅਸੀਂ ਸਰਹੱਦ ਉਪਰ ਜੋ ਕੁਝ ਹੋ ਰਿਹਾ ਹੈ, ਉਸ ਬਾਰੇ ਗੱਲਬਾਤ ਕਰਨੀ ਹੈ ਤਾਂ ਸਾਨੂੰ ਇਸ ਤੱਥ ਨੂੰ ਅਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿ ਅਸੀਂ ਮਾਨਵਤਾ ਦੀ ਗੱਲ ਕਰ ਰਹੇ ਹਾਂ। ਉਨਾਂ ਕਿਹਾ ਕਿ ਲੋਕ ਮਜ਼ਬੂਰੀ ਵੱਸ ਆਪਣੇ ਘਰਾਂ ਨੂੰ ਛੱਡਦੇ ਹਨ।

# ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਸਾਬਕਾ ਪੁਲਿਸ ਅਧਿਕਾਰੀ ਡੈਰਕ ਚੌਵਿਨ ਨੂੰ ਸਾਢੇ 22 ਸਾਲ ਕੈਦ

## ਪੀੜਤ ਪਰਿਵਾਰ ਨੇ ਘੱਟ ਸਜ਼ਾ ਦੇਣ ਲਈ ਅਦਾਲਤ ਦੀ ਕੀਤੀ ਅਲੋਚਨਾ



**ਸੈਕਰਾਮੈਂਟੋ 26 ਜੂਨ (ਹੁਸਨ ਲੜੋਆ ਬੰਗਾ)–** ਮਿਨੀ–ਆਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰਕ ਚੌਵਿਨ ਨੂੰ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਅਦਾਲਤ ਨੇ ਸਾਢੇ 22 ਸਾਲ ਕੈਦ ਦੀ ਸਜ਼ਾ ਸੁਣਾਈ ਹੈ। 45 ਸਾਲਾ ਚੌਵਿਨ ਨੂੰ ਤਕਰੀਬਨ 15 ਸਾਲ ਜੇਲ ਦੀਆਂ ਸਲਾਖਾਂ ਪਿਛੇ ਕਟਣੇ ਪੈਣਗੇ। ਹੈਨੇਪਿਨ ਕਾਊਂਟੀ ਅਦਾਲਤ ਦੇ ਜੱਜ ਪੀਟਰ ਕਾਹਿਲ ਨੇ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ ' ਮੇਰਾ ਨਿਰਨਾ ਜਜ਼ਬਾਤਾਂ ਜਾਂ ਹਮਦਰਦੀ ਉਪਰ ਅਧਾਰਤ ਨਹੀਂ ਹੈ ਫਿਰ ਵੀ ਮੈ ਮਾਮਲੇ ਨਾਲ ਜੁੜੇ ਸਾਰੇ ਪਰਿਵਾਰਾਂ ਖਾਸ ਤੌਰ 'ਤੇ ਫਲਾਇਡ ਪਰਿਵਾਰ ਨੂੰ ਪਹੁੰਚੇ ਗਹਿਰੇ ਸਦਮੇ ਨੂੰ ਪ੍ਰਵਾਨ ਕਰਦਾ ਹਾਂ।' ਜੱਜ ਨੇ ਹੋਰ ਕਿਹਾ ਚੌਵਿਨ ਨੇ ਭਰੋਸਾ ਤੋੜਿਆ ਹੈ ਤੇ ਉਹ ਫਲਾਇਡ ਨਾਲ ਬਹੁਤ ਹੀ ਕਰੂਰਤਾ ਨਾਲ ਪੇਸ਼ ਆਇਆ। ਚੌਵਿਨ ਨੂੰ ਇਸ ਸਾਲ ਅਪਰੈਲ ਵਿਚ ਅਦਾਲਤ ਨੇ 46 ਸਾਲਾ ਫਲਾਇਡ ਦੀ ਸੈਕੰਡ ਤੇ ਥਰਡ ਡਿਗਰੀ ਹੱਤਿਆ ਲਈ ਦੋਸ਼ੀ ਕਰਾਰ ਦਿੱਤਾ ਸੀ ਤੇ ਉਸ ਨੂੰ ਜਿਨਾਂ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ, ਉਨਾਂ ਤਹਿਤ 30 ਸਾਲ ਤੱਕ ਸਜ਼ਾ ਹੋ ਸਕਦੀ ਸੀ। ਫਲਾਇਡ ਪਰਿਵਾਰ ਦੇ ਮੈਂਬਰਾਂ, ਵਕੀਲਾਂ ਤੇ ਸਮਾਜਿਕ ਕਾਰਕੁੰਨਾਂ ਨੇ ਚੌਵਿਨ ਪ੍ਰਤੀ ਵਰਤੀ ਨਰਮੀ ਲਈ ਅਦਾਲਤ ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਦਿੱਤੀ ਗਈ ਸਜ਼ਾ ਨਾਲ ਸੰਤੁਸ਼ਟ ਨਹੀਂ ਹਨ। ਜਾਰਜ ਫਲਾਇਡ ਦੇ ਭਤੀਜੇ ਬਰੈਨਡਨ ਵਿਲਿਅਮਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਢੇ 22 ਸਾਲ ਸਜ਼ਾ ਕਾਫੀ ਨਹੀਂ ਹੈ। ਉਨਾਂ ਕਿਹਾ ਕਿ ਘੱਟ ਸਜ਼ਾ ਦੇ ਕੇ ਅਸੀਂ ਦੇਸ਼ ਨੂੰ ਕਿਸ ਤਰਾਂ ਦਾ ਸੰਦੇਸ਼ ਦੇਣਾ ਚਹੁੰਦੇ ਹਾਂ? ਦੂਸਰੇ ਪਾਸੇ ਮਿਨੀਏਸੋਟਾ ਦੇ ਅਟਾਰਨੀ ਜਨਰਲ ਕੀਥ ਐਲੀਸਨ ਨੇ ਸਜ਼ਾ ਨੂੰ " ਦੇਸ਼ ਲਈ ਅਹਿਮ ਪਲ' ਕਿਹਾ ਹੈ। ਉਨਾਂ ਕਿਹਾ ਕਿ ਮਾਮਲੇ ਦਾ ਨਤੀਜ਼ਾ ਵਿਸ਼ੇਸ਼ ਮਹੱਤਵ ਰੱਖਦਾ ਹੈ ਪਰੰਤੂ ਇਹ ਆਪਣੇ ਆਪ ਵਿਚ ਕਾਫੀ ਨਹੀਂ ਹੈ। ਸਮਾਜ ਨੂੰ ਬਦਲਣ ਲਈ ਸਾਨੂੰ ਬਹੁਤ ਕੁਝ ਕਰਨਾ ਪਵੇਗਾ। ਇਸ ਨਿਰਨੇ ਨੇ ਇਕ ਰਾਹ ਵਿਖਾਇਆ ਹੈ ਜੋ ਰਾਹ ਨਿਆਂ ਵਲ ਜਾਂਦਾ ਹੈ।" ਨਿਰਨੇ ਤੋਂ ਪਹਿਲਾਂ ਅਦਾਲਤ ਵਿਚ ਚੌਵਿਨ ਨੇ ਫਲਾਇਡ ਦੇ ਪਰਿਵਾਰ ਪ੍ਰਤੀ ਹਮਦਰਦੀ ਜਰੂਰ ਪ੍ਰਗਟਾਈ ਪਰੰਤੂ ਆਪਣੇ ਗੁਨਾਹ ਲਈ ਮੁਆਫੀ ਨਹੀਂ ਮੰਗੀ।

# ਪੁਲਿਸ ਅਫਸਰ ਹੱਥੋਂ ਮਾਰ ਗਏ ਜੌਹਨੀ ਹਰਲੇਅ ਨਾਮੀ ਵਿਅਕਤੀ ਨੂੰ ਹੀਰੋ ਕਰਾਰ ਦਿੱਤਾ

**ਸੈਕਰਾਮੈਂਟੋ 27 ਜੂਨ (ਹੁਸਨ ਲੜੋਆ ਬੰਗਾ)** ਇਸ ਹਫਤੇ ਦੇ ਸ਼ੁਰੂ ਵਿਚ ਪੁਲਿਸ ਅਫਸਰ ਦੀ ਗੋਲੀ ਨਾਲ ਮਾਰੇ ਗਏ 40 ਸਾਲਾ ਜੌਹਨੀ ਹਰਲੇਅ ਨਾਮੀ ਵਿਅਕਤੀ ਨੂੰ ਪੁਲਿਸ ਵਿਭਾਗ ਨੇ 'ਹੀਰੋ' ਦਾ ਰੁਤਬਾ ਦਿੱਤਾ ਹੈ। ਅਵਾਡਾ ਦੇ ਪੁਲਿਸ ਵਿਭਾਗ ਨੇ ਕਿਹਾ ਹੈ ਕਿ ਵੀਡੀਓ ਰਿਕਾਰਡਿੰਗ ਤੋਂ ਇਹ ਸਪਸ਼ਟ ਹੋਇਆ ਹੈ ਕਿ



ਹਰਲੇਅ ਨੇ ਅਵਾਡਾ ਕੋਲੋਰਾਡੋ, ਵਿਚ ਪੁਲਿਸ ਅਫਸਰ ਗੌਰਡਨ ਬੀਸਲੇਅ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਵਾਲੇ ਸ਼ੱਕੀ ਰੋਨਾਲਡ ਟਰਾਇਕੇ ਦਾ ਪਿੱਛਾ ਕਰਕੇ ਉਸ ਨੂੰ ਆਪਣੀ ਹੈਂਡਗੰਨ ਨਾਲ ਮਾਰ ਮੁਕਾਇਆ। ਪੁਲਿਸ ਵਿਭਾਗ ਅਨੁਸਾਰ ਬਾਅਦ ਵਿਚ ਮੌਕੇ 'ਤੇ ਪੁੱਜੇ ਇਕ ਹੋਰ ਪੁਲਿਸ ਅਧਿਕਾਰੀ ਨੇ ਹਰਲੇਅ ਦੇ ਹੱਥ ਵਿਚ ਸ਼ੱਕੀ ਏ ਆਰ–15 ਵੇਖ ਕੇ ਉਸ ਉਪਰ ਗੋਲੀਆਂ ਚਲਾ ਕੇ ਉਸ ਨੂੰ ਖਤਮ ਕਰ ਦਿੱਤਾ । ਪੁਲਿਸ ਵਿਭਾਗ ਅਨੁਸਾਰ ਹਰਲੇਅ ਨੇ ਗੋਲੀਬਾਰੀ ਵਿਚ ਐਨ ਸਮੇਂ ਸਿਰ ਦਖਲ ਦੇ ਕੇ ਸ਼ੱਕੀ ਹਮਲਾਵਰ ਰੋਨਾਲਡ ਟਰਾਇਕੇ ਨੂੰ ਮਾਰ ਮੁਕਾਇਆ ਨਹੀਂ ਤਾਂ ਸ਼ੱਕੀ ਹੋਰ ਵਿਅਕਤੀਆਂ ਦੀਆਂ ਜਾਨਾਂ ਲੈ ਸਕਦਾ ਸੀ। ਪੁਲਿਸ ਨੇ ਕਿਹਾ ਹੈ ਕਿ ਹਰਲੇਅ ਸੱਚਮੁੱਚ ਹੀਰੋ ਸੀ।

# ਅਮਰੀਕਾ ਵਿਚ ਕੁਲ ਕੋਵਿਡ ਮਾਮਲਿਆਂ ਵਿਚੋਂ 20% ਡੈਲਟਾ ਵਾਇਰਸ ਦੇ ਮਾਮਲੇ -ਡਾ ਫੌਚੀ!

**ਸੈਕਰਾਮੈਂਟੋ 27 ਜੂਨ –** ਅਮਰੀਕਾ ਵਿਚ ਕੋਵਿਡ–19 ਮਹਾਂਮਾਰੀ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਵਿਚ ਡੈਲਟਾ ਵਾਇਰਸ ਵੱਡਾ ਖਤਰਾ ਬਣਿਆ ਹੋਇਆ ਹੈ ਤੇ ਇਸ ਸਮੇਂ ਦੇਸ਼ ਦੇ ਕੁਲ ਕੋਵਿਡ ਮਾਮਲਿਆਂ ਵਿਚੋਂ 20% ਤੋਂ ਵਧ ਮਾਮਲੇ ਡੈਲਟਾ ਵਾਇਰਸ ਦੇ ਹਨ। ਇਹ ਪ੍ਰਗਟਾਵਾ ਚੋਟੀ ਦੇ ਮਾਹਿਰ ਡਾ ਐਨਥਨੀ ਫੌਚੀ ਨੇ ਕੀਤਾ ਹੈ।

ਵਾਈਟ ਹਾਊਸ ਵਿਖੇ ਕੋਵਿਡ–19 ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਦਾ ਜਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਕੋਸ਼ਿਸ਼ਾਂ ਦੇ ਰਾਹ ਵਿਚ ਡੈਲਟਾ ਵਾਇਰਸ ਵੱਡੀ ਰੁਕਾਵਟ ਬਣਦਾ ਨਜ਼ਰ ਆ ਰਿਹਾ ਹੈ। 8 ਮਈ ਨੂੰ ਡੈਲਟਾ ਵਾਇਰਸ ਦੇ ਜੋ ਮਾਮਲੇ 1.2% ਸਨ ਉਹ ਪਿਛਲੇ ਕੁਝ ਦਿਨਾਂ ਵਿਚ ਹੀ ਵਧ ਕੇ ਕੁਲ ਮਾਮਲਿਆਂ ਦਾ 20. 6% ਹੋ ਗਏ ਹਨ। ਡਾ ਫੌਕੀ ਨੇ ਕਿਹਾ ਕਿ ਯੂ ਕੇ ਵਾਂਗ ਇਸ ਵੇਲੇ ਅਮਰੀਕਾ ਲਈ ਸਭ ਤੋਂ ਵੱਡਾ ਖਤਰਾ ਡੈਲਟਾ ਵਾਇਰਸ ਤੋਂ ਹੈ। ਉਨ੍ਹਾਂ ਕਿਹਾ ਕਿ ਅਸਲ ਕੋਵਿਡ ਵਾਇਰਸ ਤੇ ਐਲਫਾ ਵਾਇਰਸ ਦੀ ਤੁਲਨਾ ਵਿਚ ਡੈਲਟਾ ਵਾਇਰਸ ਦੇ ਫੈਲਣ ਦੀ ਰਫਤਾਰ ਵਧ ਹੈ ਤੇ ਇਹ ਇਕ ਮਨੁੱਖ ਤੋਂ ਦੂਸਰੇ ਮਨੁੱਖ ਵਿਚ ਆਸਾਨੀ ਨਾਲ ਪੈਰਵੇਸ਼ ਕਰ ਸਕਦਾ ਹੈ। ਇਹ ਵਾਇਰਸ ਬਿਮਾਰੀ ਦੀ ਗੰਭੀਰਤਾ ਨੂੰ ਹੋਰ ਵਧਾ ਦਿੰਦਾ ਹੈ।

ਇਸ ਦੇ ਨਾਲ ਹੀ ਡਾਕਟਰ ਫੌਚੀ ਨੇ ਕਿਹਾ ਕਿ ਇਹ ਇਕ ਚੰਗੀ ਖਬਰ ਹੈ ਕਿ ਫਾਇਜ਼ਰ–ਬਾਇਓਨਟੈਕ ਤੇ ਆਕਸਫੋਰਡ–ਐਸਟਰਾਜ਼ੈਨਿਕ ਵੈਕਸੀਨ ਡੈਲਟਾ ਵਾਇਰਸ ਵਿਰੁੱਧ ਪ੍ਰਭਾਵੀ ਤੇ ਕਾਰਗਰ ਹਨ। ਉਨ੍ਹਾਂ ਕਿਹਾ ਕਿ ਫਾਈਜ਼ਰ ਦਾ ਦੂਸਰਾ ਟੀਕਾ ਲਵਾਉਣ ਤੋਂ ਦੋ ਹਫਤੇ ਬਾਅਦ ਡੈਲਟਾ ਵਾਇਰਸ ਵਿਰੁੱਧ 88% ਪ੍ਰਭਾਵੀ ਸਾਬਤ ਹੋਇਆ ਹੈ ਜਦ ਕਿ ਇਹ ਟੀਕਾ ਐਲਫਾ ਵਾਇਰਸ ਵਿਰੁੱਧ 93% ਪ੍ਰਭਾਵੀ ਹੈ।

# ਸ਼ਿਕਾਗੋ ਵਿਚ ਦੋ ਥਾਵਾਂ 'ਤੇ ਹੋਈ ਗੋਲੀਬਾਰੀ ਵਿਚ 2 ਮੌਤਾਂ ਤੇ 15 ਜ਼ਖਮੀ



**ਸੈਕਰਾਮੈਂਟੋ 29 ਜੂਨ–**ਸ਼ਿਕਾਗੋ ਦੀ ਇਕ ਹੋਰ ਰਾਤ ਹਿੰਸਾ ਦੀ ਭੇਟ ਚੜ ਗਈ। ਦੋ ਥਾਵਾਂ ਉਪਰ ਹੋਈ ਗੋਲੀਬਾਰੀ ਵਿਚ 2 ਵਿਅਕਤੀਆਂ ਦੀ ਮੌਤ ਹੋ ਗਈ ਤੇ ਘੱਟੋ ਘੱਟ 15 ਹੋਰ ਜ਼ਖਮੀ ਹੋ ਗਏ। ਪੁਲਿਸ ਵਿਭਾਗ ਅਨੁਸਾਰ ਪਹਿਲੀ ਘਟਨਾ ਵਿਚ ਤਿੰਨ ਵਿਅਕਤੀਆਂ ਨੇ ਸਾਊਥ ਆਰਟਏਸ਼ੀਅਨ ਐਵਨਿਊ ਖੇਤਰ ਵਿਚ ਭੀੜ ਉਪਰ ਗੋਲੀਆਂ ਚਲਾਈਆਂ ਜਿਸ ਵਿਚ ਇਕ ਔਰਤ ਮਾਰੀ ਗਈ ਤੇ 4 ਹੋਰ ਔਰਤਾਂ ਸਮੇਤ 10 ਹੋਰ ਵਿਅਕਤੀ ਜ਼ਖਮੀ ਹੋਏ ਹਨ ਜਿਨ੍ਹਾਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਇਨ੍ਹਾਂ ਵਿਚ ਸ਼ਾਮਿਲ 21 ਤੋਂ 42 ਸਾਲ ਦੇ 6 ਵਿਅਕਤੀਆਂ ਦੀਆਂ ਲੱਤਾਂ ਤੇ ਧੜ ਵਿਚ ਗੋਲੀਆਂ ਵੱਜੀਆਂ ਹਨ। ਇਨ੍ਹਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਇਕ ਹੋਰ ਘਟਨਾ ਵਿਚ ਇਕ ਔਰਤ ਮਾਰੀ ਗਈ ਤੇ 15 ਤੋਂ 21 ਸਾਲ ਦੇ 5 ਨੌਜਵਾਨ ਜ਼ਖਮੀ ਹੋਏ ਹਨ ਜਿਨ੍ਹਾਂ ਦੀ ਹਾਲਤ ਸਥਿਰ ਹੈ।। ਔਰਤ ਦੇ 6 ਗੋਲੀਆਂ ਵੱਜੀਆਂ ਜੋ ਯੂਨੀਵਰਸਿਟੀ ਆਫ ਸ਼ਿਕਾਗੋ ਮੈਡੀਕਲ ਸੈਂਟਰ ਵਿਚ ਦਮ ਤੋੜ ਗਈ। ਪੁਲਿਸ ਅਨੁਸਾਰ ਅਜੇ ਤੱਕ ਗੋਲੀਬਾਰੀ ਦੀਆਂ ਇਨ੍ਹਾਂ ਘਟਨਾਵਾਂ ਲਈ ਜਿੰਮੇਵਾਰ ਕਿਸੇ ਸ਼ੱਕੀ ਵਿਅਕਤੀ ਦੀ ਪਛਾਣ ਨਹੀਂ ਹੋਈ ਤੇ ਨਾ ਹੀ ਗੋਲੀਬਾਰੀ ਦੇ ਮੰਤਵ ਬਾਰੇ ਸਪਸ਼ਟ ਹੋ ਸਕਿਆ ਹੈ। ਮੇਅਰ ਲੌਰੀ ਲਾਈਟਫੁੱਟ ਨੇ ਕਿਹਾ ਹੈ ਕਿ ਸ਼ੁਰੂਆਤੀ ਸੂਚਨਾ ਵਿਚ ਪਤਾ ਲੱਗਾ ਹੈ ਕਿ ਗੋਲੀਬਾਰੀ ਦੀਆਂ ਇਹ ਘਟਨਾਵਾਂ ਗਿਰੋਹ ਵਿਚਲੇ ਆਪਸੀ ਟਕਰਾਅ ਦਾ ਸਿੱਟਾ ਹਨ। ਮੇਅਰ ਅਨੁਸਾਰ ਸਾਡੇ ਸਮਾਜ ਵਿਚ ਕੁਝ ਅਜਿਹੇ ਅਨਸਰ ਹਨ ਜਿਨ੍ਹਾਂ ਵਿਚ ਬਦਲਾ ਲੈਣ ਦੀ ਪੈਰਵਿਰਤੀ ਪਾਈ ਜਾਂਦੀ ਹੈ ਤੇ ਉਹ ਬਦਲਾ ਲੈਣ ਲਈ ਕਦਰਾਂ ਕੀਮਤਾਂ ਦੀ ਪਰਵਾਹ ਨਹੀਂ ਕਰਦੇ। ਇਹ ਬਹੁਤ ਚਿੰਤਾ ਦਾ ਵਿਸ਼ਾ ਹੈ। ਪੁਲਿਸ ਅਨੁਸਾਰ ਪਿਛਲੇ ਇਕ ਹਫਤੇ ਦੌਰਾਨ ਸ਼ਹਿਰ ਵਿਚ ਗੋਲੀਬਾਰੀ ਦੀਆਂ 46 ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਵਿਚ 74 ਲੋਕਾਂ ਨੂੰ ਗੋਲੀਆਂ ਮਾਰੀਆਂ ਗਈਆਂ ਹਨ। 6 ਲੋਕਾਂ ਦੀ ਮੌਤ ਹੋਈ ਹੈ।

# ਅਕਾਲੀ ਦਲ-ਬਸਪਾ ਗੱਠਜੋੜ: ਬਦਲਦੇ ਸਮੀਕਰਨ



**Ronki Ram**
Shaheed Bhagat Singh Chair Professor of Political Science
Panjab University, Chandigarh
*ronkiram@yahoo.co.in*
Visiting Professor, Centre for Sikh and Panjabi Studies,
University of Wolverhampton, UK

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਮੂਲ ਵਿਰਾਸਤ ਵਾਲੀ ਸਿਆਸੀ ਪਾਰਟੀ ਹੈ। ਹਾਲ ਹੀ ਵਿਚ ਇਸ ਦਾ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਚੋਣ ਗੱਠਜੋੜ ਹੋਇਆ ਹੈ। ਬਸਪਾ ਦਾ ਜਨਮ ਵੀ ਪੰਜਾਬ ਦੀ ਧਰਤੀ 'ਤੇ ਹੀ ਹੋਇਆ ਸੀ ਜਿੱਥੇ ਦਲਿਤਾਂ ਦੀ ਇਕ ਤਿਹਾਈ ਆਬਾਦੀ ਰਹਿੰਦੀ ਹੈ ਪਰ ਇਹ ਗੱਲ ਵੱਖਰੀ ਹੈ ਕਿ ਬਸਪਾ ਦੇ ਯਤਨਾਂ ਨੂੰ ਪਹਿਲੀ ਵਾਰ ਬੂਰ ਹਿੰਦੀ ਪੱਟੀ ਦੇ ਪ੍ਰਮੁੱਖ ਸੂਬੇ ਉੱਤਰ ਪ੍ਰਦੇਸ਼ ਵਿਚ ਪਿਆ ਸੀ। ਅਕਾਲੀ ਦਲ ਅਤੇ ਬਸਪਾ ਇਸ ਵੇਲੇ ਔਖੇ ਸਿਆਸੀ ਹਾਲਾਤ 'ਚੋਂ ਲੰਘ ਰਹੀਆਂ ਹਨ। ਇਕ ਪਾਸੇ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਵਜੋਂ ਆਪਣੀ ਵਿਰਾਸਤ ਦਾ ਰੁਤਬਾ ਕਾਇਮ ਰੱਖਣ ਅਤੇ ਆਪਣੇ ਮੂਲ ਜਨ ਆਧਾਰ, ਭਾਵ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਨਾ ਕਰ ਸਕਣ ਕਰ ਕੇ ਮੁਸ਼ਕਿਲਾਂ ਨਾਲ ਜੂਝ ਰਹੀ ਹੈ, ਦੂਜੇ ਪਾਸੇ ਬਸਪਾ ਲਈ ਵੀ ਪੰਜਾਬ ਵਿਚ ਆਪਣੀ ਹੋਂਦ ਬਚਾਉਣ ਦਾ ਸੰਕਟ ਹੈ। ਅਕਾਲੀ ਦਲ ਨੂੰ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਦਾ ਭਿਆਲ ਹੁੰਦਿਆਂ ਕੇਂਦਰ ਸਰਕਾਰ ਦੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਤੋਂ ਛਿੜੇ ਵਿਵਾਦ ਕਾਰਨ ਕਿਸਾਨਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਦੇ ਜ਼ਿਆਦਾਤਰ ਦਲਿਤ ਹਾਲਾਂਕਿ ਬੇਜ਼ਮੀਨੇ ਖੇਤ ਮਜ਼ਦੂਰ ਹਨ ਪਰ ਇਹਨਾਂ ਤਿੰਨ ਕਾਨੂੰਨਾਂ ਦਾ ਸੇਕ ਉਹਨਾਂ ਤੱਕ ਵੀ ਅੱਪੜ ਰਿਹਾ ਹੈ। ਇਸ ਕਰ ਕੇ ਜਮਾਤੀ ਟਕਰਾਅ ਦੇ ਬਾਵਜੂਦ ਕਿਸਾਨਾਂ ਅਤੇ ਬੇਜ਼ਮੀਨੇ ਦਲਿਤ ਖੇਤ ਮਜ਼ਦੂਰ ਇਹਨਾਂ ਕਾਨੂੰਨਾਂ ਦਾ ਵਿਰੋਧ ਕਰਨ ਲਈ ਇਕ ਦੂਜੇ ਦੇ ਕਰੀਬ ਆ ਗਏ ਹਨ। ਕਿਸਾਨ ਅੰਦੋਲਨ ਨੂੰ ਪੰਜਾਬ ਦੀਆਂ ਵੱਖ ਵੱਖ ਖੇਤ ਮਜ਼ਦੂਰ ਯੂਨੀਅਨਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ ਤੇ ਇਸ ਨਾਲ ਤੰਗ-ਨਜ਼ਰ ਜਾਤੀ ਵਲਗਣਾਂ ਮਿਟੀਆਂ ਹਨ ਅਤੇ ਵਿਆਪਕ ਕਿਸਾਨ ਮਜ਼ਦੂਰ ਏਕਤਾ ਦਾ ਅਹਿਸਾਸ ਪੈਦਾ ਹੋ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਖਦਸ਼ਾ ਹੈ ਕਿ ਇਸ ਨਵੀਂ ਉੱਭਰ ਰਹੀ ਕਿਸਾਨ ਮਜ਼ਦੂਰ ਏਕਤਾ ਦਾ ਕਿਤੇ ਉਸ ਉੱਤੇ ਉਲਟਾ ਸਿਆਸੀ ਅਸਰ ਨਾ ਪਵੇ, ਇਸ ਲਈ ਉਹ ਭਾਜਪਾ ਨਾਲੋਂ ਸਬੰਧ ਤੋੜ ਕੇ ਐੱਨਡੀਏ 'ਚੋਂ ਬਾਹਰ ਆ ਗਿਆ ਅਤੇ ਫਿਰ ਉਸ ਨੇ ਅਗਲੀਆਂ ਚੋਣਾਂ ਵਿਚ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਹਾਸਲ ਕਰਨ ਦੀ ਉਮੀਦ ਨਾਲ ਬਸਪਾ ਨਾਲ ਗੱਠਜੋੜ ਕਰ ਲਿਆ। ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਚੋਖੀ ਵਸੋਂ ਹੈ ਜਿਸ ਦਾ ਵੱਡਾ ਹਿੱਸਾ ਜਲੰਧਰ, ਨਵਾਂ ਸ਼ਹਿਰ, ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲਿਆਂ ਤੋਂ ਬਣੇ ਦੋਆਬਾ ਖੇਤਰ ਵਿਚ ਰਹਿੰਦਾ ਹੈ। ਉਂਜ, ਸਿਤਮਜ਼ਰੀਫ਼ੀ ਇਹ ਹੈ ਕਿ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਚੋਖੀ ਤਾਦਾਦ ਹੋਣ ਦੇ ਬਾਵਜੂਦ ਸੂਬੇ ਵਿਚ ਬਸਪਾ ਅਜਿਹਾ ਇਕ ਵੀ ਆਗੂ ਪੈਦਾ ਨਹੀਂ ਕਰ ਸਕੀ ਜੋ ਘੱਟੋ-ਘੱਟ ਗੱਠਜੋੜ ਦਾ ਐਲਾਨ ਕਰਨ ਮੌਕੇ ਹੀ ਆਪਣੀ ਮੌਜੂਦਗੀ ਦਰਸਾਉਂਦਾ।

12 ਜੂਨ ਨੂੰ ਹੋਏ ਚੋਣ ਗੱਠਜੋੜ ਦੀ ਕਾਰਗਰਤਾ ਨੂੰ ਲੈ ਕੇ ਅਕਾਲੀ ਦਲ ਅਤੇ ਬਸਪਾ ਦੇ ਆਗੂਆਂ ਦੇ ਵੱਖੋ-ਵੱਖਰੇ ਮੱਤ ਹਨ। ਅਕਾਲੀ ਦਲ ਨੂੰ ਕਿਸਾਨ ਅੰਦੋਲਨ ਵਿਚ ਘਿਰ ਜਾਣ ਕਾਰਨ ਭਾਜਪਾ ਨਾਲ ਪੰਝੀ ਸਾਲਾਂ ਤੋਂ ਚਲਿਆ ਆ ਰਿਹਾ ਗੱਠਜੋੜ ਤੋੜਨਾ ਪਿਆ ਅਤੇ ਹੁਣ ਇਸ ਨੇ ਪੰਜਾਬ ਵਿਚ ਦਲਿਤਾਂ ਤੇ ਅਕਾਲੀਆਂ ਦਰਮਿਆਨ ਸਿਆਸੀ ਏਕਤਾ ਦਾ ਭੁੱਲਿਆ ਵਿੱਸਰਿਆ ਰਾਹ ਚੁਣ ਲਿਆ ਹੈ। ਇਸ ਤਰਾਂ ਯਕਦਮ ਭਾਜਪਾ ਨਾਲ ਤੋੜ-ਤੜਿੱਕ ਕਰ ਕੇ ਪੈਦਾ ਹੋਏ ਸਿਆਸੀ ਖਲਾਅ ਨੂੰ ਅਨੁਸੂਚਿਤ ਜਾਤੀਆਂ ਦੀਆਂ ਵੋਟਾਂ ਨਾਲ ਭਰਨ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਂਜ, ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਲਈ ਇਹ ਗੱਠਜੋੜ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਉਹਨਾਂ ਦੇ ਹਿੱਤਾਂ ਦੀ ਕੀਮਤ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ ਨੂੰ ਮਜ਼ਬੂਤ ਕਰਨ ਦੀ ਮਨਸੂਬਾਬੰਦੀ ਦਾ ਸਿੱਟਾ ਜਾਪਦਾ ਹੈ। ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਅਤੇ ਬਸਪਾ ਦੀ ਸੁਪਰੀਮੋ ਮਾਇਆਵਤੀ ਦੇ ਇਕ ਗ਼ੈਰ-ਦਲਿਤ ਵਫ਼ਾਦਾਰ ਸਤੀਸ਼ ਚੰਦਰ ਮਿਸ਼ਰਾ ਵਲੋਂ ਗੱਠਜੋੜ ਦਾ ਐਲਾਨ ਕਰਨ ਤੋਂ ਕੁਝ ਦਿਨਾਂ ਦੇ ਅੰਦਰ ਹੀ ਉਹਨਾਂ (ਅਨੁਸੂਚਿਤ ਜਾਤੀਆਂ) ਅੰਦਰ ਧੁਕਧੁਕੀ ਹੋਣ ਲੱਗ ਪਈ ਹੈ।

ਬਸਪਾ ਦੀ ਪੰਜਾਬ ਇਕਾਈ ਦੇ ਮੁਕਾਮੀ ਅਹੁਦੇਦਾਰਾਂ ਨੇ ਪਾਰਟੀ ਲਈ ਛੱਡੀਆਂ ਸੀਟਾਂ ਨੂੰ ਲੈ ਕੇ ਨਾਖ਼ੁਸ਼ੀ ਜ਼ਾਹਿਰ ਕੀਤੀ ਹੈ। ਅਕਾਲੀ ਦਲ ਨਾਲ ਗੱਠਜੋੜ ਵੇਲੇ ਭਾਜਪਾ ਨੂੰ 23 ਸੀਟਾਂ ਛੱਡੀਆਂ ਜਾਂਦੀਆਂ ਸਨ ਜਦਕਿ ਬਸਪਾ ਦੇ ਹਿੱਸੇ 20 ਸੀਟਾਂ ਹੀ ਆਈਆਂ ਹਨ ਜਿਹਨਾਂ 'ਚੋਂ ਅੱਠ ਦੋਆਬੇ, ਸੱਤ ਮਾਲਵੇ ਅਤੇ ਪੰਜ ਸੀਟਾਂ ਮਾਝੇ 'ਚੋਂ ਹਨ। ਇਹੀ ਨਹੀਂ, ਬਸਪਾ ਨੂੰ ਉਹ ਸੀਟਾਂ ਵੀ ਨਹੀਂ ਮਿਲੀਆਂ ਜਿੱਥੇ ਇਸ ਦੇ ਉਮੀਦਵਾਰਾਂ ਨੇ ਪਿਛਲੀਆਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਿਚ ਬਿਹਤਰ ਕਾਰਗੁਜ਼ਾਰੀ ਦਿਖਾਈ ਸੀ। ਉਹਨਾਂ ਪਾਰਟੀ ਲੀਡਰਸ਼ਿਪ ਨੂੰ ਦਲਿਤ ਦਬਦਬੇ ਵਾਲੀਆਂ ਉਹ ਸੀਟਾਂ ਲੈਣ ਲਈ ਦਬਾਅ ਪਾਉਣ ਲਈ ਕਿਹਾ ਹੈ ਜੋ ਅਕਾਲੀ ਦਲ ਦੇ ਖਾਤੇ ਵਿਚ ਚਲੀਆਂ ਗਈਆਂ ਹਨ।



ਨਵੇਂ ਗੱਠਜੋੜ ਦਾ ਅਸਰ ਕਿਹੋ ਜਿਹਾ ਰਹੇਗਾ, ਇਸ ਬਾਰੇ ਫਿਲਹਾਲ ਕੋਈ ਵੀ ਪੇਸ਼ੀਨਗੋਈ ਕਰਨਾ ਜਲਦਬਾਜ਼ੀ ਹੋਵੇਗੀ ਪਰ ਸੂਬੇ ਦੀਆਂ ਸਮਾਜੀ-ਸਿਆਸੀ ਤੇ ਆਰਥਿਕ ਹਕੀਕਤਾਂ 'ਤੇ ਸਰਸਰੀ ਝਾਤ ਮਾਰਿਆਂ ਪਤਾ ਲੱਗ ਜਾਂਦਾ ਹੈ ਕਿ ਆਉਣ ਵਾਲੇ ਮਹੀਨਿਆਂ 'ਚ ਹਵਾ ਦਾ ਰੁਖ਼ ਕੀ ਹੋ ਸਕਦਾ ਹੈ। ਜੱਟ ਸਿੱਖ ਅਤੇ ਦਲਿਤ ਸੂਬੇ ਦੇ ਦੋ ਪ੍ਰਮੁੱਖ ਭਾਈਚਾਰੇ ਹਨ ਜੋ ਆਰਥਿਕ ਤੇ ਸਮਾਜਿਕ ਦਰਜੇ ਪੱਖੋਂ ਦੋ ਪਾਟਾਂ ਵਿਚ ਵੰਡੇ ਹੋਏ ਹਨ। ਜੱਟ ਸਿੱਖਾਂ ਦੀ ਬਹੁਗਿਣਤੀ ਜ਼ਮੀਨ ਦੀ ਮਾਲਕ ਹੈ ਜਦਕਿ ਅਨੁਸੂਚਿਤ ਜਾਤੀਆਂ ਦੀ ਵੱਡੀ ਸੰਖਿਆ ਬੇਜ਼ਮੀਨੇ ਖੇਤ ਮਜ਼ਦੂਰ ਰਹੀ ਹੈ। ਆਰਥਿਕ ਅਸਮਾਨਤਾ ਤੋਂ ਇਲਾਵਾ ਸੂਬੇ ਦੀ ਸਿਆਸੀ ਲੀਡਰਸ਼ਿਪ 'ਤੇ ਕੰਟਰੋਲ ਦੇ ਜਾਤੀਗਤ ਲਿਹਾਜ਼ ਤੋਂ ਜੱਟ ਸਿੱਖ ਬਿਹਤਰ ਪੁਜ਼ੀਸ਼ਨ ਦੀ ਮਾਲਕ ਹੈ। ਇਹ ਦੋਵੇਂ ਭਾਈਚਾਰੇ ਆਪਣੇ ਮਖ਼ਸੂਮ ਸਮਾਜੀ ਮਾਹੌਲ ਵਿਚ ਵਿਚਰਦੇ ਹਨ। ਕਈ ਥਾਂਵਾਂ 'ਤੇ ਉਹਨਾਂ ਦੇ ਸ਼ਮਸ਼ਾਨਘਾਟ ਅਤੇ ਧਾਰਮਿਕ ਸਥਾਨ ਵੀ ਵੱਖੋ-ਵੱਖਰੇ ਹਨ। ਹਾਲਾਂਕਿ ਦੋਵੇਂ ਭਾਈਚਾਰਿਆਂ ਦੀ ਬਹੁਸੰਖਿਆ ਪਿੰਡਾਂ ਵਿਚ ਹੀ ਵੱਸਦੀ ਹੈ ਪਰ ਇਹਨਾਂ ਦੇ ਵਸੇਬੇ ਵੀ ਵੱਖੋ-ਵੱਖਰੇ ਹਨ।

ਇਸ ਪ੍ਰਸੰਗ ਵਿਚ ਸਾਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ-ਬਸਪਾ ਗੱਠਜੋੜ ਦੀ ਕਾਰਗਰਤਾ ਦੇ ਆਲੋਚਨਾਤਮਿਕ ਅਧਿਐਨ ਦੀ ਲੋੜ ਹੈ। ਸਮਾਜ ਅੰਦਰ ਪਏ ਜਾਤੀ ਪਾੜੇ ਦੇ ਮੱਦੇਨਜ਼ਰ ਇਸ ਗੱਲ ਦੇ ਆਸਾਰ ਘੱਟ ਜਾਪਦੇ ਹਨ ਕਿ ਇਸ ਗੱਠਜੋੜ ਦੇ ਸਹਾਰੇ ਅਨੁਸੂਚਿਤ ਜਾਤੀਆਂ ਦੀਆਂ ਬਹੁਤੀਆਂ ਵੋਟਾਂ ਅਕਾਲੀ ਦਲ ਦੇ ਹੱਕ ਵਿਚ ਭੁਗਤ ਸਕਣਗੀਆਂ। ਅਗਲੀ ਗੱਲ ਇਹ ਹੈ ਕਿ ਅਨੁਸੂਚਿਤ ਜਾਤੀਆਂ ਦਾ ਕੋਈ ਇਕਹਿਰਾ ਵਰਗ ਨਹੀਂ ਹੈ। ਇਹ ਵੀ 39 ਜਾਤਾਂ ਅਤੇ ਵੱਖੋ-ਵੱਖਰੇ ਧਰਮਾਂ ਤੇ ਫ਼ਿਰਕਿਆਂ ਵਿਚ ਵੰਡੀਆਂ ਹੋਈਆਂ ਹਨ ਜਿਵੇਂ ਵਾਲਮੀਕ (ਹਿੰਦੂ ਦਲਿਤ), ਮਜ਼ਹਬੀ (ਸਿੱਖ ਦਲਿਤ), ਮਸੀਹੀ (ਈਸਾਈ ਦਲਿਤ), ਰਵੀਦਾਸੀਏ, ਰਾਮਦਾਸੀਏ ਆਦਿ। ਇਸ ਗੱਠਜੋੜ ਕੋਲ ਇੰਨੀਆਂ ਜਾਤੀ ਤੇ ਧਾਰਮਿਕ ਵਲਗਣਾਂ ਦੇ ਆਰ-ਪਾਰ ਜਾ ਕੇ ਅਕਾਲੀ ਦਲ ਲਈ ਬਹੁਤੀਆਂ ਵੋਟਾਂ ਜੁਟਾਉਣ ਦੀ ਸਮੱਰਥਾ ਨਹੀਂ ਦਿਸਦੀ। ਸਿੱਖ ਵੀ ਸਮੁੱਚੇ ਰੂਪ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿਚ ਨਹੀਂ ਭੁਗਤਦੇ। ਇਹਨਾਂ ਦੀਆਂ ਵੋਟਾਂ ਵੀ ਪੰਜਾਬ ਦੀਆਂ ਮੁੱਖ ਧਾਰਾ ਪਾਰਟੀਆਂ ਵਿਚ ਵੰਡੀਆਂ ਜਾਂਦੀਆਂ ਹਨ। ਇਸੇ ਤਰਾਂ ਅਨੁਸੂਚਿਤ ਜਾਤੀਆਂ ਦੇ ਉਹ ਵੋਟਰ ਵੀ ਹਨ ਜੋ ਬਸਪਾ ਤੋਂ ਇਸ ਗੱਲੋਂ ਖ਼ਫ਼ਾ ਹਨ ਕਿ ਇਹ ਪਾਰਟੀ ਦੇ ਬਾਨੀ ਬਾਬੂ ਕਾਂਸ਼ੀ ਰਾਮ ਵਲੋਂ ਜਗਾਈਆਂ ਆਸਾਂ 'ਤੇ ਖ਼ਰੀ ਨਹੀਂ ਉਤਰ ਸਕੀ ਅਤੇ ਹੁਣ ਇਸ ਨੇ ਅਕਾਲੀ ਦਲ ਨਾਲ ਸਮਝੌਤਾ ਕਰ ਲਿਆ ਹੈ ਜਿਸ ਕਰ ਕੇ ਉਹ ਇਸ ਦੇ ਉਲਟ ਵੀ ਜਾ ਸਕਦੇ ਹਨ। ਇਸ ਲਿਹਾਜ਼ ਤੋਂ ਬਸਪਾ ਲਈ ਅਕਾਲੀ ਦਲ ਨਾਲ ਗੱਠਜੋੜ ਮਾਰੂ ਸਾਬਤ ਹੋ ਸਕਦਾ ਹੈ। ਅਨੁਸੂਚਿਤ ਜਾਤੀਆਂ ਵਿਚ ਬਸਪਾ ਦੇ ਅਜਿਹੇ ਹਮਾਇਤੀ ਵੀ ਹਨ ਜੋ ਸ਼੍ਰੋਮਣੀ ਅਕਾਲੀ ਦਲ ਨਾਲ ਹੱਥ ਮਿਲਾਉਣ ਤੋਂ ਅਸਹਿਜ ਮਹਿਸੂਸ ਕਰਦੇ ਹਨ ਅਤੇ ਉਹ ਵੀ ਇਸ ਤੋਂ ਟੁੱਟ ਸਕਦੇ ਹਨ। ਦਰਅਸਲ, ਇਹ ਸੋਚ ਘੱਟ ਜਾਂ ਵੱਧ ਉਹਨਾਂ ਸਾਰੇ ਉਪ-ਵਰਗਾਂ ਤੇ ਜਾਤੀਆਂ ਦੇ ਉਹਨਾਂ ਸਾਰੇ ਲੋਕਾਂ ਦੀ ਹੋ ਸਕਦੀ ਹੈ ਜਿਨ੍ਹਾਂ ਦਾ ਸਮਰਥਨ ਜੁਟਾਉਣ ਦੀ ਉਮੀਦ ਨਾਲ ਇਹ ਗੱਠਜੋੜ ਕਾਇਮ ਕੀਤਾ ਗਿਆ ਹੈ।

ਅਕਾਲੀ ਦਲ-ਬਸਪਾ ਗੱਠਜੋੜ ਦਾ 2022 ਦੀਆਂ ਵਿਧਾਨ ਸਭਾ ਚੋਣਾਂ 'ਤੇ ਪੈਣ ਵਾਲਾ ਸੰਭਾਵੀ ਅਸਰ ਦੇ ਪੇਸ਼ੇਨਜ਼ਰ ਇਹਨਾਂ ਦੋਵਾਂ ਪਾਰਟੀਆਂ ਦੇ ਅੰਦਰੂਨੀ ਗਤੀਮਾਨਾਂ ਦਾ ਇਹਨਾਂ ਦੇ ਪਿਛਲੇ ਚੁਣਾਵੀ ਗੱਠਜੋੜਾਂ ਦੇ ਤਜਰਬੇ ਅਤੇ ਪੰਜਾਬ ਦੇ ਮੌਜੂਦਾ ਹਾਲਾਤ ਪ੍ਰਤੀ ਇਹਨਾਂ ਦੇ ਹੁੰਗਾਰੇ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਕਰਨਾ ਪਵੇਗਾ। ਪਿਛਲੇ ਸੱਤ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਨੇ ਪੰਜਾਬ ਦੇ ਹਾਲਾਤ ਨੂੰ ਨਵਾਂ ਮੋੜ ਦੇ ਦਿੱਤਾ ਹੈ। ਅਕਾਲੀ ਦਲ ਤੇ ਬਸਪਾ ਨੇ ਪਹਿਲੀ ਵਾਰ 1996 ਵਿਚ ਲੋਕ ਸਭਾ ਦੀਆਂ ਚੋਣਾਂ ਮੌਕੇ ਗੱਠਜੋੜ ਕੀਤਾ ਸੀ। ਉਦੋਂ ਅਕਾਲੀ ਦਲ ਨੇ ਨੌਂ 'ਚੋਂ ਅੱਠ ਸੀਟਾਂ ਅਤੇ ਬਸਪਾ ਨੇ ਚਾਰ 'ਚੋਂ ਤਿੰਨ ਸੀਟਾਂ ਜਿੱਤੀਆਂ ਸਨ। ਉਂਜ, ਇਹ ਗੱਠਜੋੜ ਬਹੁਤਾ ਚਿਰ ਨਾ ਨਿਭ ਸਕਿਆ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਨੇ ਇਕਪਾਸੜ ਤੌਰ 'ਤੇ ਫ਼ੈਸਲਾ ਲੈਂਦਿਆਂ ਗੱਠਜੋੜ ਤੋੜ ਕੇ ਭਾਰਤੀ ਜਨਤਾ ਪਾਰਟੀ ਨਾਲ ਹੱਥ ਮਿਲਾ ਲਏ ਤੇ ਕੇਂਦਰ ਵਿਚ ਵਾਜਪਾਈ ਸਰਕਾਰ ਨੂੰ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਬਸਪਾ ਦੇ ਸੁਪਰੀਮੋ ਬਾਬੂ ਕਾਂਸ਼ੀ ਰਾਮ ਨੇ ਜੁਲਾਈ 1999 ਵਿਚ ਪ੍ਰਕਾਸ਼ ਸਿੰਘ ਬਾਦਲ 'ਤੇ ਮਨੂੰਵਾਦੀ ਹੋਣ ਦਾ ਦੋਸ਼ ਲਾਉਂਦਿਆ, ਗੱਠਜੋੜ ਤੋੜਨ ਲਈ ਉਸ ਨੂੰ ਕਸੂਰਵਾਰ ਠਹਿਰਾਇਆ ਸੀ। ਮਾਰਚ 2016 ਵਿਚ ਮਾਇਆਵਤੀ ਨੇ ਨਵਾਂ ਸ਼ਹਿਰ ਵਿਚ ਬਾਬੂ ਕਾਂਸ਼ੀ ਰਾਮ ਦੀ ਜਨਮ ਵਰੇਗੰਢ ਮੌਕੇ ਵੱਡੀ ਰੈਲੀ ਵਿਚ ਉਸ ਵੇਲੇ ਦੀ ਅਕਾਲੀ-ਭਾਜਪਾ ਸਰਕਾਰ ਨੂੰ ਦਲਿਤ ਵਿਰੋਧੀ ਕਰਾਰ ਦਿੱਤਾ ਸੀ।

1996 ਤੋਂ ਲੈ ਕੇ ਹੁਣ ਤੱਕ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਵਹਿ ਚੁੱਕਿਆ ਹੈ। 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਗੜਸ਼ੰਕਰ ਦੀ ਇਕਲੌਤੀ ਸੀਟ ਤੋਂ ਸ਼ਿੰਗਾਰਾ ਰਾਮ ਸਹੂੰਗੜਾ ਦੀ ਜਿੱਤ ਤੋਂ ਇਲਾਵਾ ਹੁਣ ਤੱਕ ਬਸਪਾ ਆਪਣੇ ਦਮ 'ਤੇ ਪੰਜਾਬ ਵਿਚ ਵਿਧਾਨ ਸਭਾ ਅਤੇ ਲੋਕ ਸਭਾ ਦੀ ਇਕ ਵੀ ਸੀਟ ਨਹੀਂ ਜਿੱਤ ਸਕੀ ਹੈ। ਪਿਛਲੀਆਂ ਪੰਜ ਵਿਧਾਨ ਸਭਾ ਚੋਣਾਂ (1997, 2002, 2007, 2012, 2017) ਵਿਚ ਬਸਪਾ ਦਾ ਵੋਟ ਫ਼ੀਸਦੀ 13.28 ਦੇ ਸਿਖ਼ਰਲੇ ਮੁਕਾਮ ਤੋਂ ਡਿੱਗ ਕੇ 1.59 ਫ਼ੀਸਦ ਰਹਿ ਗਿਆ ਹੈ। ਬਸਪਾ ਨੇ ਆਪਣੀ ਸਭ ਤੋਂ ਵਧੀਆ ਕਾਰਕਰਦਗੀ 1992 ਦੀਆਂ ਵਿਧਾਨ ਸਭਾ ਚੋਣਾਂ ਵਿਚ ਦਿਖਾਈ ਸੀ ਜਦੋਂ ਇਸ ਨੇ 16.68 ਫ਼ੀਸਦ ਵੋਟਾਂ ਲੈ ਕੇ 9 ਸੀਟਾਂ ਜਿੱਤੀਆਂ ਸਨ ਪਰ ਇਹ ਉਦੋਂ ਸੀ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕੀਤਾ ਸੀ। ਉਸ ਤੋਂ ਬਾਅਦ 2017 ਦੀਆਂ ਚੋਣਾਂ ਤੱਕ ਪੰਝੀ ਸਾਲਾਂ ਦੇ ਅਰਸੇ ਦੌਰਾਨ ਬਸਪਾ ਕਦੇ ਵੀ ਅਜਿਹੀ ਚੁਣਾਵੀ ਕਾਰਗੁਜ਼ਾਰੀ ਦੁਹਰਾਅ ਨਾ ਸਕੀ। ਦਰਅਸਲ, 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਦੀ ਕਾਰਗੁਜ਼ਾਰੀ ਬਹੁਤ ਹੀ ਮਾੜੀ ਸਿੱਧ ਹੋਈ ਸੀ। ਬਸਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੂੰ ਛੱਡ ਕੇ ਇਸ ਦੇ 110 ਉਮੀਦਵਾਰਾਂ 'ਚੋਂ ਕੋਈ ਵੀ ਆਪਣੀ ਜ਼ਮਾਨਤ ਬਚਾਉਣ ਵਿਚ ਕਾਮਯਾਬ ਨਾ ਹੋ ਸਕਿਆ। ਪਾਰਟੀ ਦੀ ਵੋਟ ਫ਼ੀਸਦੀ 1.59 ਫ਼ੀਸਦੀ ਦੇ ਆਪਣੇ ਸਭ ਤੋਂ ਨੀਵੇਂ ਪੱਧਰ 'ਤੇ ਆ ਗਈ। 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਦੇ 117 ਵਿਚੋਂ 109 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ ਪਰ ਇਸ ਦਾ ਵੋਟ ਫ਼ੀਸਦੀ 4.3 ਫ਼ੀਸਦ ਰਿਹਾ ਸੀ। ਹਾਲਾਂਕਿ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਜਨਸੰਖਿਆ ਇਕ ਤਿਹਾਈ ਬਣਦੀ ਹੈ ਪਰ ਇਹਨਾਂ ਅੰਦਰਲੇ ਜਾਤੀ ਮਤਭੇਦਾਂ ਕਰ ਕੇ ਪੰਜਾਬ ਵਿਚ ਮੁੱਖ ਧਾਰਾ ਦੀ ਦਲਿਤ ਪਾਰਟੀ ਬਣ ਕੇ ਉੱਭਰਨ ਦੀ ਬਸਪਾ ਦੀ ਖ਼ਾਹਿਸ਼ ਨੂੰ ਬੂਰ ਨਹੀਂ ਪੈ ਸਕਿਆ। ਉੱਪਰ ਬਿਆਨੇ ਗਏ ਜਟਿਲ ਕਾਰਕਾਂ ਦੇ ਮੱਦੇਨਜ਼ਰ ਅਕਾਲੀ ਦਲ-ਬਸਪਾ ਦਾ ਇਹ ਗੱਠਜੋੜ ਦੋਵਾਂ ਪਾਰਟੀਆਂ ਲਈ ਸੰਜੀਵਨੀ ਬੂਟੀ ਬਣੇਗਾ ਜਾਂ ਫਿਰ ਆਤਮਘਾਤੀ ਸਾਬਤ ਹੋਵੇਗਾ, ਇਹ ਦੇਖਣ ਲਈ 2022 ਦੀਆਂ ਵਿਧਾਨ ਸਭਾ ਚੋਣਾਂ ਤੱਕ ਇੰਤਜ਼ਾਰ ਕਰਨਾ ਪਵੇਗਾ। *(ਧੰਨਵਾਦ ਸਹਿਤ ਪ ਟ)*

# ਕਿਸਾਨ ਅੰਦੋਲਨ ਦੇ ਦਿੱਲੀ ਪਹੁੰਚਣ ਦੇ 7 ਮਹੀਨੇ

**ਗੁਰਬਚਨ ਸਿੰਘ, (ਦੇਸ ਪੰਜਾਬ)**

ਕਿਸਾਨ ਅੰਦੋਲਨ ਤੇ ਮੋਦੀ ਸਰਕਾਰ ਵਿਚਕਾਰ ਚਲ ਰਿਹਾ ਡੈਡਲਾਕ ਕੁਝ ਸੁਹਿਰਦ ਹਲਕਿਆਂ ਵਿਚ ਪਰੇਸ਼ਾਨੀ ਪੈਦਾ ਕਰ ਰਿਹਾ ਹੈ। ਮੋਰਚੇ ਦੇ ਲਮਕ ਜਾਣ ਕਾਰਨ ਇਹਨਾਂ ਹਲਕਿਆਂ ਵਿਚ ਕੁਝ ਨਿਰਾਸ਼ਾ ਪਸਰੀ ਹੈ। ਅੰਦੋਲਨ ਦੇ ਆਰੰਭ ਵਿਚ ਜਦੋਂ ਕੁਝ ਖੱਬੇ ਪੱਖੀ ਟਰੇਡ ਯੂਨੀਅਨ ਲੀਡਰ ਪਰਿਵਾਰਾਂ ਸਮੇਤ ਮੋਰਚੇ ਵਿਚ ਪਹੁੰਚ ਕੇ ਤੇ ਫੋਟੋਆਂ ਖਿਚਵਾ ਕੇ ਸੋਸ਼ਲ ਮੀਡੀਏ ਉੱਤੇ ਪਾ ਰਹੇ ਸਨ, ਤਾਂ ਮੈਂ ਇਕ ਟਿੱਪਣੀ ਕਰ ਕੇ ਉਹਨਾਂ ਨੂੰ ਚੇਤੰਨ ਕੀਤਾ ਸੀ ਕਿ ਇਹ ਮੋਰਚਾ ਪਿੱਖੀਨਕ ਨਹੀਂ ਬਲਕਿ ਦੋ ਵਿਰੋਧੀ ਧਿਰਾਂ ਵਿਚਕਾਰ ਜੰਗ ਹੈ ਅਤੇ ਜੰਗ ਵਿਚ ਜਿੱਤ ਹਾਰ ਦਾ ਫੈਸਲਾ ਇਕ ਧਿਰ ਦੀ ਚੜਤ ਤੇ ਦੂਜੀ ਧਿਰ ਦੀ ਹਾਰ ਵਿਚ ਨਿਕਲਦਾ ਹੈ। ਮੈਂ ਇਹ ਵੀ ਸਪਸ਼ਟ ਕੀਤਾ ਸੀ ਕਿ ਮੋਦੀ-ਸ਼ਾਹ ਸਰਕਾਰ ਦਾ ਮਤਲਬ ਮੋਦੀ ਸ਼ਾਹ ਦੀ ਸਰਕਾਰ ਨਹੀਂ ਬਲਕਿ ਮੋਦੀ-ਸ਼ਾਹ ਦੇ ਪਿਛੇ ਖੜ੍ਹਾ ਸਾਰਾ ਸਰਕਾਰੀ ਅਫ਼ਸਰਸ਼ਾਹੀ ਵਜੂਦ ਤੇ ਸਾਮਰਾਜੀ ਤਾਣਾ-ਬਾਣਾ ਹੈ।

ਬੰਗਾਲ, ਤਾਮਿਲਨਾਡੂ ਤੇ ਕੇਰਲਾ ਵਿਚ ਮਿਲੀ ਤਗੜੀ ਰਾਜਸੀ ਪਛਾੜ ਦੇ ਬਾਵਜੂਦ ਇਹ ਸਰਕਾਰੀ ਤਾਣਾ-ਬਾਣਾ ਅਜੋਕੇ ਆਲਮੀ ਉਥਲ ਪੁਥਲ ਦੇ ਦੌਰ ਵਿਚ ਖੇਤੀ ਕਾਨੂੰਨ ਵਾਪਸ ਲੈ ਕੇ ਲੋਕਾਂ ਨੂੰ ਜਿੱਤ ਦਾ ਅਹਿਸਾਸ ਨਹੀਂ ਹੋਣ ਦੇਣਾ ਚਾਹੁੰਦਾ। ਕਿਉਂਕਿ ਘੋਰ ਆਰਥਿਕ ਅਤੇ ਇਖਲਾਕੀ ਸੰਕਟ ਦੀ ਚਪੇਟ ਵਿਚ ਆਇਆ ਹੋਇਆ ਸਰਕਾਰੀ ਵਜੂਦ ਇਸ ਵੇਲੇ ਦਾਅ ਉੱਤੇ ਲਗਾ ਹੋਇਆ ਹੈ। ਇਸ ਹਾਲਤ ਵਿਚ ਲੋਕਾਂ ਦੇ ਮਨਾਂ ਵਿਚ ਜਿੱਤ ਦਾ ਹੋਇਆ ਅਹਿਸਾਸ ਕਈ ਕ੍ਰਿਸ਼ਮੇ ਕਰ ਸਕਦਾ ਹੈ। ਇਸ ਲਈ ਮੋਦੀ ਸ਼ਾਹ ਦੀ ਰਾਜਸੀ ਬਲੀ ਦੇਣ ਦੀ ਕੀਮਤ ਉੱਤੇ ਵੀ ਇਹ ਸਰਕਾਰੀ ਵਜੂਦ ਲੋਕਾਂ ਨੂੰ ਜਿੱਤ ਦਾ ਇਹ ਅਹਿਸਾਸ ਨਹੀਂ ਹੋਣ ਦੇਣਾ ਚਾਹੁੰਦਾ।

ਪਿਛਲੇ ਦਿਨਾਂ ਵਿਚ ਮਾਸਟਰ ਤਾਰਾ ਸਿੰਘ ਦੇ ਹਵਾਲੇ ਨਾਲ ਮੈਂ ਦੇਸ ਦੀ ਵੰਡ ਨਾਲ ਸਬੰਧਤ ਕੁਝ ਪੋਸਟਾਂ ਪਾਈਆ ਹਨ। ਉਹ ਪੋਸਟਾਂ ਇਹ ਸਮਝਣ ਲਈ ਹਨ ਕਿ ਕੇਂਦਰ ਸਰਕਾਰ ਦਾ ਪੰਜਾਬ ਦੇ ਸਿੱਖਾਂ ਨਾਲ ਇਕ ਵਿਸ਼ੇਸ਼ ਰਿਸ਼ਤਾ ਹੈ। ਇਹ ਰਿਸ਼ਤਾ 1984 ਤੋਂ ਨਹੀਂ ਬਣਿਆ ਬਲਕਿ 1947 ਤੋਂ ਵੀ ਪਹਿਲਾਂ ਦਾ ਬਣਿਆ ਆ ਰਿਹਾ ਹੈ।



ਇਸ ਮੋਰਚੇ ਦੀ ਜਿੱਤ ਹਾਰ ਵਿਚ ਇਸ ਰਿਸ਼ਤੇ ਨੇ ਵੀ ਰੋਲ ਨਿਭਾਉਣਾ ਹੈ। ਸਿਖ ਕਿਸਾਨ ਆਗੂ ਇਸ ਗੱਲ ਨੂੰ ਸਮਝਦੇ ਹਨ ਪਰ ਮੋਰਚੇ ਦੀ ਅਗਵਾਈ ਕਰ ਰਹੇ ਕਮਿਊਨਿਸਟ ਆਗੂਆਂ ਨੂੰ ਵੀ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ। ਸਿਖ ਦੁ-ਸ਼ਮਣੀ ਇਸ ਸਰਕਾਰੀ ਵਜੂਦ ਦੇ ਕਣ-ਕਣ ਵਿਚ ਵਸੀ ਹੋਈ ਹੈ। 26 ਜਨਵਰੀ ਦੀਆਂ ਘਟਨਾਵਾਂ ਇਸ ਸਿਖ ਦੁਸ਼ਮਣੀ ਦੀ ਪੁਸ਼ਟੀ ਕਰਦੀਆਂ ਹਨ। ਇਹਨਾਂ ਖੇਤੀ ਕਾਨੂੰਨਾਂ ਦਾ ਇਕ ਮੁੱਖ ਮੰਤਵ ਪੰਜਾਬ ਦੀ ਸਿਖ ਕਿਸਾਨੀ ਨੂੰ ਜ਼ਮੀਨਾਂ ਤੋਂ ਬੇਦਖਲ ਕਰ ਕੇ ਘਸਿਆਰੇ ਬਣਾਉਣਾ ਵੀ ਹੈ।

ਤੀਜਾ ਨੁਕਤਾ ਇਹ ਸਮਝਣ ਦੀ ਲੋੜ ਹੈ ਕਿ ਸੰਸਾਰ ਬੈਂਕ ਦੀ 2008 ਦੀ ਵਿਕਾਸ ਰਿਪੋਰਟ ਵਿਚ ਦਰਜ ਹੈ ਕਿ ਜ਼ਮੀਨ ਇਕ ਪੈਦਾਵਾਰੀ ਇਕਾਈ ਹੈ। ਇਸ ਨੂੰ ਉਜੱਡ ਲੋਕਾਂ ਭਾਵ ਕਿਸਾਨਾਂ ਦੇ ਹੱਥ ਵਿਚ ਨਹੀਂ ਛੱਡਿਆ ਜਾ ਸਕਦਾ। ਜ਼ਮੀਨ ਉੱਤੇ ਕਬਜ਼ਾ ਕਰ ਕੇ ਜਾਂ ਹੋਰਨਾਂ ਤਰੀਕਿਆਂ ਰਾਹੀਂ ਕਿਸਾਨਾਂ ਨੂੰ ਜਮੀਨ ਤੋਂ ਬੇਦਖ਼ਲ ਕਰਨਾ ਹੀ ਹੋਵੇਗਾ। ਖੇਤੀਬਾੜੀ ਨਾਲ ਜੁੜੇ ਨੌ-ਜਵਾਨਾਂ ਨੂੰ ਸਨਅਤੀ ਮਜ਼ਦੂਰ ਬਣਨ ਲਈ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। 2019 ਵਿਚ ਭਾਰੀ ਬਹੁਮਤ ਨਾਲ ਬਣੀ ਮੋਦੀ ਸਰਕਾਰ ਨੇ ਸੰਸਾਰ ਬੈਂਕ ਵਲੋਂ ਸੌਂਪੀ ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੀ ਜਿਦ ਫੜ ਲਈ ਹੈ। ਇਸੇ ਜਿਦ ਵਿਚੋਂ ਹੀ ਉਸ ਨੇ ਧੱਕੇ ਨਾਲ ਅੱਧੀ ਰਾਤੀ ਰਾਜ ਸਭਾ ਵਿਚੋਂ ਇਹਨਾਂ ਕਾਨੂੰਨਾਂ ਦੀ ਮਨਜ਼ੂਰੀ ਲਈ ਸੀ। ਕਿਉਂਕਿ ਕਿਸੇ ਮੂਰਖ ਸਾਮਰਾਜੀ ਆਰਥਿਕ ਮਾਹਿਰ ਨੇ ਉਹਨਾਂ ਨੂੰ ਇਹ ਗੱਲ ਜਚਾ ਦਿੱਤੀ ਹੈ ਕਿ ਸਿਰਫ਼ ਇਉਂ ਕੀਤਿਆਂ ਹੀ 2024 ਤਕ ਦੇਸ ਦਾ ਅਰਥਚਾਰਾ 5 ਟ੍ਰਿਲੀਅਨ (50 ਖਰਬ) ਡਾਲਰ ਦਾ ਹੋ ਸਕਦਾ ਹੈ। ਇਹਨਾਂ ਖੇਤੀ ਕਾਨੂੰਨਾਂ ਦੇ ਪੈਰੋਕਾਰਾਂ ਦੀ ਦਲੀਲ ਹੈ ਕਿ ਘੱਟੋ-ਘੱਟ ਮੁੱਲ ਦੀ ਸਹੂਲਤ ਕਾਰਨ ਕਿਸਾਨਾਂ ਦੀ ਪਹਿਲ ਅਨਾਜ ਪੈਦਾ ਕਰਨ ਤਕ ਸੀਮਤ ਹੋ ਜਾਂਦੀ ਹੈ ਅਤੇ ਉਹ ਮੰਡੀ ਆਧਾਰਿਤ ਫੂਡ ਪ੍ਰੋਸੈਸਿੰਗ ਸਨਅਤ ਲਈ ਫਲਾਂ, ਸਬਜ਼ੀਆਂ, ਪਸ਼ੂਆਂ ਦੀ ਖ਼ੁਰਾਕ ਤੇ ਪਸ਼ੂ ਪਾਲਣ ਵਲ ਦਿਲਚਸਪੀ ਨਹੀਂ ਦਿਖਾਉਂਦੇ। ਨਤੀਜਾ ਇਹ ਨਿਕਲਦਾ ਹੈ ਕਿ ਸਰਕਾਰੀ ਖ਼ਰੀਦ ਰਾਹੀਂ ਸਰਕਾਰ ਦੇ ਗੁਦਾਮਾਂ ਵਿਚ ਅਨਾਜ ਦੇ ਢੇਰ ਲਗ ਜਾਂਦੇ ਹਨ। ਇਸ ਧਿਰ ਮੁਤਾਬਿਕ ਇਸ ਦਾ ਇਕ ਹੀ ਇਲਾਜ ਹੈ ਕਿ ਖੇਤੀ ਪੈਦਾਵਾਰ ਨੂੰ ਮੰਡੀ ਵਿਚ ਲਿਆਉਣ ਦੀ ਕਿਰਿਆ ਪੂਰੀ ਤਰਾਂ ਬਦਲ ਦਿੱਤੀ ਜਾਵੇ ਤੇ ਕਿਸਾਨਾਂ ਨੂੰ ਮੰਡੀ ਦੇ ਹਵਾਲੇ ਕਰ ਦਿੱਤਾ ਜਾਵੇ। ਇਹਨਾਂ ਕਾਨੂੰਨਾਂ ਦੀ ਵਾਪਸੀ ਮੋਦੀ-ਸ਼ਾਹ ਸਰਕਾਰ ਤੇ ਉਸ ਦੇ ਟੀਚੇ ਆਰਥਿਕ ਮਾਹਿਰਾਂ ਦੇ ਅਜਿਹੇ ਸਾਰੇ ਖਿਆਲੀ ਸੁਪਨਿਆਂ ਨੂੰ ਮਿਟੀ ਵਿਚ ਮਿਲਾ ਦੇਵੇਗੀ। ਇਸ ਸੂਰਤ ਵਿਚ ਮੋਦੀ ਸਰਕਾਰ ਨੂੰ ਬੰਗਾਲ, ਤਾਮਿਲਨਾਡੂ ਤੇ ਕੇਰਲਾ ਵਾਂਗ ਇਕ ਹੋਰ ਵੱਡਾ ਸਿਆਸੀ ਝਟਕਾ ਲੱਗਣ ਤਕ ਕਿਸਾਨ ਆਗੂਆਂ ਦਾ ਇਸ ਅੰਦੋਲਨ ਨੂੰ ਚਲਦਾ ਰੱਖਣ ਦਾ ਫੈਸਲਾ ਬਿਲਕੁਲ ਜਾਇਜ਼ ਹੈ।

# ਸ਼ਹੀਦ ਭਾਈ ਮਨੀ ਸਿੰਘ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

**ਰਾਜਪੁਰਾ-** ਪਿੰਡ ਅਲੀਮਾਜਰਾ ਦੇ ਗੁਰਦੁਆਰਾ ਸ਼ਹੀਦ ਗੰਜ ਵਿਖੇ ਸ਼ਹੀਦ ਭਾਈ ਮਨੀ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਕ ਧਾਰਮਿਕ ਸਮਾਗਮ ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਸੁਸਾਇਟੀ ਦੇ ਪ੍ਰਧਾਨ ਅਤੇ ਉੱਘੇ ਕਥਾ ਵਾਚਕ ਭਾਈ ਕਰਨੈਲ ਸਿੰਘ ਗਰੀਬ ਦੀ ਦੇਖ-ਰੇਖ ਵਿਚ ਕਰਵਾਇਆ ਗਿਆ, ਜਿਸ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸੰਤ ਸੂਫੀ ਗੁਲਾਮ ਹੈਦਰ ਕਾਦਰੀ, ਡਾ. ਸਵਰਾਜ ਸਿੰਘ, ਗਿਆਨੀ ਗੁਰਚਰਨ ਸਿੰਘ ਸ਼ਾਹਕੋਟੀ ਪ੍ਰਧਾਨ ਇੰਟਰਨੈਸ਼ਨਲ ਢਾਡੀ ਸੰਗਤੀ ਮੰਚ, ਢਾਡੀ ਰੋਸ਼ਨ ਸਿੰਘ ਸਾਗਰ, ਵਿਧਾਇਕ ਹਰਦਿਆਲ ਸਿੰਘ ਕੰਬੋਜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ



ਵਿਧਾਇਕ ਬੀਬੀ ਮੁੱਖਮੈਲਪੁਰ, ਸੁਖਬੀਰ ਬਾਦਲ ਦੇ ਓ. ਐੱਸ. ਡੀ. ਚਰਨਜੀਤ ਸਿੰਘ ਬਰਾੜ ਸਮੇਤ ਹੋਰ ਪਤਵੰਤੇ ਸੱਜਣ ਵਿਸ਼ੇਸ਼ ਤੌਰ 'ਤੇ ਪਹੁੰਚੇ . ਸਮਾਗਮ ਦੌਰਾਨ ਗਿਆਨੀ ਗੁਰਬਚਨ ਸਿੰਘ, ਸੂਫ਼ੀ ਗੁਲਾਮ ਹੈਦਰ ਅਲੀ ਅਤੇ ਡਾਕਟਰ ਸਵਰਾਜ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸ਼ਹੀਦ ਭਾਈ ਮਨੀ ਸਿੰਘ ਸਮੇਤ ਹੋਰ ਸ਼ਹੀਦਾਂ ਦੇ ਸ਼ਹੀਦੀਆਂ ਸਬੰਧੀ ਸਮੇਂ ਅਤੇ ਤਾਰੀਕ ਨੂੰ ਲੈ ਕੇ ਸਿੱਖ ਸੰਗਤ 'ਚ ਜੋ ਭਰਮ ਭੁਲੇਖੇ ਹਨ, ਉਸ ਲਈ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਕੰਮ ਕਰ ਰਹੀਆਂ ਹਨ ਤੇ ਜਲਦੀ ਹੀ ਇਸ ਮਸਲੇ ਦਾ ਹੱਲ ਹੋ ਜਾਵੇਗਾ ਅਤੇ ਆਉਣ ਵਾਲੀ ਪੀੜ੍ਹੀਆਂ ਲਈ ਸ਼ਹੀਦਾਂ ਨੂੰ ਯਾਦ ਕਰਨਾ ਸੌਖਾ ਹੋ ਜਾਵੇਗਾ। ਇਸ ਦੌਰਾਨ ਰਾਗੀ-ਢਾਡੀ ਜਥਿਆਂ ਨੇ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਦਿਆਂ ਸ਼ਹੀਦ ਭਾਈ ਮਨੀ ਸਿੰਘ ਦੇ ਜੀਵਨ ਅਤੇ ਸ਼ਹੀਦੀ ਸਬੰਧੀ ਚਾਨਣਾ ਪਾਇਆ . ਇਸ ਮੌਕੇ ਮਸਤਾਨ ਸਿੰਘ ਰਾਠੌਰ, ਪ੍ਰੀਤਮ ਸਿੰਘ, ਦਲੀਪ ਸਿੰਘ ਬਿੱਕਰ, ਸੁਰਿੰਦਰ ਸਿੰਘ ਲਾਂਬਾ ਸਮੇਤ ਹੋਰਾਂ ਨੇ ਆਪਣੀ ਸੇਵਾ ਨਿਭਾਈ।

**(ਜੀ.ਪੀ. ਸਿੰਘ)**

# ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਕੈਲੇਫੋਰਨੀਆ (ਰਜਿ.) ਦੀ ਮੀਟਿੰਗ ਹੋਈ

**ਸੈਕਰਾਮੈਂਟੋ (ਬਿਊਰੋ)** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਕੈਲੇਫੋਰਨੀਆ (ਰਜਿ.) ਦੀ ਮੀਟਿੰਗ, ਡਾ ਮਨਰੀਤ ਕੌਰ (ਪ੍ਰਧਾਨ) ਦੀ ਪ੍ਰਧਾਨਗੀ ਹੇਠ ਐਤਵਾਰ ਜੂਨ 27,2021 , ਬਾਅਦ ਦੁਪਹਿਰ ਕਬਾਬ ਕੌਰਨਰ, ਵੈੱਸਟ ਸੈਕਰਾਮੈਂਟੋ ਵਿਖੇ ਹੋਈ!

ਦੁਪਹਿਰ ਦੇ ਖਾਣੇ ਤੋਂ ਤੁਰੰਤ ਬਾਅਦ ਡਾ ਮਨਰੀਤ ਕੌਰ (ਪ੍ਰਧਾਨ) ਵੱਲੋਂ ਮੈਂਬਰਾਂ ਨੂੰ ਜੀ ਆਇਆ ਕਹਿਆ ਅਤੇ ਆਪਣੇ ਕਾਰਜਕਾਰੀ ਮੈਂਬਰਾਂ ਦੀ ਚੋਣ ਕੀਤੀ ਗਈ ਸਭਾ ਦੇ ਉੱਪ ਪ੍ਰਧਾਨ ਲਈ ਦਲਵੀਰ ਸਿੰਘ ਨਿੰਜਰ ਨੂੰ ਚੁਣਿਆਂ ਜਰਨਲ ਸਕੱਤਰ ਜੀਵਨ ਰੱਤੂ ਨੂੰ ਚੁਣਿਆਂ ਕਮਲ ਬੰਗਾ ਨੂੰ ਸਹਾਇਕ ਸਕੱਤਰ, ਖ਼ਜ਼ਾਨਚੀ ਫਕੀਰ ਸਿੰਘ ਮੱਲੀ ਨੂੰ ਚੁਣਿਆਂ ਸਲਾਹਕਾਰ ਲਈ ਮੇਜਰ ਦਲੇਰ ਸਿੰਘ ਨੂੰ ਨਿਯੁਕਤ ਕੀਤਾ ਜੋਤੀ ਸਿੰਘ ਅਤੇ ਮਨਜੀਤ ਕੋਰ ਨੂੰ ਮੁੱਖ ਪ੍ਰਬੰਧਕ ਚੁਣਿਆਂ ਗਿਆ। ਦਲਵੀਰ ਸਿੰਘ ਨਿੰਜਰ ਨੂੰ ਸਭਾ ਦੀ ਮੀਟਿੰਗ ਦੀ ਸ਼ੁਰੂਆਤ ਕਰਨ ਲਈ ਅਤੇ ਆਏ ਹੋਏ ਮੈਂਬਰਾਂ ਨੂੰ ਜੀ ਆਇਆਂ ਕਹਿਣ ਲਈ ਸੱਦਾ ਦਿੱਤਾ!

ਉਪਰੰਤ ਸਭਾ ਦੀ ਮੀਟਿੰਗ ਦੀ ਕਾਰਵਾਈ ਕਰਨ ਲਈ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਕਮਲ ਬੰਗਾ ਨੇ ਸਭਾ ਨੂੰ ਅੱਗੇ ਵਧਾਉਂਦੇ ਹੋਏ ਸਭ ਤੋ ਪਹਿਲਾ ਜੱਸ ਫ਼ਿਜ਼ਾ ਦਾ ਨਾਵਲ ਪੁੰਗਾਰੇ ਫੁਟਾਲੇ ਲੋਕ



ਅਰਪਣ ਕੀਤਾ। ਇਸ ਤੋ ਉਪਰੰਤ ਕਵੀ ਦਰਬਾਰ ਵਿੱਚ ਹਾਜ਼ਰ ਮੈਂਬਰਾਂ ਨੇ ਆਪਣੀਆਂ ਗੀਤ ਕਵਿਤਾਵਾਂ ਤੇ ਗ਼ਜ਼ਲਾਂ ਨਾਲ ਮਹਿਫ਼ਲ ਰੰਗੀਨ ਕੀਤੀ ਅਤੇ ਗੁਰਦਵਾਰਾ ਸੰਤ ਸਾਗਰ ਵੱਲੋਂ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਨੂੰ ਸਹਿਯੋਗ ਦੇਣ ਦਾ ਭਰੋਸਾ ਜਤਾਇਆ ਆਖਰੀ ਵਿੱਚ ਮਨਰੀਤ ਕੌਰ ਵੱਲੋਂ ਹਾਜ਼ਰ ਮੈਂਬਰਾਂ ਦੀ ਤਹਿ ਦਿਲੋਂ ਧੰਨਵਾਦ ਕੀਤਾ।

ਹਾਜ਼ਰ ਮੈਂਬਰ ਇੰਦਰਜੀਤ ਸਿੰਘ ਗਰੇਵਾਲ਼, ਫਕੀਰ ਸਿੰਘ ਮੱਲੀ, ਦਲਵੀਰ ਸਿੰਘ ਨਿੰਜਰ, ਕੰਮਲ ਬੰਗਾ, ਮਨਜੀਤ ਕੌਰ ਸੋਖੋ ਜਸਵੰਤ ਜੱਸੀ ਸ਼ੀਮਾਰ, ਮਕਸੂਦ ਅਲੀ, ਮਲਕ ਇਮਤਿਆਜ਼, ਜਤਿੰਦਰ ਸਿੰਘ ਢਿੱਲੋ,ਅਨੂਪਿੰਦਰ ਕੋਰ, ਹਰਮਿੰਦਰ ਸਮਰਾ, ਡਾ ਗੁਰਪੈਰੀਤ ਸਿੰਘ ਧੁੱਗਾ, ਜੇ ਪੀ ਐਸ ਚਾਵਲਾ, ਪ੍ਰੋ ਮੁਖ਼ਤਿਆਰ ਸਿੰਘ ਗਿੱਲ, ਹਰਵੰਸ ਸਿੰਘ ਵਰਿੰਗ, ਸ ਨਰਿੰਦਰਪਾਲ।

# ਸਵ. ਅਮਰ ਸਿੰਘ ਚਮਕੀਲਾ ਦੀ ਧਰਮ ਪਤਨੀ ਦਾ ਸਨਮਾਨ

**ਜਲੰਧਰ-** ਕੈਨੇਡਾ ਮਿਊਜ਼ਿਕ ਕੰਪਨੀ ਦੇ ਮਾਲਕ ਇੰਟਰਨੈਸ਼ਨਲ ਗਾਇਕ ਅਤੇ ਉਘੇ ਸਮਾਜ ਸੇਵੀ ਰਾਮ ਪੰਡੋਰੀ ਵੱਲੋਂ ਗਰੀਬ, ਲੋੜਵੰਦ, ਵਿਧਵਾਵਾਂ ਔਰਤਾਂ ਦੀ ਆਰਥਿਕ ਮਦਦ ਕੀਤੀ ਗਈ। ਇਸ ਦੌਰਾਨ ਸਵ. ਅਮਰ ਸਿੰਘ ਚਮਕੀਲਾ ਦੀ ਧਰਮ ਪਤਨੀ ਬੀਬਾ ਗੁਰਮੇਲ ਕੌਰ ਦਾ ਸਨਮਾਨ ਏ. ਐਸ. ਕੈਨੇਡਾ ਮਿਊਜ਼ਿਕ ਕੰਪਨੀ ਦੀ ਗਾਇਕਾ ਰਾਗਿਨੀ ਹੀਰਾ ਵੱਲੋਂ ਸਿਰੋਪਾਓ ਪਾ ਕੇ ਕੀਤਾ ਗਿਆ। ਇਹ ਸਮਾਗਮ ਗਾਇਕ ਮਹਿੰਦਰ ਮਾਧੋਪੁਰੀ, ਬੀਬੀ ਕਮਲਜੀਤ ਕੌਰ ਦੇ ਘਰ ਗਗ੍ਰਹਿ ਲੁਧਿਆਣਾ ਵਿਖੇ ਕੀਤਾ ਗਿਆ।



ਇਸ ਮੌਕੇ 'ਤੇ ਗਾਇਕ ਰਾਗਿਨੀ ਹੀਰਾ, ਮਹਿੰਦਰ ਮਾਧੋਪੁਰੀ, ਕਮਲਜੀਤ ਕੌਰ, ਪੰਮਾ ਸੋਢੀਆ ਵੱਲੋਂ ਏ. ਐਸ. ਕੈਨੇਡਾ, ਮਿਊਜ਼ਿਕ ਕੰਪਨੀ ਦੇ ਪ੍ਰੋਡਿਊਸਰ ਅਨਿਲ ਕਪੂਰ, ਕੰਪਨ. ਦੇ ਮਾਲਕ ਸ਼ਾਮ ਪੰਡੋਰੀ ਅਤੇ ਉਹਨਾਂ ਦੇ ਪੂਰੇ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਆਖਿਆ ਕਿ ਪ੍ਰਮਾਤਮਾ ਸਾਰੇ


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu

# ਪੰਜਾਬ ਯੂਨੀਵਰਸਿਟੀ ਵਿਚ ਇਖਲਾਕ /ਨੈਤਿਕ ਸਿਖਿਆ ਵਿਸ਼ਾ ਪੜ੍ਹਾਇਆ ਜਾਵੇਗਾ: ਡਾ ਨਿਆਜ਼ ਅਖ਼ਤਰ

## "ਵਰਚੂਅਲ ਵਰਲਡ ਪੰਜਾਬੀ ਕਾਨਫ਼ਰੰਸ" ਦਾ ਕਾਮਯਾਬ ਰਿਹਾ ਆਰੰਭਕ ਸੈਸ਼ਨ

**ਰਤੀਆ–** ਜਗਤ ਪੰਜਾਬੀ ਸਭਾ ਅਤੇ ਉਨਟਾਰੀਓ ਫਰੈਂਡਜ਼ ਕਲੱਬ ਕੈਨੇਡਾ ਵਲੋਂ ਆਯੋਜਿਤ ਕੀਤੀ ਜਾ ਰਹੀ "ਵਰਚੂਅਲ ਵਰਲਡ ਪੰਜਾਬੀ ਕਾਨਫ਼ਰੰਸ" ਦਾ ਆਰੰਭਕ ਸੈਸ਼ਨ ਵਿੱਚ ਮੁੱਖ ਮਹਿਮਾਨ ਡਾ ਨਿਆਜ਼ ਅਖ਼ਤਰ ਵਾਈਸ ਚਾਂਸਲਰ ਪੰਜਾਬ ਯੂਨੀਵਰਸਿਟੀ ਲਾਹੌਰ ਸ਼ਾਮਿਲ ਹੋਏ ! ਮੁੱਖ ਮਹਿਮਾਨ ਡਾ ਨਿਆਜ਼ ਅਖ਼ਤਰ ਨੇ ਐਲਾਨ ਕੀਤਾ ਕਿ ਨੈਤਿਕ ਸਿੱਖਿਆ ਦਾ ਵਿਸ਼ਾ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਪੜ੍ਹਾਇਆ ਜਾਵੇਗਾ ! ਉਨ੍ਹਾਂ ਕਿਹਾ ਕਿ ਯੂਨੀਵਰ੍ਸਿਟੀਆਂ ਵਲੋਂ ਤਿੰਨ ਨੁਕਾਤੀ ਕਾਰਜ ਕਰਨੇ ਹੁੰਦੇ ਹਨ ਜਿਨ੍ਹਾਂ ਵਿੱਚ ਵਿਦਿਆਥੀਆਂ ਨੂੰ ਇਲਮ ਦੇਣ ਲਈ ਦਾਖਿਲ ਕਰਨਾ ,ਦੂਜਾ ਹੁਨਰ ਦੀ ਪਰਖ ਅਤੇ ਹੁੱਨਰ ਦਾ ਇਸਤੇਮਾਲ ,ਇਸੇ ਤਰਾਂ ਹੀ ਤੀਜਾ ਮੁੱਖ ਕਾਰਜ ਇਖਲਾਕ ਜਾ ਨੈਤਿਕ ਸਿਖਿਆ ਦੇਣਾ ਜਰੂਰੀ ਹੁੰਦਾ ਹੈ !ਉਨ੍ਹਾਂ ਅਖ਼ਲਾਕ ਦੀ ਪੜ੍ਹਾਈ ਨਾਲ ਵਧੀਆ ਇਨਸਾਨ ਬਣਨ ਦੀ ਗੱਲ ਕੀਤੀ ਉਨ੍ਹਾਂ ਕਿਹਾ ਕਿ ਪ੍ਰੋ.ਨਬੀਲਾ ਰਹਿਮਾਨ ਅਤੇ ਡਾ ਸਲੀਮ ਮਿਜਾਹਦ ਸਮੇਤ ਵਿਦਵਾਨਾਂ ਦੀ ਰਾਏ ਨਾਲ ਅਧਿਆਪਕ ਅਖ਼ਲਾਕ ਦੀ ਪੁਸਤਕ ਨੂੰ ਜਰੂਰ ਤਬਕੋ ਦੇਣ ! ਕਾਨਫਰੰਸ ਵਿਚ ਸ਼ਾਮਿਲ ਵਿਦਵਾਨ ਮਹਿਮਾਨਾਂ ਦਾ ਸੁਆਗਤ ਕਰਦਿਆਂ ਓ ਐਫ ਸੀ ਕੈਨੇਡਾ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ ਨੇ ਉਨ੍ਹਾਂ ਦੀਆਂ ਸੰਸ਼ਥਾਵਾਂ ਵੱਲੋਂ ਪੰਜਾਬੀ ਭਾਸ਼ਾ ਅਤੇ ਸਮਾਜਿਕ ਚੇਤਨਾ ਨੂੰ ਸਮਰਪਿਤ ਕੀਤੀਆਂ ਗਈਆਂ ਸਰਗਰਮੀਆਂ ਤੇ ਚਾਨਣਾ ਪਾਇਆ! ਕਾਨਫਰੰਸ ਦਾ ਸੰਚਾਲਨ ਅਤੇ ਪ੍ਰਧਾਨਗੀ ਕਰਦਿਆਂ ਕਾਨਫਰੰਸ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਨੇ ਰੂਪ ਰੇਖਾ ਦੇ ਤਹਿਤ ਮੁਖ ਬੁਲਾਰਿਆਂ ਦੀ ਜਾਣਕਾਰੀ ਦਿੰਦਿਆਂ ਕਾਨਫਰੰਸ ਦੇ ਆਯੋਜਨ ਦੇ ਮਕਸਦ ਬਾਰੇ ਦਸਿਆ ! ਜਗਤ ਪੰਜਾਬੀ ਸਭਾ ਤੇ ਓਂਟਾਰੀਓ ਫਰੈਂਡਜ਼ ਕਲੱਬ ਕੈਨੇਡਾ ਵੱਲੋਂ 25, 26 ਤੇ 27 ਜੂਨ ਨੂੰ ਕਰਵਾਈ ਜਾ ਰਹੀ "ਵਰਚੂਅਲ ਵਰਲਡ ਪੰਜਾਬੀ ਕਾਨਫਰੰਸ ਦੀ ਸੁਰੂਆਤ ਕੈਨੇਡਾ ਦੇ ਰਾਸ਼ਟਰੀ ਗਾਇਨ "ਓ ਕੈਨੇਡਾ " ਨਾਲ ਹੋਈ।

ਮੁੱਖ ਬੁਲਾਰਿਆਂ ਵਿੱਚ ਕਾਨਫਰੰਸ ਦੇ ਸਰਪ੍ਰਸਤ ਡਾ. ਦਲਜੀਤ ਸਿੰਘ ਸਾਬਕਾ ਵਾਈਸ ਚਾਂਸਲਰ ਨੇ ਵਿੱਦਿਅਕ ਪ੍ਰਣਾਲੀ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਖਰ ਗਿਆਨ ਤੋਂ ਬਿਨਾ ਮਨੁੱਖ ਦੀ ਸੋਚ ਤੇ ਲਿਆਕਤ ਸੀਮਤ ਰਹਿੰਦੀ ਹੈ ਜਦਕਿ ਚੰਗੀ ਮਿਆਰੀ ਸਿਖਿਆ ਹਾਸਿਲ ਕਰਕੇ ਕਾਬਲੀਅਤ ਅਤੇ ਸੋਚ ਵਿੱਚ ਨਿਖਾਰ ਆ ਜਾਂਦਾ ਹੈ ਜਿਸ ਨਾਲ ਸਮਾਜ ਦੀ ਸੇਵਾ ਹੋਰ ਬਿਹਤਰ ਕੀਤੀ ਜਾ ਸਕਦੀ ਹੈ! ਉਨ੍ਹਾਂ ਨੇ ਸੰਵਿਧਾਨ ਦੇ ਆਰਟੀਕਲ 13 ਅਤੇ 14 ਦੇ ਸੰਦਰਭ ਦਾ ਹਵਾਲਾ ਦਿੰਦਿਆਂ ਦਸਿਆ ਕਿ ਮਾਤ ਭਾਸ਼ਾ ਮਨੁੱਖ ਲਈ ਕਿਨ੍ਹੀ ਲੋੜੀਂਦੀ ਹੈ!

ਜਗਤ ਪੰਜਾਬੀ ਸਭਾ ਦੇ ਸਰਪ੍ਰਸਤ ਡਾ ਐਸ ਐਸ ਗਿੱਲ ਸਾਬਕਾ ਵਾਈਸ ਚਾਂਸਲਰ ਨੇ ਸਭਾ ਵੱਲੋਂ ਕੀਤੇ ਕੰਮਾਂ ਬਾਰੇ ਚਾਨਣਾ ਪਾਉਂਦਿਆਂ ਦਸਿਆ ਕਿ ਨੈਤਿਕ ਸਿਖਿਆ ਅਤੇ ਕ਼ਾਇਦਾ ਏ ਨੂਰ ਪੁਸਤਕ ਦੀ ਪ੍ਰਕਾਸ਼ਨਾ ਦਾ ਮਕਸਦ ਕੀ ਹੈ ! ਉਨ੍ਹਾਂ ਨੇ ਬੀ ਐਡ ਦੇ ਵਿਦਿਆਰਥੀਆਂ ਲਈ ਨੈਤਿਕ ਸਿਖਿਆ ਪੁਸਤਕ ਪੜ੍ਹਨ ਦੀ ਦਰਖ਼ਾਸਤ ਕੀਤੀ !

ਲਾਹੌਰ ਕਾਲਜ ਯੂਨੀਵਰਸਿਟੀ ਫਾਰ ਵੋਮੈਨ ਦੇ ਵਾਈਸ ਚਾਂਸਲਰ ਡਾ. ਬੁਸ਼ਰਾ ਮਿਰਜ਼ਾ ਨੇ ਐਜੂਕੇਸ਼ਨ ਸਿਸਟਮ ਬਾਰੇ ਗੱਲ ਕੀਤੀ ਤੇ ਪੰਜਾਬੀ ਲਈ ਹਰ ਸੰਭਵ ਮੱਦਦ ਕਰਨ ਦਾ ਭਰੋਸਾ ਦਿੱਤਾ। ਪੰਜਾਬ ਯੂਨੀਵਰਸਿਟੀ ਲਾਹੌਰ ਦੇ ਪਰੋ .ਵਾਈਸ ਚਾਂਸਲਰ ਡਾ. ਸਲੀਮ ਮਜ਼ਾਹਦ ਨੇ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਲਈ ਕਿਹਾ।



ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਤੋਂ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਪੰਜਾਬ ,ਪੰਜਾਬੀ ਅਤੇ ਪੰਜਾਬੀਅਤ ਅਤੇ ਪੰਜਾਬੀ ਵਿਰਸੇ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ! ਪ੍ਰਧਾਨ ਚੀਫ ਖਾਲਸਾ ਦੀਵਾਨ ਨਿਰਮਲ ਸਿੰਘ ਅੰਮ੍ਰਿਤਸਰ ਨੇ ਪੰਜਾਬੀਅਤ ਲਈ ਕੀਤੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ !

ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸਰਦੂਲ ਸਿੰਘ ਥਿਆੜਾ ਨੇ ਸਭ ਦਾ ਧੰਨਵਾਦ ਕਰਦਿਆਂ ਖੁਸ਼ੀ ਜਾਹਰ ਕੀਤੀ ਕਿ ਉਨਾਂ ਦੀ ਸਭਾ ਵਲੋਂ ਆਪਣੇ ਮੂਲ ਨਾਲ ਜੁੜਨ ਦੇ ਕੀਤੇ ਜਾ ਰਹੇ ਸੇਵਾ ਰੂਪੀ ਕਾਰਜਾਂ ਨੂੰ ਬੂਰ ਪੈਣ ਲਗਾ ਹੈ ਉਨ੍ਹਾਂ ਨੇ ਸਭਾ ਦੀ ਮਦਦ ਕਰਨ ਵਾਲਿਆਂ ਦਾ ਵਿਸ਼ੇਸ਼ ਜਿਕਰ ਕਰਦਿਆਂ ਕਿਹਾ ਕਿ ਕਾਇਦਾ ਏ ਨੂਰ ਕਿਤਾਬ ਤਿਆਰ ਕਰਨ ਲਈ ਬਹੁਤ ਸਾਰੇ ਵਿਅਕਤੀਆਂ ਨੇ ਮਾਲੀ ਮਦਦ ਕੀਤੀ ਕਾਨਫ਼ਰੰਸ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਨੇ ਕਿਹਾ ਕਿ ਡਾ. ਨਿਆਜ਼ ਅਖ਼ਤਰ ਵਲੋਂ ਯੂਨੀਵਰਸਿਟੀ ਵਿੱਚ ਅਖ਼ਲਾਕ ਦੀ ਪੜ੍ਹਾਈ ਕਰਾਉਣ ਦੇ ਐਲਾਨ ਨਾਲ ਪੰਜਾਬੀ ਜਗਤ ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਨਾਂ ਦੁਨੀਆਂ ਵਿੱਚ ਸੂਰਜ ਅਤੇ ਚੰਦ ਵਾਂਗ ਚਮਕੇਗਾ ਉਨ੍ਹਾਂ ਕਿਹਾ ਕਿ ਹੁਣ ਅਖ਼ਲਾਕ ਦੀ ਪੜ੍ਹਾਈ ਵਿਧੀਬੱਧ ਢੰਗ ਨਾਲ ਲਾਗੂ ਹੋ ਸਕੇਗੀ। ਇਸ ਮੌਕੇ ਸਭਾ ਵਲੋਂ ਕਰਵਾਈਆਂ ਗਈਆਂ ਕਾਨਫਰੰਸ ਅਤੇ ਹੋਰ ਸਰਗਰਮੀਆਂ ਦੀ ਡਾਕੂਮੈਂਟਰੀ ਡਾ ਸਤਿੰਦਰਜੀਤ ਕੌਰ ਬੁੱਟਰ ਵਲੋਂ ਪੇਸ਼ਕਸ਼ ਤਹਿਤ ਪੇਸ਼ ਕੀਤੀ ਗਈ ! ਇਸ ਮੌਕੇ ਪ੍ਰਧਾਨ ਪਬਪਾ ਡਾ ਰਮਣੀ ਬੱਤਰਾ ,ਵਿੱਤ ਸਕੱਤਰ ਸੰਤੋਖ ਸਿੰਘ ਸੰਧੂ , ਡਾ ਸਾਇਮਾ ਬਤੂਲ , ਡਾ ਏ ਐਸ ਘੁੰਮਣ, ਕਵਲਦੀਪ ਕੌਰ ਕੋਚਰ, ਡਾ ਆਘਾ, ਪੁਸ਼ਪਿੰਦਰ ਕੌਰ ,ਅਜੀਤ ਸਿੰਘ , ਵਰਿੰਦਰ ਰੰਧਾਵਾ, ਕੋਆਰਡੀਨੇਟਰ ਰਵਿੰਦਰ ਢਿਲੋਂ, ਮੀਤਾ ਖੰਨਾ, ਕੋਹਿਪ ਚੇਅਰਮੈਨ ਰੋਸ਼ਨ ਪਾਠਕ, ਦੀਪ ਰੱਤੀ, ਡਾ ਅਮਨਪ੍ਰੀਤ ਕੌਰ ਕੰਗ, ਡਾ ਨਾਇਬ ਸਿੰਘ ਮੰਡੇਰ, ਰਾਜਨਦੀਪ ਕੌਰ ਮਾਨ, ਪਵਨਜੀਤ ਕੌਰ, ਗੋਲਡੀ ਸਿੰਘ, ਅਭਿਜੀਤ, ਐਡਵੋਕੇਟ ਗੁਰ-ਪ੍ਰੀਤ ਸਿੰਘ, ਤਰਸੇਮ ਗੋਪਿਕਾ ਸਮੇਤ ਵੱਡੀ ਗਿਣਤੀ ਵਿਚ ਵਿਦਵਾਨ ਸ਼ਾਮਿਲ ਹੋਏ !

**(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)**

# ਕਿਸਾਨ ਜਥੇਬੰਦੀਆਂ ਨੇ ਫਗਵਾੜਾ ਜਲੰਧਰ ਨੈਸ਼ਨਲ ਹਾਈਵੇ ਤੇ ਰੋਡ ਜਾਮ ਕਰ ਪੰਜਾਬ ਸਰਕਾਰ ਖਿਲਾਫ ਜਮ ਕੇ ਕੀਤੀ ਨਾਅਰੇਬਾਜੀ

**ਫਗਵਾੜਾ–** ਫਗਵਾੜਾ ਜਲੰਧਰ ਨੈਸ਼ਨਲ ਹਾਈਵੇ ਤੇ ਸ਼ੂਗਰ ਮਿਲ ਚੌਂਕ ਵਿਖੇ ਅੱਜ ਕਿਸਾਨ ਜਥੇਬੰਦੀਆਂ ਨੇ ਰੋਡ ਬੰਦ ਕਰ ਦਿੱਤਾ ਅਤੇ ਧਰਨਾ ਲਗਾ ਕੇ ਪੰਜਾਬ ਸਰਕਾਰ ਖਿਲਾਫ ਨਾਅਰੇ ਬਾਜੀ ਕਰਨੀ ਸ਼ੁਰੂ ਕਰ ਦਿੱਤੀ ਕਿਸਾਨ ਜਥੇਬੰਦੀਆਂ ਦਾ ਕਹਿਣਾ ਸੀ ਕਿ ਝੋਨੇ ਦਾ ਸੀਜਨ ਹੋਣ ਕਰਕੇ ਉਹਨਾਂ ਨੂੰ ਮੋਟਰਾਂ ਦੀ ਬਿਜਲੀ ਦੀ ਸਪਲਾਈ ਅੱਠ ਘੰਟੇ ਨਾਂ ਮਿਲਣ ਕਰਕੇ ਉਹਨਾਂ ਵਲੋਂ ਅੱਜ ਹਾਈਵੇ ਜਾਮ ਕੀਤਾ ਗਿਆ ਜਿੱਥੇ ਕਿ ਕਿਸਾਨਾਂ ਵਲੋਂ ਧਰਨਾ ਪ੍ਰਦਰਸ਼ਨ ਲਗਾਤਾਰ ਜਾਰੀ ਰਖਿਆ ਉਥੇ ਹੀ ਕਿਸਾਨ ਜਥੇਬੰਦੀਆਂ ਦੇ ਆਗੂਆਂ ਵਲੋਂ ਪੰਜਾਬ ਸਰਕਾਰ ਤੇ ਜੰਮ ਕੇ ਭੜਾਸ ਕੱਢਦੇ ਹੋਏ ਕਿਹਾ ਕਿ ਪਿਛਲੇ ਚਾਰ ਸਾਲ ਤੋਂ ਉਹਨਾਂ



ਨੂੰ ਲਗਾਤਾਰ ਬਿਜਲੀ ਦੀ ਸਪਲਾਈ ਮਿਲਦੀ ਰਹੀ ਹੈ ਪਰ ਇਸ ਸਾਲ ਕੇਂਦਰ ਦੀ ਸਰਕਾਰ ਦੀ ਹਮਾਇਤ ਵਿੱਚ ਪੰਜਾਬ ਸਰਕਾਰ ਕਿਸਾਨਾਂ ਨੂੰ ਖ਼ਰਾਬ ਕਰਨ ਦੀ ਖ਼ਾਤਰ ਬਿਜਲੀ ਸਪਲਾਈ ਨਹੀਂ ਦੇ ਰਹੀ ਜਿਸ ਕਾਰਨ ਕਿਸਾਨਾਂ ਦੀ ਝੋਨੇ ਦੀ ਫਸਲ ਖ਼ਰਾਬ ਹੋ ਰਹੀ ਹੈ ਅਤੇ ਕਿਸਾਨਾਂ ਦਾ ਕਾਫ਼ੀ ਨੁਕਸਾਨ ਹੋ ਰਿਹਾ ਹੈਤਕਰੀਬਨ 4 ਘੰਟਿਆਂ ਬਾਅਦ ਪ੍ਰਸ਼ਾਸ਼ਨਿਕ ਅਧਿਕਾਰੀਆ ਨੇ ਮੌਕੇ ਤੇ ਪਹੁੰਚ ਕੇ ਕਿਸਾਨ ਜਥੇਬੰਦੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਕਿਸਾਨਾਂ ਨੂੰ 8 ਘੰਟੇ ਬਿਜਲੀ ਦਿਤੀ ਜਾਵੇਗੀ ਜਿਸ ਤੋਂ ਬਾਅਦ ਧਰਨਾ ਪ੍ਰਦਰਸ਼ਨ ਖ਼ਤਮ ਕਰ ਦਿੱਤਾ ਹੈ।

**– ਬੀ.ਕੇ.ਰੱਤੂ**

# ਫਗਵਾੜਾ 'ਚ ਗੋਲ ਚੌਂਕ ਦਾ ਨਾਮ ਸੰਵਿਧਾਨ ਚੌਂਕ ਰੱਖਣ ਦਾ ਮੁੱਦਾ ਫਿਰ ਭੱਖਿਆ

**ਫਗਵਾੜਾ 29 ਜੂਨ –** ਅੰਬੇਡਕਰ ਸੈਨਾ ਮੂਲ ਨਿਵਾਸੀ ਵਲੋਂ ਅੱਜ ਪੰਜਾਬ ਪ੍ਰਧਾਨ ਹਰਭਜਨ ਸੁਮਨ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੇ ਨਾਂਅ ਇਕ ਮੰਗ ਪੱਤਰ ਏ.ਡੀ.ਸੀ. ਫਗਵਾੜਾ ਦਫਤਰ ਵਿਖੇ ਦਿੱਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਹਰਭਜਨ ਸੁਮਨ ਨੇ ਦੱਸਿਆ ਕਿ ਫਗਵਾੜਾ ਦੇ ਜੀਟੀ ਰੋਡ ਸਥਿਤ ਗੋਲ ਚੌਕ ਦਾ ਨਾਮ ਸੰਵਿਧਾਨ ਚੌਕ ਰੱਖਣ ਦੀ ਮੰਗ ਨੂੰ ਲੈ ਕੇ ਅੱਜ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਦਿੱਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਜਨਵਰੀ 2018 ਵਿਚ ਦਲਿਤ ਸਮਾਜ ਵਲੋਂ ਫਗਵਾੜਾ ਦੇ ਕਮੀਸ਼ਨਰ ਅਤੇ ਸਮੂਹ ਕੌਂਸਲਰਾਂ ਨੂੰ ਇਸ ਸਬੰਧੀ ਮੰਗ ਪੱਤਰ ਦਿੱਤਾ ਗਿਆ ਸੀ ਜਿਹਨਾਂ ਨੇ ਸਰਬ ਸੰਮਤੀ ਨਾਲ ਚੌਕ ਦਾ ਨਾਮ ਸੰਵਿਧਾਨ ਚੌਕ ਰੱਖਣ ਬਾਰੇ ਸਹਿਮਤੀ ਦਿੱਤੀ ਸੀ। ਜਿਸ ਤੋਂ ਬਾਅਦ 13 ਅਪ੍ਰੈਲ ਨੂੰ ਚੌਕ ਵਿਖੇ ਸੰਵਿਧਾਨ ਚੌਕ ਦੇ ਨਾਮ ਦਾ ਫਲੈਕਸ ਬੋਰਡ ਲਗਾਇਆ ਗਿਆ ਸੀ ਪਰ ਉਸੇ ਰਾਤ ਸ਼ਰਾਰਤੀ ਅਨਸਰਾਂ ਵਲੋਂ ਫਲੈਕਸ ਬੋਰਡ ਨੂੰ ਫਾੜ ਦਿੱਤਾ ਗਿਆ। ਤਨਾਅ ਭਰੇ ਮਾਹੌਲ 'ਚ ਸ਼ਰਾਰਤੀ ਅਨਸਰਾਂ ਵਲੋਂ ਕੀਤੀ ਗੋਲੀਬਾਰੀ ਵਿਚ ਯਸ਼ਵੰਤ ਬੋਬੀ ਨਾਮ ਦੇ ਦਲਿਤ ਨੌਜਵਾਨ ਦੀ ਮੌਤ ਹੋਈ ਅਤੇ ਕੁਲਵਿੰਦਰ ਕੁਮਾਰ ਨਾਂ ਦਾ ਇਕ ਹੋਰ ਦਲਿਤ ਨੌਜਵਾਨ ਜਖਮੀ ਹੋ ਗਿਆ ਸੀ। ਯਸ਼ਵੰਤ ਬੋਬੀ ਦੀ ਮੌਤ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮ੍ਰਿਤਕ ਦੇ ਇਕ ਪਰਿਵਾਰਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਅਤੇ ਚੌਕ ਦਾ ਨਾਮ ਸੰਵਿਧਾਨ ਚੌਕ ਰੱਖਣ ਦਾ ਐਲਾਨ ਕੀਤਾ ਸੀ ਲੇਕਿਨ ਤਿੰਨ ਸਾਲ ਬਾਅਦ ਵੀ ਸਰਕਾਰ ਨੇ ਗੋਲ ਚੌਕ ਦਾ ਨਾਮ ਸੰਵਿਧਾਨ ਚੌਕ ਨਹੀਂ ਰੱਖਿਆ ਜਿਸ ਨੂੰ ਲੈ ਕੇ ਦਲਿਤ ਸਮਾਜ ਵਿਚ ਭਾਰੀ ਰੋਸ ਹੈ। ਉਹਨਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੈਪਟਨ ਸਰਕਾਰ ਨੇ ਸਮਾਂ ਰਹਿੰਦੇ ਚੌਕ ਦਾ ਨਾਮ ਸੰਵਿਧਾਨ ਚੌਕ ਨਾ ਰੱਖਿਆ ਤਾਂ ਅਗਲੀਆਂ ਵਿਧਾਨਸਭਾ ਚੋਣਾਂ ਸਮੇਂ ਕਾਂਗਰਸ ਪਾਰਟੀ ਦਾ ਪੁਰਜੋਰ ਵਿਰੋਧ ਕੀਤਾ ਜਾਵੇਗਾ।



ਇਸ ਤੋਂ ਇਲਾਵਾ ਜਰੂਰੀ ਹੋਇਆ ਤਾਂ ਧਰਨੇ ਪ੍ਰਦਰਸ਼ਨ ਵੀ ਕੀਤੇ ਜਾਣਗੇ ਜਿਸ ਨਾਲ ਪੈਦਾ ਹੋਣ ਵਾਲੇ ਹਾਲਾਤ ਦੀ ਜਿੰਮੇਵਾਰੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਹੋਵੇਗੀ। ਇਸ ਮੌਕੇ ਸ਼ਹਿਰੀ ਪ੍ਰਧਾਨ ਪ੍ਰਦੀਪ ਅੰਬੇਡਕਰੀ, ਦਿਹਾਤੀ ਪ੍ਰਧਾਨ ਮਾਨ ਅੰਬੇਡਕਰੀ, ਜਸਵਿੰਦਰ ਬੋਧ, ਧਰਮਵੀਰ ਬੋਧ ਜਨਰਲ ਸਕੱਤਰ, ਮਨੀ ਅੰਬੇਡਕਰੀ, ਅਜੈਬ ਸਿੰਘ, ਮਨੋਹਰ ਲਾਲ ਜੱਖੂ, ਡਾ. ਜਗਦੀਸ਼, ਜਤਿੰਦਰ ਅੰਬੇਡਕਰੀ, ਬੰਟੀ ਕੌਂਲਸਰ ਆਦਿ ਹਾਜਰ ਸਨ।

## ਗਾਇਕ ਧਰਮਿੰਦਰ ਮਸਾਣੀ ਦਾ ਟਰੈਕ, ਯਾਦਾਂ, ਰਿਲੀਜ ਲਈ ਤਿਆਰ

ਅਨੇਕਾਂ ਹਿੱਟ ਗੀਤਾਂ ਦੇ ਨਾਮਵਰ ਗਾਇਕ ਧਰਮਿੰਦਰ ਮਸਾਣੀ ਦੀ ਸੁਰੀਲੀ ਅਵਾਜ 'ਚ ਸਿੰਗਲ ਟਰੈਕ, ਯਾਦਾਂ, ਜੋ ਰਿਲੀਜ ਲਈ ਬਿਲਕੁਲ ਤਿਆਰ ਹੈ। ਇਸ ਸਿੰਗਲ ਟਰੈਕ ਸਬੰਧੀ ਜਾਣਕਾਰੀ ਦਿੰਦੇ ਹੋਏ ਲੋਕ ਗਾਇਕ ਧਰਮਿੰਦਰ ਮਸਾਣੀ ਨੇ ਦੱਸਿਆ ਕਿ ਇਸ ਗੀਤ ਨੂੰ ਨਾਮਵਰ ਗੀਤਕਾਰ ਗੁਰਚਰਨ ਲਸਾੜਾ ਅਮਰੀਕਾ ਨੇ ਕਲਮਬੱਧ ਕੀਤਾ ਤੇ ਮਿਊਜਿਕ ਮੈਂ ਖੁਦ ਤਿਆਰ ਕੀਤਾ ਇਸ ਦਾ ਵੀਡੀਓ ਐਮ. ਜੇ ਗਹਿਲੋਤ ਨੇ ਤਿਆਰ ਕੀਤਾ ਇਸ ਸਿੰਗਲ ਟਰੈਕ ਨੂੰ 26 ਜੂਨ ਨੂੰ ਸੰਗੀਤ ਜਗਤ ਦੀ ਨਾਮਵਰ ਕੰਪਨੀ ਥਰਟੀਨ ਰਿਕ-ਾਰਡ ਤੇ ਰਾਜਨ ਸ਼ੇਖੂਪੁਰੀਆ ਦੀ ਸ਼ਾਨਦਾਰ ਪੇਸ਼ਕਸ਼ ਚ



ਸੰਗੀਤ ਜਗਤ ਦੀਆਂ ਨਾਮਵਰ ਸ਼ਖਸ਼ੀਅਤਾਂ ਵਲੋਂ ਸ਼ੋਸਲ ਮੀਡੀਆ ਤੇ ਬਹੁਤ ਵੱਡੇ ਪੱਧਰ ਤੇ ਲੋਕ ਅਰਪਿਤ ਕੀਤਾ ਜਾ ਰਿਹਾ ਆਸ ਕਰਦਾ ਹਾਂ ਕਿ ਮੇਰੇ ਪਹਿਲਾਂ ਆਏ ਗੀਤਾਂ ਵਾਂਗ ਇਸ, ਯਾਦਾਂ, ਗੀਤ ਨੂੰ ਪਿਆਰ ਦਿਓਗੇ ਬਹੁਤ ਸਹਿਜੋਗ ਏ ਗੁਰਚਰਨ ਲਸਾੜਾ, ਪ੍ਰੀਤ ਬੰਗੜ, ਬਲਜੀਤ ਸਨੀ, ਪ੍ਰਿੰਸ ਮਾਹੀ, ਇੰਦਰਜੀਤ ਮਾਹੀ ਤੇ ਹੋਰ ਰੱਬ ਵਰਗੇ ਸਰੋਤਿਆਂ ਦਾ ਜੋ ਸਮੇਂ ਸਮੇ ਤੇ ਬਹੁਤ ਸਹਿਯੋਗ ਦਿੰਦੇ ਹਨ ਤੇ ਧੰਨਵਾਦ ਏ ਰੱਬ ਵਰਗੇ ਸਰੋਤਿਆਂ ਦੇ ਜੋ ਮੇਰੀ ਗਾਇਕੀ ਨੂੰ ਪਸੰਦ ਕਰ ਰਹੇ ਹਨ।

**(ਬੱਗਾ ਸੇਲਕੀਆਣਾ)**

## ਉਭਰ ਰਹੀ ਗਾਇਕਾ ਦਾਮਨੀ ਨਾਹਰ ਦਾ ਗੀਤ, 'ਸਟੱਬਬੌਰਨ ਨੇਚਰ' ਰਿਲੀਜ਼

ਗਾਇਕੀ ਖੇਤਰ ਵਿਚ ਤੇਜ਼ੀ ਨਾਲ ਉਭਰ ਰਹੀ ਗਾਇਕਾ ਦਾਮਨੀ ਨਾਹਰ ਦੀ ਖ਼ੂਬਸੂਰਤ, ਸੁਰੀਲੀ ਤੇ ਦਮਦਾਰ ਅਵਾਜ਼ ਵਿੱਚ ਸਿੰਗਲ ਟਰੈਕ ਗੀਤ, 'ਸਟੱਬਬੌਰਨ ਨੇਚਰ' ਯੂ-ਟਿਊਬ ਚੈਨਲ 'ਤੇ ਰਿਲੀਜ਼ ਕੀਤਾ ਗਿਆ। ਗਾਇਕਾ ਦਾਮਨੀ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੀਤਕਾਰ ਨਿਸ਼ਾਨ ਬੋਲੇਵਾਲੀਆ ਦੀ ਕਲਮ ਦੇ ਸਿਰਜੇ ਇਸ ਗੀਤ ਨੂੰ ਸੰਗੀਤਕ ਛੋਹਾਂ ਨਾਲ ਸ਼ਿੰਗਾਰਿਆ ਹੈ ਸੰਗੀਤਕਾਰ ਲਕਸ਼ ਨੇ। ਇਸਦਾ ਪ੍ਰੋਡਿਊਸਰ ਹੈ ਡਾ. ਰਾਜ ਕੁਮਾਰ ਤੇ ਪ੍ਰੋਜੈਕਟ ਹੈ ਡਾ. ਹਰਜਿੰਦਰ ਸਿੰਘ। ਇਸ ਵਿਚ ਮਖਤਿਆਰ ਸਿੰਘ ਹੰਸ, ਕੁਲਵਿੰਦਰ ਕੌਰ ਹੰਸ ਤੇ ਡਾ. ਕਰਨ ਭੁੱਲਰ ਵਿਸ਼ੇਸ਼ ਸਹਿਯੋਗ ਕਰਤਾ ਹਨ।

ਗਾਇਕਾ ਦਾਮਨੀ ਨਾਹਰ ਨੂੰ ਆਸ ਹੈ ਕਿ ਉਸ ਦਾ ਇਹ ਗੀਤ ਸੰਗੀਤ ਪ੍ਰੇਮੀ ਬੇਹੱਦ ਪਸੰਦ ਕਰਨਗੇ ਤੇ ਉਸ ਨੂੰ ਭਵਿੱਖ ਵਿੱਚ ਅੱਗੇ ਵਧਣ ਦਾ ਜਰੂਰ ਮੌਕਾ ਦੇਣਗੇ।

**(ਪ੍ਰੀਤਮ ਲੁਧਿਆਣਵੀ)**



# ਹਰਭਜਨ ਲਾਖਾ ਜੀ ਸਾਡੇ ਵਿੱਚ ਸਰੀਰਕ ਤੌਰ ਤੇ ਨਹੀਂ ਰਹੇ ਪ੍ਰੰਤੂ ਉਨ੍ਹਾਂ ਵਲੋਂ ਸਮਾਜ ਲਈ ਕੀਤੇ ਕੰਮ ਹਮੇਸ਼ਾ ਉਨ੍ਹਾਂ ਦੀ ਯਾਦ ਦਿਵਾਉਂਦੇ ਰਹਿਣਗੇ - ਸੁੱਖ ਧਾਲੀਵਾਲ

## ਸਾਬਕਾ ਐਮ.ਪੀ.ਸ: ਹਰਭਜਨ ਸਿੰਘ ਲਾਖਾ ਜੀ ਦੀ ਸਲਾਨਾ ਬਰਸੀ 'ਤੇ ਵੱਖ ਵੱਖ ਸ਼ਖਸੀਅਤਾਂ ਵਲੋਂ ਸ਼ਰਧਾਂਜਲੀਆਂ ਭੇਟ






**ਵੈਨਕੂਵਰ (ਬਿਊਰੋ)–** ਬਹੁਜਨ ਸਮਾਜ ਲਈ ਲੰਬਾ ਸਮਾਂ ਸੰਘਰਸ਼ ਕਰਕੇ ਹਜ਼ਾਰਾਂ ਸਾਲਾਂ ਤੋਂ ਦੱਬੇ ਕੁਚਲੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਗਾਉਣ ਵਾਲੇ ਤੇ ਸਾਹਿਬ ਕਾਂਸ਼ੀ ਰਾਮ ਦੇ ਮੁੱਢਲੇ ਸਾਥੀ ਰਹੇ ਬਾਬਾ ਬੋਹੜ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਸਵ: ਸ: ਹਰਭਜਨ ਸਿੰਘ ਲਾਖਾ ਜੀ ਦੀ 7ਵੀਂ ਬਰਸੀ ਸਥਾਨਕ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਬਰਨਵੀ (ਕੈਨੇਡਾ) ਵਿਖੇ ਉਨ੍ਹਾਂ ਦੇ ਸਪੁੱਤਰਾਂ ਸ: ਕਮਲਜੀਤ ਲਾਖਾ, ਪਰਮਜੀਤ ਲਾਖਾ ਤੇ ਰਛਪਾਲ ਲਾਖਾ ਦੀ ਰਹਿਨੁਮਾਈ ਹੇਠ ਮਨਾਈ ਗਈ। ਇਸ ਸਮਾਗਮ 'ਚ ਉਚੇਚੇ ਤੌਰ ਤੇ ਪੁੱਜੇ ਕੈਨੇਡਾ ਦੇ ਐਮ.ਪੀ. ਸੁੱਖ ਧਾਲੀਵਾਲ ਨੇ ਸ: ਲਾਖਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਮਹਾਨ ਲੀਡਰ ਕਦੇ ਕਦੇ ਪੈਦਾ ਹੁੰਦੇ ਹਨ ਜਿਹੜੇ ਆਪਣੇ ਸਮਾਜ ਦੇ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਗਾਉਂਦੇ ਹਨ, ਭਾਵੇਂ ਸ:ਹਰਭਜਨ ਸਿੰਘ ਲਾਖਾ ਜੀ ਸਾਡੇ ਵਿੱਚ ਸਰੀਰਕ ਤੌਰ ਤੇ ਨਹੀਂ ਰਹੇ ਪ੍ਰੰਤੂ ਉਨ੍ਹਾਂ ਵਲੋਂ ਸਮਾਜ ਲਈ ਕੀਤੇ ਕੰਮ ਹਮੇਸ਼ਾ ਉਨ੍ਹਾਂ ਦੀ ਯਾਦ ਦਿਵਾਉਂਦੇ ਰਹਿਣਗੇ ਅਤੇ ਉਨ੍ਹਾਂ ਦੀ ਘਾਟ ਸਾਡੇ ਸਮਾਜ ਨੂੰ ਹਮੇਸ਼ਾ ਹੀ ਰੜਕਦੀ ਰਹੇਗੀ। ਉਨ੍ਹਾਂ ਕਿਹਾ ਕਿ ਸ: ਲਾਖਾ ਗਿਆਨ ਦੇ ਭੰਡਾਰ ਸਨ, ਉਹ ਅਕਸਰ ਜਦੋਂ ਕੈਨੇਡਾ ਆਉਂਦੇ ਤਾਂ ਮਿਲਦੇ ਜਰੂਰ ਸਨ।

ਉਨ੍ਹਾਂ ਦੀ ਸਮਾਜ ਪ੍ਰਤੀ ਤੜਫ਼ ਤੇ ਸਮਾਜ ਲਈ ਕੁਝ ਨਾ ਕੁਝ ਕਰਨ ਦੀ ਚਾਹਤ ਹਮੇਸ਼ਾ ਚਿਹਰੇ ਤੇ ਝਲਕਦੀ ਰਹਿੰਦੀ ਸੀ। ਇਸ ਮੌਕੇ ਬਰਨਵਰੀ ਤੋਂ ਕੌਂਸਲਰ ਦੀ ਚੋਣ ਲੜ ਰਹੇ ਸ੍ਰੀ ਮਾਈਕਲ ਹਿਲਮਨ ਅਤੇ ਬਲਜਿੰਦਰ ਨਾਰੰਗ ਨੇ ਵੀ ਸ਼ਰਧਾਂ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਥੋੜੀ ਉਮਰ ਵਿੱਚ ਜੋ ਸਵ: ਲਾਖਾ ਜੀ ਨੇ ਕੰਮ ਕੀਤੇ ਅਤੇ ਬਹੁਜਨ ਸਮਾਜ ਪਾਰਟੀ ਨੂੰ ਰਾਸ਼ਟਰੀ ਪੱਧਰ ਤੱਕ ਲਿਜਾਣ ਵਿੱਚ ਜੋ ਉਨ੍ਹਾਂ ਭੂਮਿਕਾ ਨਿਭਾਈ ਉਸਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਸੰਧੂ ਰਿਟਾਇਰਡ ਐਕਸੀਅਨ ਨੇ ਜਿੱਥੇ ਸਟੇਜ਼ ਸਕੱਤਰ ਦੀ ਜੁੰਮੇਵਾਰੀ ਬਾਖੂਬੀ ਨਿਭਾਈ ਉਥੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਸ: ਲਾਖਾ ਜੀ ਨੂੰ ਸਾਡੀ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਲਾਖਾ ਸਾਹਿਬ ਦੇ ਅਧੂਰੇ ਰਹਿ ਗਏ ਕੰਮਾਂ ਨੂੰ ਪੂਰਾ ਕਰਨ ਲਈ ਹੰਬਲਾ ਮਾਰੀਏ। ਉਨ੍ਹਾਂ ਸ: ਲਾਖਾ ਹੁਰਾਂ ਨਾਲ ਬਿਤਾਏ ਪਲਾਂ ਨੂੰ ਵੀ ਤਾਜਾ ਕੀਤਾ। ਅੰਤ ਵਿੱਚ ਪਾਵਰ ਕੂਲ ਕੰਪਨੀ ਕੈਨੇਡਾ ਦੇ ਮਾਲਕ ਸ੍ਰੀ ਪਰਮਜੀਤ ਲਾਖਾ ਨੇ ਜਿੱਥੇ ਪੁੱਜੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ, ਉਥੇ ਇਹ ਵਾਅਦਾ ਕੀਤਾ ਕਿ ਉਨ੍ਹਾਂ ਦੇ ਪਿਤਾ ਜੀ ਨੇ ਜੋ ਮਿਸ਼ਨ ਆਰੰਭਿਆ ਸੀ, ਉਸਨੂੰ ਕਿਸੇ ਵੀ ਕੀਮਤ ਤੇ ਰੁਕਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਦੇ ਅਧੂਰੇ ਮਿਸ਼ਨ ਲਈ ਦਿਨ ਰਾਤ ਇੱਕ ਕਰਨਗੇ ਤੇ ਭਵਿੱਖ ਵਿੱਚ ਵੀ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਸਮਾਗਮ ਕਰਵਾਉਂਦੇ ਰਹਿਣਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਚਰਨ ਕੌਰ ਲਾਖਾ, ਬਲਵੀਰ ਬੈਂਸ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਪੋਰਟ ਕਲੱਬ, ਅਮਰਜੀਤ ਲੀਹਲ, ਸੋਢੀ ਦਦਰਾਲ, ਅਵਤਾਰ ਸਿੰਘ ਵਿਰਦੀ, ਹਰਨੇਕ ਸਿੰਘ ਵਿਰਦੀ, ਪਰਮਜੀਤ ਸਰੋਆ, ਰਾਮੇਸ਼ ਸਰੋਆ, ਸੀਤਲ ਦਾਸ ਦਾਦਰਾ, ਸੁਰਿੰਦਰ ਘਾਟ, ਬਾਲ ਮੁਕੰਦ, ਮਾਈਕਲ ਘੀਰਾ, ਰੂਪ ਚੰਦਰ, ਮੱਖਣ ਰਾਜੂ, ਲਾਖਾ ਪਰਿਵਾਰ ਵਿੱਚ ਕੁਲਵਿੰਦਰ ਕੌਰ ਲਾਖਾ, ਹਰਜਿੰਦਰ ਕੌਰ ਲਾਖਾ ਆਦਿ ਵੱਡੀ ਤਾਦਾਤ ਵਿੱਚ ਸ਼ਾਮਿਲ ਹੋਏ।

# ਨਰਸਿੰਗ ਐਸੋਸੀਏਸ਼ਨ ਆਫ ਸਿਵਲ ਹਸਪਤਾਲ ਫਗਵਾੜਾ ਵਲੋਂ ਛੇਵੇ ਪੇ ਕਮਿਸ਼ਨ ਵਿਰੁੱਧ ਹੜਤਾਲ ਕਰ ਕੰਮ-ਕਾਜ ਰੱਖਿਆ ਠੱਪ

**ਫਗਵਾੜਾ 29 ਜੂਨ –** ਸੂਬੇ ਦੀ ਸਰਕਾਰ ਵੱਲੋਂ ਜਾਰੀ ਕੀਤੀ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਨੂੰ ਜਿੱਥੇ ਸਮੂੱਚੇ ਮੁਲਾਜ਼ਮਾਂ ਵਲੋਂ ਰੱਦ ਕੀਤਾ ਗਿਆ ਹੈ। ਉੱਥੇ ਹੀ ਸਿਹਤ ਵਿਭਾਗ ਅੰਦਰ




ਕੰਮ ਕਰਦੀਆ ਸਟਾਫ਼ ਨਰਸਾਂ ਵਲੋਂ ਵੀ ਇਸ ਰਿਪੋਰਟ ਦਾ ਵਿਰੋਧ ਕਰਨ ਲਈ ਸਿਵਲ ਹਸਪਤਾਲ ਫਗਵਾੜਾ ਜ਼ਲ੍ਹਿਾ ਕਪੂਰਥਲਾ ਦੀਆ ਸਮੂਹ ਸਟਾਫ ਨਰਸਾਂ ਵਲੋਂ ਸਵੇਰੇ 11 ਵਜੇ ਤੋਂ ਲੈਕੇ 1ਵਜੇ ਤੱਕ 2 ਘੰਟੇ ਲਈ ਹੜਤਾਲ ਕੀਤੀ ਗਈ ਇਸ ਮੌਕੇ ਅਪਣੇ ਸੰਬੋਧਨ ਚ ਬੋਲਦਿਆਂ ਸਟਾਫ਼ ਨਰਸ ਮੀਨਾ ਸ਼ਰਮਾ ਨੇ ਕਿਹਾ ਕਿ ਸਰਕਾਰ ਵਲੋਂ ਤਨਖਾਹ ਕਮਿਸ਼ਨ ਦੀ ਆੜ੍ਹ ਹੇਠ ਡਾਕਟਰਾਂ ਅਤੇ ਸਟਾਫ ਨਰਸਾਂ ਦੀਆ ਤਨਖਾਹਾਂ ਅਤੇ ਭੱਤਿਆਂ ਤੇ ਕੱਟ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ 17 ਫੀਸਦੀ ਮਿਲਦੇ ਹਾਉਸ ਰੈਟ ਨੂੰ ਘਟਾ ਕੇ 12 ਫ਼ੀਸਦੀ ਕਰਨਾ ਨਿੰਦਨਯੋਗ ਹੈ। ਉਨ੍ਹਾਂ ਮੰਗ ਕੀਤੀ ਕਿ ਐਨ ਪੀ ਏ ਨੂੰ ਮੁੜ੍ਹ 25 ਫ਼ੀਸਦੀ ਕੀਤਾ ਜਾਵੇ ਅਤੇ ਮੁੱਢਲੀ ਤਨਖ਼ਾਹ ਦਾ ਹਿੱਸਾ ਮੰਨ ਕੇ ਸਮੂੱਚੇ ਲਾਭ ਦਿੱਤੇ ਜਾਣ ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵਲੋਂ ਸਮੂੱਚੇ ਮੁਲਾਜ਼ਮਾਂ ਅਤੇ ਡਾਕਟਰਾਂ ਵਾਂਗ ਸਿਹਤ ਮੁਲਾਜ਼ਮਾਂ ਦੀਆ ਤਨਖਾਹਾਂ ਅਤੇ ਭੱਤਿਆਂ ਨੂੰ ਵੀ ਘਟਾਇਆ ਜਾ ਰਿਹਾ ਹੈ ਅਤੇ ਇਹ ਸਰਕਾਰ ਮਹਿੰਗਾਈ ਵੱਧਣ ਦੇ ਬਾਵਜੂਦ ਵੀ ਤਨਖਾਹਾਂ ਵਧਾਉਣ ਦੀ ਥਾਂ ਘਟਾਉਣ ਵਾਲੀ ਦੇਸ਼ ਅੰਦਰ ਪਹਿਲੀ ਸਰਕਾਰ ਸਾਬਿਤ ਹੋ ਰਹੀ ਹੈ।

ਕਰੋਨਾ ਮਹਾਂਮਾਰੀ ਦੋਰਾਨ ਜਿੱਥੇ ਸਿਹਤ ਮੁਲਾਜ਼ਮ ਅਤੇ ਡਾਕਟਰ ਅਪਣੀ ਜਾਨ ਤਲੀ ਤੇ ਰੱਖ ਕੇ ਸੇਵਾ ਨਿਭਾ ਰਹੇ ਹਨ ਅਤੇ ਬਹੁਤਿਆਂ ਨੂੰ ਅਪਣੀਆ ਜਾਨਾਂ ਤੋਂ ਵੀ ਹੱਥ ਧੋਣੇ ਪਏ ਹਨ। ਅਜਿਹੇ ਹਾਲਾਤਾਂ ਵਿੱਚ ਸਰਕਾਰ ਨੂੰ ਤਨਖਾਹਾਂ ਵਿੱਚ ਵਾਧਾ ਕਰਕੇ ਅਮਲੀ ਰੂਪ ਵਿੱਚ ਕਰੋਨੇ ਯੋਧਾ ਮੰਨਣਾ ਚਾਹੀਦਾ ਸੀ ਪ੍ਰੰਤੂ ਤਨਖ਼ਾਹਾਂ ਅਤੇ ਭੱਤਿਆਂ ਤੇ ਕੱਟ ਲਗਾ ਕੇ ਕਰੋਨਾ ਯੋਧਿਆ ਦੇ ਜੱਜਬਾਤਾ ਨਾਲ ਖੇਡ ਰਹੀ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਮੰਗਾ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਹੈਂਡ ਨਰਸਿੰਗ ਸਿਸਟਰ ਪ੍ਰਮਜੀਤ ਕੌਰ, ਸਟਾਫ਼ ਨਰਸ ਮੀਨਾ, ਕੁਲਵਿੰਦਰ ਕੌਰ, ਗੁਰਪ੍ਰੀਤ ਕੌਰ, ਗੁਰਵਿੰਦਰ ਕੌਰ, ਸੁਰਿੰਦਰ ਕੌਰ, ਮਨਜੀਤ ਕੌਰ, ਪੂਨਮ, ਦੀਪਾਲੀ, ਹਰਨੇਕ, ਵਿਨੋਦ ਕੁਮਾਰ ਆਦਿ ਮੌਜੂਦ ਸਨ।

**–ਬੀ.ਕੇ.ਰੱਤੂ**

# ਜਲਿਆਂ ਵਾਲਾ ਬਾਗ 'ਤੇ ਬਣੇਗੀ ਫਿਲਮ

**ਨਵੀਂ ਦਿੱਲੀ (ਬਿਊਰੋ)–** ਕਰਨ ਜੌਹਰ ਨੇ ਮੰਗਲਵਾਰ ਨੂੰ ਇਕ ਅਜਿਹੀ ਫਿਲਮ ਦੀ ਘੋਸ਼ਣਾ ਕੀਤੀ ਜੋ ਆਮ ਤੌਰ 'ਤੇ ਧਰਮ ਪ੍ਰੋਡਕਸ਼ਨਜ਼ ਦੀ ਪਛਾਣ ਨਹੀਂ ਹੈ। ਕਰਨ ਹੁਣ ਭਾਰਤੀ ਆਜ਼ਾਦੀ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਅਧਿਆਇ, ਜਲ੍ਹਿਆਂਵਾਲਾ ਬਾਗ ਕਤਲੇਆਮ ਦੀ ਕਹਾਣੀ ਨੂੰ ਸਿਲਵਰ ਸਕ੍ਰੀਨ 'ਤੇ ਲੈ ਕੇ ਆ ਰਹੇ ਹਨ। ਇਸ ਫਿਲਮ ਦੀ ਘੋਸ਼ਣਾ ਦੇ ਨਾਲ, ਕਰਨ ਨੇ ਦੱਸਿਆ ਕਿ ਫਿਲਮ ਦੀ ਕਹਾਣੀ ਸੀ ਸ਼ੰਕਰਨ ਨਾਇਰ 'ਤੇ ਅਧਾਰਤ ਹੋਵੇਗੀ, ਜਿਸਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਸੱਚ ਨੂੰ ਸਾਹਮਣੇ ਲਿਆਉਣ ਲਈ ਬ੍ਰਿਟਿਸ਼ ਸ਼ਾਸਨ ਨਾਲ ਕਾਨੂੰਨੀ ਲੜਾਈ ਲੜੀ ਸੀ। ਸ਼ੰਕਰਨ ਨਾਇਰ ਦੇ ਇਸ ਹੌਂਸਲੇ ਨੇ ਸਾਰੇ ਦੇਸ਼ ਦੇ ਆਜ਼ਾਦੀ ਦੀ ਲੜਾਈ ਲੜ੍ਹਨ ਵਾਲੇ ਵਿਚ ਨਵੀਂ ਜਾਨ ਪਾਈ ਸੀ। ਇਹ ਕੇਸ ਇਤਿਹਾਸ ਵਿਚ ਇਕ ਨਿਰਪੱਖ ਅਧਿਕਾਰ ਦੇ ਸਾਹਮਣੇ ਸੱਚ ਦੀ ਲੜਾਈ ਵਜੋਂ ਦਰਜ ਹੈ। ਇਸ ਦੀ ਕਹਾਣੀ ਸ਼ੰਕਰਨ ਨਾਇਰ ਦੇ ਪੜਪੋਤੇ ਰਘੂ ਪਲਟ ਅਤੇ ਉਸਦੀ ਪਤਨੀ ਪੁਸ਼ਪਾ ਪਲਟ ਦੁਆਰਾ ਲਿਖੀ ਗਈ ਕਿਤਾਬ ਤੋਂ ਲਈ ਗਈ ਹੈ। ਕਰਨ ਸਿੰਘ ਤਿਆਗੀ ਫਿਲਮ ਨੂੰ ਡਾਇਰੈਕਟ ਕਰ ਰਹੇ ਹਨ। ਫਿਲਮ ਦੀ ਸੂਟਿੰਗ ਜਲਦੀ ਹੀ ਸ਼ੁਰੂ ਹੋਵੇਗੀ। ਸਟਾਰ ਕਾਸਟ ਦੀ ਵੀ ਜਲਦੀ ਘੋਸ਼ਣਾ ਹੋਣ ਵਾਲੀ ਹੈ। ਜਲ੍ਹਿਆਂਵਾਲਾ ਬਾਗ ਕਤਲੇਆਮ ਭਾਰਤੀ ਸੁਤੰਤਰਤਾ ਇਤਿਹਾਸ ਵਿਚ ਸਭ ਤੋਂ ਭਿਆਨਕ ਅਤੇ ਹੈਰਾਨ ਕਰਨ ਵਾਲੀ ਘਟਨਾ ਹੈ। ਇਸ ਨੂੰ ਅੰਮ੍ਰਿਤਸਰ ਕਤਲੇਆਮ ਵੀ ਕਿਹਾ ਜਾਂਦਾ ਹੈ। ਇਹ ਘਟਨਾ 13 ਅਪ੍ਰੈਲ 1919 ਨੂੰ ਵਾਪਰੀ ਸੀ। ਸੁਤੰਤਰਤਾ ਸੈਨਾਨੀਆਂ ਡਾ. ਸੈਫੂਦੀਨ ਕਿਚਲੂ ਅਤੇ ਡਾ. ਸੱਤਿਆ ਪਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਇਕ ਵੱਡੀ ਭੀੜ ਅਮਨ ਸ਼ਾਂਤੀ ਨਾਲ ਵਿਰੋਧ ਪ੍ਰਦਰਸ਼ਨ ਕਰਨ ਲਈ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਪਹੁੰਚੀ ਸੀ। ਇਸ ਨੂੰ ਰੋਕਣ ਲਈ ਬ੍ਰਿਟਿਸ਼ ਕਮਾਂਡਿੰਗ ਬ੍ਰਿਗੇਡੀਅਰ-ਜਨਰਲ ਡਾਇਰ ਨੇ ਆਪਣੇ ਸੈਨਿਕਾਂ ਨਾਲ ਪੂਰੇ ਬਾਗ਼ ਨੂੰ ਘੇਰ ਲਿਆ ਸੀ। ਬਾਗ਼ ਤੋਂ ਬਾਹਰ ਨਿਕਲਣ ਦਾ ਇਕੋ ਰਸਤਾ ਸੀ, ਕਿਉਂਕਿ ਬਾਗ਼ ਤਿੰਨੋਂ ਪਾਸਿਆਂ ਤੋਂ ਇਮਾਰਤਾਂ ਨਾਲ ਘਿਰਿਆ ਹੋਇਆ ਸੀ। ਸਿਰਫ਼ ਇਕ ਨਿਕਾਸ ਨੂੰ ਰੋਕਣ ਤੋਂ ਬਾਅਦ, ਜਨਰਲ ਨੇ ਭੀੜ 'ਤੇ ਗੋਲੀਆਂ ਚਲਾਉਣ ਦੇ ਆਦੇਸ਼ ਦੇ ਦਿੱਤੇ। ਗੋਲੀਆਂ ਤੋਂ ਬਚਣ ਲਈ ਪ੍ਰਦਰਸ਼ਨਕਾਰੀਆਂ ਵਿਚ ਭਗਦੜ ਮਚ ਗਈ। ਗੋਲੀਆਂ ਖ਼ਤਮ ਹੋਣ ਤਕ ਬ੍ਰਿਟਿਸ਼ ਸਿਪਾਹੀ ਗੋਲੀਬਾਰੀ ਕਰਦੇ ਰਹੇ। ਇਸ ਵਹਿਸ਼ੀ ਕਾਰਵਾਈ ਵਿਚ ਘੱਟੋ ਘੱਟ 379 ਲੋਕ ਮਾਰੇ ਗਏ ਸਨ ਅਤੇ 1200 ਤੋਂ ਵੱਧ ਜ਼ਖਮੀ ਹੋਏ ਸਨ। ਰਬਿੰਦਰ ਨਾਥ ਟੈਗੋਰ ਇਸ ਕਤਲੇਆਮ ਤੋਂ ਇੰਨੇ ਪ੍ਰੇਸ਼ਾਨ ਹੋਏ ਕਿ ਉਸਨੇ ਆਪਣਾ ਬ੍ਰਿਟਿਸ਼ ਨਾਈਟਹੁੱਡ ਖਿਤਾਬ ਤਿਆਗ ਦਿੱਤਾ। ਇਸ ਘਟਨਾ ਦਾ ਬਦਲਾ ਲੈਣ ਲਈ, ਸੁਤੰਤਰਤਾ ਸੈਨਾਨੀ ਊਧਮ ਸਿੰਘ ਨੇ 1940 ਵਿਚ ਲੰਡਨ ਵਿਚ ਇਸਦੇ ਮਾਸਟਰ ਕਹੇ ਜਾਣ ਵਾਲੇ ਪੰਜਾਬ ਦੇ ਤਤਕਾਲੀ ਉਪ ਰਾਜਪਾਲ ਮਾਈਕਲ ਓ ਡਾਇਰ ਦਾ ਕਤਲ਼ ਕਰ ਦਿੱਤਾ ਸੀ।

Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਸਕਾਟਲੈਂਡ: ਹਵਾ ਵਿੱਚ ਵਾਇਰਸ ਨਾਲ ਨਜਿੱਠਣ ਲਈ ਸਕੂਲਾਂ ਵਿੱਚ ਲਗਾਏ ਜਾਣਗੇ 2 ਮਾਨੀਟਰ

**ਗਲਾਸਗੋ–** ਸਕਾਟਲੈਂਡ ਵਿੱਚ ਕੋਵਿਡ -19 ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਕੁੱਝ ਕੌਂਸਲਾਂ ਸਕੂਲਾਂ ਵਿੱਚ ਕਾਰਬਨ ਡਾਈਆਕਸਾਈਡ (2 ) ਮਾਨੀਟਰ ਲਗਾਉਣ ਦੀ ਯੋਜਨਾ ਬਣਾ ਰਹੀਆਂ ਹਨ, ਜਿਸ ਲਈ ਤਕਰੀਬਨ 5 ਲੱਖ ਪੌਂਡ ਤੱਕ ਖਰਚ ਆਉਣ ਦੀ ਸੰਭਾਵਨਾ ਹੈ। ਸਕਾਟਲੈਂਡ ਦੀਆਂ ਪਰਥ ਅਤੇ ਕਿਨਰੋਸ ਕੌਂਸਲਾਂ ਦੇ ਕੌਸਲਰ 23 ਜੂਨ ਨੂੰ ਕਲਾਸਰੂਮਾਂ ਵਿੱਚ ਹਵਾ ਦੇ ਪ੍ਰਵਾਹ ਨੂੰ ਟਰੈਕ ਕਰਨ ਲਈ ਹੋਈ ਮੀਟਿੰਗ ਦੌਰਾਨ ਇਸ ਰਾਸ਼ੀ ਦੇ ਨਿਵੇਸ਼ ਲਈ ਸਹਿਮਤ ਹੋਏ ਸਨ। ਕੌਂਸਲਾਂ ਦੁਆਰਾ ਇਹ ਕਦਮ ਸਕਾਟਿਸ਼ ਸਰਕਾਰ ਦੁਆਰਾ ਅਪਡੇਟ ਕੀਤੇ ਕੋਰੋਨਾ ਵਾਇਰਸ ਦੇ ਨਿਰਦੇਸ਼ਾਂ ਅਧੀਨ ਪੁੱਟਿਆ ਜਾ ਰਿਹਾ ਹੈ, ਜਿਸ ਵਿੱਚ ਸਥਾਨਕ ਅਧਿਕਾਰੀਆਂ ਨੂੰ 2 ਮਾਨੀਟਰਾਂ ਸਬੰਧੀ ਤਜਵੀਜ਼ ਸ਼ਾਮਲ ਹੈ। ਇਹ ਮਾਨੀਟਰ ਇੱਕ ਜਗ੍ਹਾ ਵਿੱਚ ਹਵਾ



ਵਿਚਲੀ ਕਾਰਬਨ ਡਾਈਆਕਸਾਈਡ (ਸੀਓ 2) ਦੀ ਮਾਤਰਾ ਬਾਰੇ ਜਾਣਕਾਰੀ ਦਿੰਦੇ ਹਨ ਜੋ ਕਿ ਇਹ ਨਿਰਧਾਰਤ ਕਰਨ ਵਿੱਚ ਮਦਦ ਕਰਦੀ ਹੈ ਕਿ ਜਗ੍ਹਾ ਵਿੱਚ ਹਵਾਦਾਰੀ ਕਾਫ਼ੀ ਹੈ ਜਾਂ ਖਿੜਕੀਆਂ ਆਦਿ ਨੂੰ ਖੋਲ੍ਹਣ ਦੀ ਜ਼ਰੂਰਤ ਹੈ। ਪਿਛਲੇ ਹਫ਼ਤੇ ਦੀ ਮੀਟਿੰਗ ਵਿੱਚ ਕੌਂਸਲਰਾਂ ਨੂੰ&; ਦੱਸਿਆ ਗਿਆ ਸੀ ਕਿ ਨਵੀਆਂ ਹਦਾਇਤਾਂ ਸਕੂਲੀ ਖੇਤਰ ਵਿੱਚ ਹਵਾ ਦੀ ਕੁਆਲਟੀ 'ਚ ਸੁਧਾਰ ਕਰਨ ਲਈ ਅਸਰਦਾਰ ਹਨ। ਮਹਾਂਮਾਰੀ ਦੇ ਦੌਰਾਨ ਹਵਾਦਾਰੀ 'ਤੇ ਬਹੁਤ ਮਹੱਤਵ ਦਿੱਤਾ ਗਿਆ ਹੈ ਤਾਂ ਜੋ ਹਵਾ ਵਿੱਚ ਵਿਸ਼ਾਣੂ ਦੀ ਮਾਤਰਾ ਘੱਟ ਹੋ ਸਕੇ। ਪਰਥ ਅਤੇ ਕਿਨਰੋਸ ਕੌਂਸਲਾਂ ਨੂੰ ਅਪਗ੍ਰੇਡ ਨਿਰਦੇਸ਼ ਮਿਲਣ ਤੋਂ ਪਹਿਲਾਂ ਅਧਿਕਾਰੀਆਂ ਵੱਲੋਂ ਕੌਂਸਲਾਂ ਦਾ ਜਾਇਜ਼ਾ ਲੈ ਕੇ ਬਿਲਡਿੰਗ ਹਵਾਦਾਰੀ ਨੂੰ ਯਕੀਨੀ ਬਣਾਉਣ ਲਈ 300,000 ਪੌਂਡ ਦੀ ਰਾਸ਼ੀ ਨਿਰਧਾਰਤ ਕੀਤੀ ਸੀ। ਪਰ ਪਰਥ ਅਤੇ ਕਿਨਰੋਸ ਦੇ ਸਕੂਲਾਂ ਵਿੱਚ ਮਾਨੀਟਰਾਂ ਲਈ ਤਕਰੀਬਨ 500,000 ਪੌਂਡ ਦੀ ਤਜਵੀਜ਼ ਸੀ। ਇਸ ਬਜਟ ਨੂੰ ਕੌਂਸਲਰਾਂ ਨੇ ਪਰਥ ਅਤੇ ਕਿਨਰੋਸ ਕੌਂਸਲ ਲਈ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਸੀ।

# ਨਾਵਲਕਾਰ ਸਿਵਚਰਨ ਜੱਗੀ ਕੁੱਸਾ ਨੂੰ ਸਦਮਾ, ਮਾਮੀ ਜੀ ਦਾ ਦਿਹਾਂਤ

## ਲੰਡਨ ਵਸਦੇ ਸ਼ਾਇਰ ਅਜ਼ੀਮ ਸ਼ੇਖਰ ਦੇ ਮਾਤਾ ਜੀ ਮਾਇਆ ਦੇਵੀ ਦੇ ਚਲਾਣੇ 'ਤੇ ਵੱਖ ਵੱਖ ਸਖਸ਼ੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਗਲਾਸਗੋ/ਸਾਊਥਾਲ –** "ਮਾਂ ਦੇ ਪੇਕੇ ਤੇ ਬੱਚਿਆਂ ਦੇ ਨਾਨਕੇ ਪੰਜਾਬੀ ਸਮਾਜ ਵਿੱਚ ਸਤਿਕ-ਾਰਯੋਗ ਰਿਸ਼ਤਾ ਹਨ। ਮਾਮੇ, ਮਾਸੀਆਂ, ਮਾਮੀਆਂ ਕੋਲੋਂ ਮਿ-ਲਿਆ ਪਿਆਰ, ਸਿੱਖਿਆਵਾਂ ਇਨਸਾਨ ਨੂੰ ਰਾਹ ਦਰਸਾਉਂ-ਦੀਆਂ ਰਹਿੰਦੀਆਂ ਹਨ। ਜਦੋਂ ਇਹਨਾਂ ਰਿਸ਼ਤਿਆਂ 'ਚੋਂ ਕਿਸੇ ਦੀ ਸਾਹ ਦੀ ਤੰਦ ਟੁੱਟਦੀ ਹੈ ਤਾਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਮਾਪੇ ਇੱਕ ਵਾਰ ਫਿਰ ਜਹਾਨੋਂ ਤੁਰ ਗਏ ਹੋਣ।", ਉਕਤ ਵਿਚਾਰਾਂ ਦਾ ਪ੍ਰਗਟਾਵਾ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੇ ਆਪਣੀ ਸਤਿਕਾਰਯੋਗ ਮਾਮੀ ਸ੍ਰੀਮਤੀ ਮਾਇਆ ਦੇਵੀ ਜੀ ਦੇ ਅਕਾਲ ਚਲਾਣੇ ਸੰਬੰਧੀ ਦੁੱਖ



ਦਾ ਇਜ਼ਹਾਰ ਕਰਦਿਆਂ ਕੀਤਾ। ਜ਼ਿਕਰਯੋਗ ਹੈ ਮਾਤਾ ਮਾਇਆ ਦੇਵੀ ਜੀ ਪੰਜਾਬੀ ਸਾਹਿਤ ਕਲਾ ਕੇਂਦਰ ਸਾਊਥਾਲ ਦੇ ਜਨਰਲ ਸਕੱਤਰ ਤੇ ਉੱਘੇ ਸ਼ਾਇਰ ਅਜ਼ੀਮ ਸ਼ੇਖਰ ਦੇ ਮਾਤਾ ਜੀ ਸਨ। ਪਿਛਲੇ ਕੁੱਝ ਸਮੇਂ ਤੋਂ ਉਹਨਾਂ ਦੀ ਸਿਹਤ ਨਾਸਾਜ ਸੀ, ਅਖੀਰ ਉਹ 25 ਜੂਨ ਨੂੰ ਸਵਾਸ ਤਿਆਗ ਗਏ ਸਨ। ਉਹਨਾਂ ਨਮਿਤ ਅੰਤਿਮ ਰਸਮਾਂ ਜੱਦੀ ਪਿੰਡ ਨਥਾਣਾ (ਬਠਿੰਡਾ) ਵਿਖੇ ਸੰਪੂਰਨ ਹੋਈਆਂ। ਇਸ ਦੁੱਖ ਦੀ ਘੜੀ ਵਿੱਚ ਅਜ਼ੀਮ ਸ਼ੇਖਰ ਤੇ ਸ਼ਿਵਚਰਨ ਜੱਗੀ ਕੁੱਸਾ ਨਾਲ ਮਿੱਤਰਾਂ ਸਨੇਹੀਆਂ, ਸ਼ੁਭਚਿੰਤਕਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟ-ਾਵਾ ਕੀਤਾ ਗਿਆ ਹੈ।

# ਅਫਗਾਨੀ ਪਰਿਵਾਰਾਂ ਨੂੰ ਕੀਤੀ ਜਾ ਰਹੀ ਹੈ ਘਰਾਂ ਦੀ ਪੇਸ਼ਕਸ਼

**ਗਲਾਸਗੋ–** ਸਕਾਟਲੈਂਡ ਦੀਆਂ ਕੌਂਸਲਾਂ ਵੱਲੋਂ ਅਫਗਾਨਿਸਤਾਨ ਦੇ ਉਨ੍ਹਾਂ ਪਰਿਵਾਰਾਂ ਲਈ ਘਰਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ, ਜਿਹਨਾਂ ਨੇ ਬਰਤਾਨਵੀ ਫੌਜਾਂ ਦੀ ਤਾਇਨਾਤੀ ਦੌਰਾਨ ਸੈਨਿਕਾਂ ਦੀ ਸਹਾਇਤਾ ਕੀਤੀ ਸੀ ਅਤੇ ਜਿਹਨਾਂ ਵਿੱਚ ਜਿਆਦਾਤਰ ਭਾਸ਼ਾ ਤਰਜ਼ਮੇਕਾਰ ਵਜੋਂ ਮੌਜੂਦ ਹਨ। ਸਕ-ਾਟਲੈਂਡ ਦੇ ਸਾਊਥ ਆਇਰਸ਼ਾਇਰ ਵਿੱਚ ਸਥਿਤ 3 ਘਰ ਉਹਨਾਂ ਅਫਗਾਨੀ ਲੋਕਾਂ ਨੂੰ ਮੁਹੱਈਆ ਕਰਵਾਏ ਜਾਣਗੇ ਜਿਹਨਾਂ ਨੂੰ ਆਪਣੀ ਸੁਰੱਖਿਆ ਲਈ ਆਪਣਾ ਦੇਸ਼ ਛੱਡਣ ਲਈ ਮਜਬੂਰ ਹੋਣਾ ਪਿਆ। ਇਸ ਯੋਜਨਾ ਲਈ ਖੇਤਰ ਵਿੱਚ ਘਰਾਂ ਦੀ ਮੰਗ ਦੇ ਕਾਰਨ, ਕੌਂਸਲ ਨੇ ਤਿੰਨ ਘਰ ਦੇਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਕੌਂਸਲਰਾਂ ਨੇ ਵੀਰਵਾਰ ਨੂੰ ਇੱਕ ਮੀਟਿੰਗ ਵਿੱਚ ਅਫਗਾਨ ਰੀਲੋਕੇਸ਼ਨ ਸਕੀਮ ਵਿੱਚ ਹਿੱਸਾ ਲੈਣ ਲਈ ਵੋਟ ਦਿੱਤੀ। ਹਾਊਸਿੰਗ ਲਈ ਜਿੰਮੇਵਾਰ ਲੇਬਰ ਕੌਂਸਲਰ ਫਿਲਿਪ ਸੈਕਸਟਨ ਅਨੁਸਾਰ ਅਫਗਾਨੀ ਲੋਕਾਂ ਦੀ ਸਹਾਇਤਾ ਕਰਨਾ ਉਹਨਾਂ ਦਾ ਫਰਜ ਹੈ, ਕਿਉਂਕਿ ਅਫਗਾਨਿਸਤਾਨ ਵਿੱਚ ਉਹਨਾਂ ਦੀ ਜਾਨ ਨੂੰ ਖਤਰਾ ਹੈ। ਅੰਤਰਰਾਸ਼ਟਰੀ ਫੌਜਾਂ ਜੋ ਕਿ ਅਫਗਾਨਿਸਤਾਨ ਵਿੱਚ ਸਨ, ਉੱਥੋਂ ਵਾਪਸੀ ਕਰ ਰਹੀਆਂ ਹਨ। ਇਸ ਲਈ ਉਹ ਅਫਗਾਨੀ ਲੋਕ ਜਿਹਨਾਂ ਨੇ ਫੌਜਾਂ ਦੀ ਸਹਾਇਤਾ ਕੀਤੀ ਸੀ, ਉਹਨਾਂ ਨੂੰ ਤਾਲਿਬਾਨ ਵੱਲੋਂ ਮਾਰੇ ਜਾਣ ਦਾ ਡਰ ਹੈ। ਜਿਕਰਯੋਗ ਹੈ ਕਿ ਗ੍ਰਹਿ ਦਫਤਰ ਦੁਆਰਾ ਉਨ੍ਹਾਂ ਕੌਂਸਲਾਂ ਨੂੰ ਫੰਡ ਮੁਹੱਈਆ ਕਰਵਾਏ ਜਾਂਦੇ ਹਨ ਜੋ ਕਿ ਪੁਨਰਵਾਸ ਲਈ ਆਉਣ ਵਾਲੇ ਅਫਗਾਨੀ ਪਰਿਵਾਰਾਂ ਦਾ ਸਵਾਗਤ ਕਰਦੀਆਂ ਹਨ।



# ਯੂਕੇ ਆ ਰਹੀ ਕਿਸ਼ਤੀ ਵਿੱਚੋਂ ਬਰਾਮਦ ਹੋਈ 80 ਮਿਲੀਅਨ ਪੌਂਡ ਦੀ ਕੋਕੀਨ

**ਗਲਾਸਗੋ/ ਲੰਡਨ–** ਸਮੁੰਦਰੀ ਰਾਸਤੇ ਤੋਂ ਯੂਕੇ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੀ ਇੱਕ ਕਿਸ਼ਤੀ ਵਿੱਚੋਂ ਇੱਕ ਟਨ ਦੇ ਕਰੀਬ ਕੋਕੀਨ ਬਰਾਮਦ ਕੀਤੀ ਗਈ ਹੈ, ਜਿਸਦੀ ਕੀਮਤ 80 ਮਿਲੀਅਨ ਪੌਂਡ ਤੋਂ ਵੱਧ ਹੈ। ਕੋਕੀਨ ਵਰਗੇ ਕਲਾਸ ਏ ਦੇ ਨਸ਼ਿਆਂ ਦੀ ਖੇਪ ਨਾਲ ਭਰੀ ਇਹ ਕਿਸ਼ਤੀ ਕੈਰੇਬੀਅਨ ਤੋਂ ਆ ਰਹੀ ਸੀ।

ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਇਹ ਖੇਪ ਬ੍ਰਿਟੇਨ ਆ ਰਹੀ ਸੀ, ਜਿਸ ਦੌਰਾਨ ਕਸਟਮ ਅਧਿਕਾਰੀਆਂ ਨੇ ਇਸਨੂੰ ਘੇਰ ਲਿਆ। ਨੈਸ਼ਨਲ ਕ੍ਰਾਈਮ ਏਜੰਸੀ (ਐੱਨ ਸੀ ਏ) ਅਤੇ ਸਪੇਨ ਦੀ ਨੈਸ਼ਨਲ ਪੁਲਿਸ ਵੱਲੋਂ ਕੀਤੀ ਗਈ ਇਸ ਕਾਰਵਾਈ ਵਿੱਚ ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਨਸ਼ੀਲੇ ਪਦਾਰਥਾਂ ਦੀ ਇਸ ਬਰਾਮਦੀ ਨੂੰ ਅੰਤਰਰਾਸ਼ਟਰੀ ਨਸ਼ਾ



ਤਸਕਰੀ ਦੀ ਵਿਆਪਕ ਜਾਂਚ ਨਾਲ ਜੋੜਿਆ ਜਾ ਰਿਹਾ ਹੈ, ਜਿਸ ਵਿਚ 1.6 ਟਨ ਹੈਸ਼, 45,000 ਯੂਰੋ ਅਤੇ ਚਾਰ ਕਿਸ਼ਤੀਆਂ ਵੀ ਜ਼ਬਤ ਕੀਤੀਆਂ ਗਇਆਂ ਹਨ। 13 ਜੂਨ ਨੂੰ ਫੜੀ ਗਈ ਇਸ ਕੋਕੀਨ ਦੇ ਨਾਲ 46, 70 ਅਤੇ 29 ਸਾਲ ਦੇ ਤਿੰਨ ਸ਼ੱਕੀ ਤਸਕਰਾਂ ਨੂੰ ਵੀ ਐਸ ਵਾਈ ਵਿੰਡਵਿਸਪਰ ਕਿਸ਼ਤੀ ਸਮੇਤ ਐਟਲਾਂਟਿਕ ਦੇ ਅੱਧ ਵਿੱਚ ਰੋਕਿਆ ਗਿਆ ਸੀ। ਇਹਨਾਂ ਦੇ ਇਲਾਵਾ ਇੱਕ 38 ਅਤੇ 41 ਸਾਲਾਂ ਵਿਅਕਤੀ ਜੋ ਕਿ ਇਸ ਤਸਕਰੀ ਨਾਲ ਜੁੜੇ ਹੋਏ ਮੰਨੇ ਜਾਂਦੇ ਹਨ, ਨੂੰ ਵੀ ਸਪੇਨ ਦੇ ਅਧਿਕਾਰੀਆਂ ਨੇ ਕੋਸਟਾ ਡੀ ਸੋਲ ਵਿੱਚ ਗ੍ਰਿਫਤਾਰ ਕੀਤਾ ਹੈ। ਐਨ ਸੀ ਏ ਦੇ ਬਿਆਨ ਅਨੁਸਾਰ, ਸਾਰੇ ਪੰਜ ਵਿਅਕਤੀ ਨਸ਼ਾ ਤਸਕਰੀ ਦੇ ਅਪਰਾਧ ਵਿੱਚ ਹਿਰਾਸਤ 'ਚ ਹਨ।

# ਟੈਸਟ ਪਾਜੇਟਿਵ ਹੋਣ ਤੋਂ ਬਾਅਦ ਸੈਨਾਵਾਂ ਦੇ ਮੁਖੀ ਹੋਏ ਇਕਾਂਤਵਾਸ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਕੋਰੋਨਾ ਵਾਇਰਸ ਨੇ ਯੂਕੇ ਦੇ ਸੁਰੱਖਿਆ ਵਿਭਾਗ ਉੱਤੇ ਆਪਣਾ ਹਮਲਾ ਕੀਤਾ ਹੈ। ਬ੍ਰਿਟੇਨ ਦੀਆਂ ਸੈਨਾਵਾਂ ਦੇ ਸਭ ਤੋਂ ਸੀਨੀਅਰ ਅਧਿਕਾਰੀ ਵਾਇਰਸ ਦੇ ਹਮਲੇ ਦਾ ਸ਼ਿਕਾਰ ਹੋਏ ਹਨ। ਯੂਕੇ ਦੇ ਆਰਮਡ ਫੋਰਸਿਜ਼ ਦੇ ਮੁਖੀ ਵੱਲੋਂ ਕੋਰੋਨਾ ਵਾਇਰਸ ਲਈ ਸਕਾਰਾਤਮਕ ਟੈਸਟ ਕੀਤੇ ਜਾਣ ਤੋਂ ਬਾਅਦ, ਸੈਨਾਵਾਂ ਦੇ ਮੁਖੀ ਆਪਣੇ ਆਪ ਨੂੰ ਇਕਾਂਤਵਾਸ ਕਰ ਰਹੇ ਹਨ। ਡਿਫੈਂਸ ਸਟਾਫ ਦੇ ਮੁਖੀ ਸਰ ਨਿਕ ਕਾਰਟਰ ਨੇ ਵੀਰਵਾਰ ਨੂੰ ਹੋਰ ਸੈਨਾ ਦੇ ਹੋਰ ਪ੍ਰਮੁੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਸੀ।



ਜਿਸ ਉਪਰੰਤ ਰੱਖਿਆ ਮੰਤਰਾਲੇ ਨੇ ਐਤਵਾਰ ਸ਼ਾਮ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ ਵਾਇਰਸ ਤੋਂ ਪੀੜਤ ਹਨ, ਇਸ ਲਈ ਪਿਛਲੇ ਹਫ਼ਤੇ ਜਿਹੜੇ ਅਧਿਕਾਰੀ ਉਹਨਾਂ ਨਾਲ ਨੇੜਲੇ ਸੰਪਰਕ ਵਿੱਚ ਸਨ, ਉਹ ਇਕਾਂਤਵਾਸ ਹੋ ਰਹੇ ਹਨ। ਡਿਫੈਂਸ ਦੇ ਸੈਕਟਰੀ ਆਫ ਸਟੇਟ ਬੇਨ ਵਾਲਸ ਨੂੰ ਐੱਨ ਐੱਚ ਐੱਸ ਟੈਸਟ ਅਤੇ ਟਰੇਸ ਦੁਆਰਾ ਦਸ ਦਿਨਾਂ ਲਈ ਇਕਾਂਤਵਾਸ ਹੋਣ ਦਾ ਆਦੇਸ਼ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਨੇਵੀ, ਆਰ ਏ ਐੱਫ ਅਤੇ ਰਣਨੀਤਕ ਕਮਾਂਡ ਦੇ ਮੁਖੀਆਂ ਨੂੰ ਵੀ ਨਜ਼ਦੀਕੀ ਸੰਪਰਕ ਹੋਣ ਕਰਕੇ ਘਰ ਵਿੱਚ ਰਹਿਣ ਲਈ ਕਿਹਾ ਗਿਆ ਹੈ। ਸੈਨਿਕ ਅਧਿਕਾਰੀਆਂ ਦੀ ਇਹ ਮੀਟਿੰਗ ਵੀਰਵਾਰ ਨੂੰ ਆਕਸਫੋਰਡਸ਼ਾਇਰ ਦੇ ਸ਼੍ਰੀਵੇਨਹੈਮ ਵਿੱਚ ਰੱਖਿਆ ਅਕੈਡਮੀ 'ਚ ਸੀ, ਜਿਸ ਵਿੱਚ ਕੋਰੋਨਾ ਦੇ ਦਿਸ਼ਾ- ਨਿਰਦੇਸ਼ਾਂ ਅਨੁਸਾਰ ਸਮਾਜਿਕ ਦੂਰੀਆਂ ਸਨ, ਪਰ ਉਨ੍ਹਾਂ ਵਿਚੋਂ ਕੁੱਝ ਸ਼ਿਰਕਤ ਕਰਨ ਵਾਲੇ ਇਕ-ਦੂਜੇ ਨਾਲ ਵਿਚਾਰ ਵਟਾਂਦਰੇ ਦੇ ਬਾਅਦ ਸੰਭਾਵਤ ਤੌਰ 'ਤੇ ਇੱਕ ਦੂਜੇ ਨਾਲ ਨੇੜਲੇ ਸੰਪਰਕ ਸਮਝੇ ਗਏ ਹਨ।

# ਸਕਾਟਲੈਂਡ ਦੇ ਹਸਪਤਾਲਾਂ ਵਿੱਚੋਂ ਇਸ ਹਸਪਤਾਲ ਨੂੰ ਮਿਲਿਆ ਪਹਿਲਾ ਸਥਾਨ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਗਲਾਸਗੋ ਵਿੱਚ ਮੌਜੂਦ ਹਸਪਤਾਲਾਂ ਵਿੱਚੋਂ ਸਭ ਤੋਂ ਮਸ਼ਹੂਰ ਇੱਕ ਹਸਪਤਾਲ ਨੂੰ ਵਿੱਚੋਂ ਯੂ ਐੱਸ ਪ੍ਰਕਾਸ਼ਨ ਨਿਊਜ਼ਵੀਕ ਦੁਆਰਾ ਵਿਸ਼ਵਵਿਆਪੀ ਸਰਵੇ ਦੇ ਹਿੱਸੇ ਵਜੋਂ ਸਕਾਟਲੈਂਡ ਵਿੱਚ ਸਰਵ ਉੱਤਮ ਦੱਸਿਆ ਗਿਆ ਹੈ। ਗਲਾਸਗੋ ਰਾਇਲ ਇਨਫਰਮਰੀ, ਜੋ ਕਿ ਕੈਸਲ ਸਟ੍ਰੀਟ ਵਿਖੇ 227 ਸਾਲਾਂ ਤੋਂ ਆਪਣੀਆਂ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ, ਨੂੰ ਸਕਾਟਲੈਂਡ ਵਿੱਚ ਚੋਟੀ ਦੇ ਹਸਪਤਾਲ ਦਾ ਦਰਜਾ ਦਿੱਤਾ ਗਿਆ ਹੈ। ਇਸ ਹਸਪਤਾਲ ਵਿੱਚ ਲੱਗਭਗ 1000 ਬਿਸਤਰੇ ਅਤੇ 5000 ਦੇ ਕਰੀਬ ਕਰਮਚਾਰੀ ਕੰਮ ਕਰਦੇ ਹਨ। ਇਸ ਨੂੰ 1794 ਵਿੱਚ ਲੋਕਾਂ ਦਾ ਇਲਾਜ ਕਰਨ ਲਈ ਖੋਲ੍ਹਿਆ ਗਿਆ ਸੀ। ਐੱਨ ਐੱਚ ਐੱਸ ਗਰੇਟਰ ਗਲਾਸਗੋ ਐਂਡ ਕਲਾਈਡ ਦੇ ਉੱਤਰੀ ਸੈਕਟਰ ਦੇ ਡਾਇਰੈਕਟਰ, ਆਈਸੋਬਲ ਨੀਲ ਨੇ ਇਸ ਪੁਰਸਕਾਰ ਨੂੰ ਪ੍ਰਾਪਤ ਕਰਕੇ ਖੁਸ਼ੀ ਪ੍ਰਗਟ ਕੀਤੀ ਹੈ। ਉਹਨਾਂ ਅਨੁਸਾਰ ਹਸਪਤਾਲ ਕੋਲ ਇੱਕ ਮਿਹਨਤੀ ਅਤੇ ਸ਼ਾਨਦਾਰ ਟੀਮ ਹੈ ਜੋ ਅਤਿਅੰਤ ਪੇਸ਼ੇਵਰ ਹਨ ਅਤੇ ਮਰੀਜ਼ਾਂ ਦੀ ਚੰਗੀ ਤਰ੍ਹਾਂ ਦੇਖਭਾਲ ਕਰਦੇ ਹਨ। ਇਸ ਹਸਪਤਾਲ ਨੇ ਪਿਛਲੇ 15 ਮਹੀਨਿਆਂ ਦੌਰਾਨ ਮਹਾਂਮਾਰੀ ਨਾਲ ਨਜਿੱਠਣ ਲਈ ਵਧੀਆ ਕੰਮ ਕੀਤਾ ਹੈ ਅਤੇ ਇੱਕ ਆਧੁਨਿਕ ਸਿਹਤ ਸੇਵਾ ਦੀ ਸਭ ਤੋਂ ਵਧੀਆ ਮਿਸ਼ਾਲ ਦਿੱਤੀ ਹੈ। ਨਿਊਜ਼ਵੀਕ ਦੁਆਰਾ ਜਾਰੀ ਹਸਪਤਾਲਾਂ ਦੀ ਸੂਚੀ ਵਿੱਚ ਅਮਰੀਕਾ, ਬ੍ਰਿਟੇਨ, ਜਰਮਨੀ ਅਤੇ ਕੈਨੇਡਾ ਸਮੇਤ 25 ਦੇਸ਼ਾਂ ਦੇ ਹਸਪਤਾਲ ਸ਼ਾਮਲ ਹਨ।



# ਜੂਨ ਮਹੀਨੇ ਦੇ ਅੰਬੇਡਕਰੀ ਇਤਿਹਾਸਕ ਤੱਥ, ਹਰ ਰੋਜ਼ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਭਾਰਤ ਰਾਸ਼ਟਰ ਨਿਰਮਾਣ ਲਈ ਕੀਤਾ, ਭਾਵ ਸਾਡੇ ਲਈ ਕੀ ਕੀਤਾ!

**01 ਜੂਨ 1935** ਨੂੰ ਬਾਬਾ ਸਾਹਿਬ ਜੀ ਸਰਕਾਰੀ ਲਾਅ ਕਾਲਜ ਮੁੰਬਈ ਦੇ ਪ੍ਰਿੰਸੀਪਲ ਨਿਯੁਕਤ ਕੀਤੇ ਗਏ। ਜੂਨ ਦੇ ਅੱਧ ਵਿੱਚ ਉਨੈਹਾਂ ਇਹ ਪਦਵੀ ਸੰਭਾਲ ਲਈ। ਲਾਅ ਕਾਲਜ ਨੂੰ ਸੁਧਾਰਨ ਅਤੇ ਉੱਨਤ ਕਰਨ ਲਈ ਉਹਨਾਂ ਸਰਕਾਰ ਨੂੰ ਕਈ ਬਹੁਮੁੱਲੇ ਸੁਝਾਅ ਪੇਸ਼ ਕੀਤੇ।

**01 ਜੂਨ 1952** ਨੂੰ ਡਾ. ਅੰਬੇਡਕਰ ਨਿਊਯਾਰਕ ਵਾਸਤੇ ਟੀ. ਡਬਲਯੂ. ਏ. ਹਵਾਈ ਜਹਾਜ਼ ਰਾਹੀਂ ਰਵਾਨਾ ਹੋਏ। ਸਾਂਤਾ ਕਰੂਜ਼ ਹਵਾਈ ਅੱਡੇ 'ਤੇ ਹਜ਼ਾਰਾਂ ਲੋਕਾਂ ਨੇ ਉਨੈਹਾਂ ਨੂੰ ਵਿਦਾ ਕੀਤਾ।

**2 ਜੂਨ 1919** ਨੂੰ ਡਾ . ਅੰਬੇਡਕਰ ਜੀ ਨੂੰ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਦੁਆਰਾ ਐਮਏ ਦੀ ਡਿਗਰੀ ਦਿੱਤੀ ਗਈ ਸੀ।

**03 ਜੂਨ 1946** ਨੂੰ ਵਾਇਸਰਾਏ ਲਾਡਰ ਮਾਊਂਟਬੇਟਨ ਨੇ ਰਾਜਨੀਤਕ ਹਾਲਾਤਾਂ ਦਾ ਅਧਿਐਨ ਕਰਨ ਤੋਂ ਬਾਅਦ ਕੇਂਦਰ ਸਰਕਾਰਾਂ ਅਤੇ ਦੋ ਸੰਵਿਧਾਨ ਸਭਾਵਾਂ ਦੀ ਘੋਸ਼ਣਾ ਕੀਤੀ। ਡਾ. ਅੰਬੇਡਕਰ ਜੀ ਨੇ ਸੰਵਿਧਾਨ ਸਭਾ ਦੇ ਪਹਿਲੇ ਅਧਿਕੇਸ਼ਨ ਚ ਭਾਸ਼ਣ ਦਿੱਤਾ।

**04 ਜੂਨ 1913** ਨੂੰ ਡਾ. ਅੰਬੇਡਕਰ ਜੀ ਨੇ ਬੜੌਦਾ ਸਟੇਟ ਦੇ ਮੀਤ ਵਿਦਿਆ ਮੰਤਰੀ ਦੇ ਸਾਹਮਣੇ ਇਕ ਇਕਰਾਰਨਾਮੇ ਤੇ ਦਸਤਖਤ ਕੀਤੇ ਜਿਸ ਵਿਚ ਇਹ ਵਚਨ ਦਿੱਤਾ ਗਿਆ ਸੀ ਕਿ ਵਿਦਿਆ ਪੈਰਾਪਤ ਕਰਨ ਤੋਂ ਬਾਅਦ ਦਸਾਂ ਸਾਲਾਂ ਵਾਸਤੇ ਬੜੌਦਾ ਰਿਆਸਤ ਦੀ ਸੇਵਾ ਕਰਨਗੇ।

**04 ਜੂਨ 1946** ਨੂੰ ਸ਼ਡਿਊਲ ਕਾਸਟ ਫੈਡਰੇਸ਼ਨ ਦੇ ਪ੍ਰਧਾਨ ਐੱਨ. ਸ਼ਿਵਰਾਜ ਦੀ ਪ੍ਰਧਾਨਗੀ ਸਚ ਅੰਦੋਲਨ ਕਰਨੇ ਦੀ ਘੋਸ਼ਣਾ ਕੀਤੀ।

**05 ਜੂਨ 1920** ਨੂੰ ਡਾ. ਅੰਬੇਡਕਰ ਜੀ ਬੈਰਿਸਟਰ ਦੀ ਪੜਾਈ ਦੇ ਲਈ ਇੰਗਲੈਂਡ ਰਵਾਨਾ ਹੋਏ।

**05 ਜੂਨ 1952** ਨੂੰ ਕੋਲੰਬੀਆ ਯੂਨੀਵਰਸਿਟੀ ਵਿਸ਼ਵਵਿਦਿਆਲੇ 'ਤੇ ਡਾਕਟਰ ਆਫ ਲਾਅ ਦੀ ਉਪਾਧੀ ਪ੍ਰਾਪਤ ਕੀਤੀ।

**06 ਜੂਨ 1927** ਨੂੰ ਡਿਸਟਿਕਟ ਮੈਜਿਸਟਰੇਟ ਨੇ ਮਹਾਡ ਸੱਤਿਆਗ੍ਰਹਿ ਅੰਦੋਲਨ ਦਾ ਵਿਰੋਧ ਕਰਨ ਵਾਲਿਆਂ ਨੂੰ ਚਾਰ - ਚਾਰ ਮਹੀਨਿਆਂ ਦੀ ਸਖਤ ਸਜ਼ਾ ਦਿੱਤੀ। ਬਾਬਾ ਸਾਹਿਬ ਨੇ ਪਿਛੋਂ ਕਿਹਾ: ਸਜ਼ਾ ਵੀ ਸ਼ਾਇਦ ਇਸ ਲਈ ਹੋ ਗਈ ਕਿਉਂਕਿ ਮੁਨਸਿਫ ਇਕ ਗੈਰ - ਹਿੰਦ ਸੀ।

**06 ਜੂਨ 1948** ਨੂੰ ਨਵੀਂ ਦਿੱਲੀ ਤੋਂ ਲਿਖੇ ਖ਼ਤ 'ਚ ਪਤਾ ਲੱਗਾ ਹੈ ਕਿ ਬਾਬਾ ਸਾਹਿਬ ਇਕ ਹਫਤਾ ਦੇ ਲਈ ਸ਼ੈਮਲਾ ਗਏ ਤਾਂ ਕਿ ਉਹ ਆਰਾਮ ਕਰ ਸਕੇ।

**06 ਜੂਨ 1950** ਨੂੰ ਕੋਲੰਬੋ , ਸ੍ਰੀਲੰਕਾ ਡਾ . ਅੰਬੇਡਕਰ ਜੀ ਨੇ ਆਪਣੇ ਭਾਸ਼ਣ ਚ ਕਿਹਾ ਬੁੱਧਇਜ਼ਮ ਚਾਹੇ ਜ਼ਾਹਰੀ ਰੂਪ ਚ ਭਾਰਤ ਚ ਨਹੀਂ ਰਿਹਾ ਕਿੰਤੂ ਉਹ ਅਧਿਆਤਮਕ ਤੌਰ ਤੇ ਅੱਜ ਵੀ ਕਾਇਮ ਹੈ। ਇਹ ਕਹਿਣਾ ਕਿ ਸ਼ੰਕਰਾਚਾਰੀਆ ਨੇ ਭਾਰਤ ਸਚ ਬੁੱਧ ਧਰਮ ਨੂੰ ਸਮਾਪਤ ਕਰ ਦਿੱਤਾ ਗਲਤ ਹੈ। ਬੁੱਧ ਧਰਮ ਉਹਨਾਂ ਦੇ ਬਾਅਦ ਵੀ ਕਈ ਸ਼ਤਾਬਦੀ ਤੱਕ ਪ੍ਰਚਲਿਤ ਰਿਹਾ। ਬੁੱਧ ਧਰਮ ਭਾਰਤ ਸਚ ਇਕ ਮਾਤਰ ਆਸ਼ਾ ਹੈ। ਮੈਂ ਆਪਣੇ ਜੀਵਨ ਦੇ ਅੰਤਿਮ ਸਾਲ ਬੁੱਧ ਧਰਮ ਦੇ ਪੈਰਚਾਰ ਪੈਰਸਾਰ ਵਿੱਚ ਲਗਾਉਗੀ।

**07 ਜੂਨ 1932** ਨੂੰ ਡਾ. ਅੰਬੇਡਕਰ ਜੀ ਬਰਤਾਨੀਆ, ਲੰਡਨ ਵਿਖੇ ਪ੍ਰਧਾਨ ਮੰਤਰੀ ਅਤੇ ਮੰਤਰੀਆਂ ਨੂੰ ਮਿਲਣ ਲਈ ਗਏ।

**07 ਜੂਨ 1945** ਨੂੰ ਬਾਬਾ ਸਾਹਿਬ ਨੇ ਵਾਇਸਰਾਏ ਲਾਰਡ ਵੇਵਲ ਨੂੰ ਖ਼ਤ ਲਿਖ ਕੇ ਵਾਇਸਰਾਏ ਹਿੰਦ ਦੀ ਕਾਰਜ ਸਾਧਕ ਕੌਂਸਲ ਵਿਚ ਅਛੂਤਾਂ ਨੂੰ ਉਹਨਾਂ ਦੀ ਗਿਣਤੀ ਅਨੁਸਾਰ ਨਮਾਇੰਦਗੀ ਨਾ ਦੇਣ 'ਤੇ ਰੋਸ ਪ੍ਰਗਟ ਕੀਤਾ। ਖ਼ਤ ਵਿਚ ਡਾ. ਅੰਬੇਡਕਰ ਜੀ ਨੇ ਲਿਖਿਆ "ਸਰਕਾਰ ਵਲੋਂ ਕਾਰਜ ਸਾਧਕ ਕੌਂਸਲ ਵਿਚ ਅਨੁਸੂਚਿਤ ਜਾਤਾਂ ਨੂੰ ਬਹੁਤ ਘੱਟ ਨੁਮਾਇੰਦਗੀ ਦਿੱਤੀ ਜਾਂਦੀ ਹੈ। 09 ਕਰੋੜ ਮੁਸਲਮਾਨਾਂ ਦੇ 5 ਨੁਮਾਇੰਦੇ 05 ਕਰੋੜ ਅਛੂਤਾਂ ਦਾ ਇੱਕ ਨੁਮਾਇੰਦਾ, 60 ਲੱਖ ਸਿੱਖਾਂ ਦਾ ਇੱਕ ਨੁਮਾਇੰਦਾ ਇਹ ਕਿਹੋ ਜਿਹਾ ਵਿਤਕਰਾ ਅਤੇ : ਕੂਟ ਰਾਜਨੀਤਕ ਹਿਸਾਬ ਕਿਤਾਬ ਹੈ?

**08 ਜੂਨ 1927** ਨੂੰ ਕੋਲੰਬੀਆ ਯੂਨੀਵਰਸਿਟੀ ਵਿਸ਼ਵ ਵਿਦਿਆਲੇ ਤੋਂ ਪੀ. ਐੱਚ. ਡੀ. ਦੀ ਉਪਾਧੀ ਮਿਲੀ।

**08 ਜੂਨ 1937** ਡਾ. ਅੰਬੇਡਕਰ ਜੀ ਨੇ ਸਿਵਿਲ ਲੀਵਰਟੀਜ ਯੂਨੀਅਨ ਦੇ ਪ੍ਰਮੁੱਖ ਡਾ. ਕੇ. ਬੀ. ਮੇਨਨ ਨੇ ਡਾ. ਅੰਬੇਡਕਰ ਨੂੰ ਨਾਗਰਿਕ ਸੰਵਤੰਤਰਤਾਂ ਸੰਬਧੀ ਸੰਦੇਸ਼ ਦੇਣ ਦੇ ਲਈ ਕਿਹਾ, ਸਰਕਾਰ ਦੀ ਸੀਮਾ ਨੀਤੀ ਦੀ ਅਲੋਚਨਾ ਕੀਤੀ ਅਤੇ ਨਿੰਦਾ ਕੀਤੀ।

**08 ਜੂਨ 1938** ਨੂੰ ਬੰਬਈ ਤੋਂ ਡਾ. ਅੰਬੇਡਕਰ ਜੀ ਨੇ ਖ਼ਤ ਲਿਖਿਆ ਮੈਨੇ ਰਾਜਨੀਤਕ ਲਾਅ ਕਾਲਜ ਦੇ ਪ੍ਰਿੰਸੀਪਲਸ਼ਿਪ ਦੇ ਪਦ ਤੋਂ ਤਿਆਗ ਪੱਤਰ ਦੇ ਦਿੱਤਾ ਹੈ। ਹੁਣ ਮੈਂ ਵਕਾਲਤ ਦੇ ਲਈ ਸਮੇਂ ਕੱਢ ਸਕਦੇ ਹਨ।

**10 ਜੂਨ 1936** ਨੂੰ ਬਾਬਾ ਸਾਹਿਬ ਜੀ ਹੁਣਾ ਦੇ ਮੁੰਬਈ ਨਿਵਾਸ ਅਸਥਾਨ ਰਾਜਹਿ ਵਿਖੇ ਉਹਨਾਂ ਨੂੰ ਬੰਧਾਂ ਦਾ ਇਕ ਪ੍ਰਤਿਨਿਧ ਮੰਡਲ ਇਟਾਲੀਅਨ ਭਿਕਸ਼ੂ ਲੋਕ ਨਾਥ ਦੀ ਅਗਵਾਈ ਹੇਠ ਮਿਲਿਆ। ਉਹਨਾਂ ਬਾਬਾ ਸਾਹਿਬ ਜੀ ਨੂੰ ਬੁੱਧ ਧਰਮ ਅਪਨਾਉਣ ਉਤੇ ਵਿਚਾਰ ਕਰਨ ਲਈ ਪ੍ਰੇਰਿਆ।

**10 ਜੂਨ 1949** ਨੂੰ ਸੰਵਿਧਾਨ ਸਭਾ ਦਾ ਅਜਲਾਸ ਉਠ ਗਿਆ।

**12 ਜੂਨ 1949** ਨੂੰ ਡਾ. ਅੰਬੇਡਕਰ ਜੀ ਦੀ ਸੰਤ ਗਾਡਗੇ ਨਾਲ ਭੇਂਟ ਹੋਈ।

**12 ਜੂਨ 1951** ਨੂੰ ਡਾ. ਅੰਬੇਡਕਰ ਜੀ ਨੇ ਬੰਬਈ ਵਿਖੇ ਭਾਸ਼ਣ ਵਿੱਚ ਕਿਹਾ ਕਿ ਸੰਵਿਧਾਨ ਬਣਾ ਕੇ ਮੈਂ ਹਿੰਦੂਆਂ ਨੂੰ ਇਹ ਸਿੱਧ ਕਰ ਦੇਖਿਆ ਕਿ ਜੋ ਮੈਨੂੰ ਪਿਛਲੇ 20 ਸਾਲਾਂ ਤੋਂ ਰਾਸ਼ਟਰ ਵਿਰੋਧੀ ਕਹਿ ਕੇ ਗਾਲਾਂ ਦਿੰਦੇ ਰਹੇ ਸਨ, ਅੱਜ ਗਲਤ ਸਾਬਤ ਹੋ ਗਏ। ਅਸੀਂ ਸ਼ਡਿਊਲ ਕਾਸਟ ਫੈਡਰੇਸ਼ਨ ਅਤੇ ਹੋਰਾਂ ਦੇ ਪਤੀ ਦੇਸ਼ ਭਗਤ ਹਾਂ।

**14 ਜੂਨ 1932** ਨੂੰ ਡਾ. ਅੰਬੇਡਕਰ ਜੀ ਬਰਤਾਨੀਆ ਪ੍ਰਧਾਨ ਮੰਤਰੀ ਅਤੇ ਦੂਜੇ ਮੰਤਰੀਆਂ ਸੰਬੰਧਤ ਲੋਕਾਂ ਨੂੰ ਮਿਲਿਆ।

**14 ਜੂਨ 1936** ਨੂੰ ਪ੍ਰਸਿੱਧ ਪੱਤਰਕਾਰ ਸ੍ਰੀ ਟੀ. ਏ. ਰਮਨ ਨੇ ਦੀ ਇਸਟੇ ਟਿਡ ਵੀਕਲੀ ਆਫ ਇੰਡੀਆ ਅੰਕ 'ਚ ਲਿਖਿਆ ਕਿ ਜੇ ਉਹ ਕਦੀ ਕਤਲ ਨੇ ਬਹੁਤ ਜ਼ਹਿਰ ਉਗਲਿਆ।



**14 ਜੂਨ 1946** ਨੂੰ ਡਾ . ਅੰਬੇਡਕਰ ਜੀ ਬੰਗਾਲ ਵਿਧਾਨ ਮੰਡਲ ਦੇ ਐਂਗਲੋ ਇੰਡੀਅਨ ਦੀ ਹਮਾਇਤ ਪੈਰਾਪਤ ਹੋਣ ਦੀ ਆਸ ਸੀ ਪਰ ਬੰਗਾਲ ਅਤੇ ਆਸਾਮ ਦੇ 21 ਹਜ਼ਾਰ ਐਂਗਲੋ ਇੰਡੀਅਨ ਲੋਕਾਂ ਨੂੰ ਸੰਵਿਧਾਨ ਸਭਾ ਵਿਚ ਸੱਤ ਨੁਮਾਇੰਦੇ ਭੇਜਣ ਦੀ ਸਿਫਾਰਸ਼ ਵਿਰੁੱਧ ਰੋਸ ਪੈਰਗਟ ਕਰਨ ਤੇ ਐਂਗਲੋ ਇੰਡੀਅਨ ਵਿਧਾਇਕਾਂ ਨੇ ਬਾਈਕਾਟ ਕਰਨ ਦਾ ਫੈਸਲਾ ਕਰ ਲਿਆ।

**15 ਜੂਨ 1913** ਨੂੰ ਡਾ. ਅੰਬੇਡਕਰ ਜੀ ਬੰਬਈ ਤੋਂ ਅਮਰੀਕਾ ਲਈ ਸਮੁੰਦਰੀ ਜਹਾਜ਼ ਰਾਹੀਂ ਰਵਾਨਾ ਹੋਏ। ਨਿਊਯਾਰਕ ਸ਼ਹਿਰ ਪੁਹੰਚ ਕੇ ਕੋਲੰਬੀਆ ਯੂਨੀਵਰਸਿਟੀ ਵਿੱਚ ਐਡੀਮੀਸ਼ਨ ਲਈ।

**15 ਜੂਨ 1936** ਨੂੰ ਬਾਬਾ ਸਾਹਿਬ ਜੀ ਨੇ ਮੁੰਬਈ ਵਿਖੇ 'ਦੇਵਦਾਸੀਆਂ (ਮੰਦਰਾਂ ਨੂੰ ਦਾਨ ਕੀਤੀਆਂ ਹੋਈਆਂ ਲੜਕੀਆਂ) ਦੁਆਰਾ ਬੁਲਾਈ ਗਈ ਮੀਟਿੰਗ ਨੂੰ ਸੰਬੋਧਨ ਕੀਤਾ। ਉਹਨਾਂ ਨੇ ਵੀ ਧਰਮ ਪਰਿਵਰਤਨ ਕਰਨ ਦੇ ਮਤੇ ਦੀ ਸਰਾਹਨਾ ਕੀਤੀ।

**15 ਜੂਨ 1946** ਨੂੰ ਭਾਰਤ ਸਰਕਾਰ ਦੇ ਗਜਟ 'ਚ ਪ੍ਰਕਾਸ਼ਿਤ ਇਕ ਸੰਕਲਪ ਦੁਆਰਾ ਭਾਰਤ ਸਰਕਾਰ ਨੇ ਨਿਰਣੇ ਕੀਤਾ ਹੈ ਕਿ ਕੇਂਦਰੀ ਸੇਵਾਵਾਂ ਦੇ ਸਪਸ਼ਟ ਭਰਤੀ ਦੁਆਰਾ ਅਨੁਸੂਚਿਤ ਜਾਤੀਆਂ ਦੇ ਪੱਖ ਵਿਚ ਸੇਵਾਵਾਂ ਦੇ ਅਰਾਕਸ਼ਣ ਨੂੰ 8.50% ਤੋਂ ਵੱਧਕੇ 12.50% ਕਰ ਦਿੱਤਾ ਗਿਆ ਤਾਂ ਕਿ ਇਹ ਜਨਸੰਖਿਆ ਦੇ ਅਨੁਪਾਤ ਦੇ ਅਨੁਕੂਲ ਹੋ ਸਕੇ।

**16 ਜੂਨ 1924** ਨੂੰ ਡਾ.ਅੰਬੇਡਕਰ ਜੀ ਦੇ ਬੇਟੇ ਰਾਜਰਤਨ ਜੀ ਦਾ ਜਨਮ ਹੋਇਆ ਸੀ।

**18 ਜੂਨ 1936** ਨੂੰ ਹਿੰਦੂ ਆਗੂ ਡਾ. ਮੁੰਜੇ ਵੀ ਬਾਬਾ ਸਾਹਿਬ ਜੀ ਨੂੰ ਧਰਮ ਪਰਿਵਰਤਨ ਦੇ ਸਿਲਸਿਲੇ ਵਿਚ ਮਿਲਣ ਆਇਆ। ਬਾਬਾ ਸਾਹਿਬ ਜੀ ਦੇ ਦੈਰਿੜ ਇਰਾਦੇ ਤੋਂ ਪ੍ਰਭਾਵਤ ਹੋ ਕੇ ਟਰਾਵਨਕੋਰ ਦੇ ਮਹਾਰਾਜੇ ਨੇ ਆਪਣੀ ਰਿਆਸਤ ਦੇ 1600 ਮੰਦਰਾਂ ਦੇ ਦਰਵਾਜ਼ੇ ਅਛੂਤਾਂ ਲਈ ਖੋਲ ਦਿੱਤੇ। ਇਹਨੀ ਦਿਨੀਂ ਬਾਬਾ ਸਾਹਿਬ ਜੀ ਦਾ ਝੁਕਾਅ ਸਿੱਖ ਧਰਮ ਵੱਲ ਹੋਣ ਲੱਗਾ ਸੀ।

**18 ਜੂਨ 1941** ਨੂੰ ਟਾਇਮ ਆਫ ਇੰਡੀਆ , ਸੰਪਾਦਕ ਦੇ ਨਾਮ ਡਾ. ਅੰਬੇਡਕਰ ਜੀ ਨੇ ਪੱਤਰ ਲਿਖਿਆ ਜਿਸ ਵਿੱਚ ਲਿਖਿਆ ਮਹਾਰ ਮਾਰਸ਼ਲ ਭਾਵ ਲੜਾਕੂ ਲੋਕ ਹੈ। ਇਸਟ ਇੰਡਿਆ ਕੰਪਨੀ ਦੀ ਸੈਨਾ ਨੇ ਪੇਸ਼ਵਾ ਦੀ ਸੈਨਾ ਨੂੰ ਪਰਾਜਿਤ (ਹਰਾਇਆ) ਸੀ, ਬਰਤਾਨੀਆ ਅਤੇ ਪੇਸ਼ਵਾ ਦੇ ਮਾਧਿਅਮ ਅੰਤਿਮ ਲੜਾਈ ਪੂਨਾ ਜ਼ਿਲਾ ਕੋਰੇਗਾਂਵ ਸਚ ਹੋਈ ਸੀ। ਬਰਤਾਨੀਆ ਨੇ ਉਸ ਲੜਾਈ ਦੀ ਯਾਦ ਵਿੱਚ ਕੋਰੇਗਾਂਵ ਚ ਇਕ ਸੰਤਵ ਸਥਾਪਿਤ ਕੀਤਾ। ਜੋ ਨਾਮ ਸੰਤਵ ਵਿਚ ਅੰਕਿਤ ਕੀਤੇ ਗਏ ਹੈ।

**19 ਜੂਨ 1950** ਨੂੰ ਡਾ. ਅੰਬੇਡਕਰ ਜੀ ਨੇ ਮਿਲਿੰਦ ਕਾਲਜ, ਔਰਗਾਬਾਦ ਦੀ ਸਥਾਪਨਾ ਕੀਤੀ।

**19 ਜੂਨ 1955** ਨੂੰ ਡਾ. ਅੰਬੇਡਕਰ ਜੀ ਨੇ ਅੰਬੇਡਕਰ ਭਵਨ ਅਤੇ ਐਸੋਸੀਏਸ਼ਨ ਦੇ ਪ੍ਰਬੰਧ ਲਈ ਕੁੱਝ ਵਿਅਕਤੀਆਂ ਦੀ ਨਿਯੁਕਤੀ ਕੀਤੀ। ਜਲਸਾ ਕੀਤਾ ਗਿਆ ਜਲਸੇ ਵਿੱਚ ਹਜ਼ਾਰਾਂ ਦੀ ਸੰਖਿਆ ਲੋਕ ਸਨ ਅਤੇ ਲਿਖਤ ਬਿਆਨ ਪੜਿਆ।

**20 ਜੂਨ 1931** ਨੂੰ ਚਿਰਨਰ ਗੋਲੀ ਕਾਂਡ ਸਚ ਡਾ. ਅੰਬੇਡਕਰ ਜੀ ਨੇ ਦੋਸ਼ੀ ਨੰਬਰ 8, 9, 10 ਦੀ ਸਫਾਈ ਵਿੱਚ ਦਲੀਲਾਂ ਪੇਸ਼ ਕੀਤੀਆਂ ਅਤੇ ਆਪਣੇ ਪੱਖ ਦੇ ਬਿਆਨਾਂ ਨੂੰ ਦਲੀਲਾਂ ਨਾਲ ਉਘਾੜ ਕੇ ਪੇਸ਼ ਕੀਤਾ।

**20 ਜੂਨ 1946** ਨੂੰ ਬਾਬਾ ਸਾਹਿਬ ਜੀ ਨੇ ਪੀਪਲਜ਼ ਐਜੂਕੇਸ਼ਨ ਸੋਸਾਇਟੀ ਵਲੋਂ ਸਥਾਪਤ, ਬੁੱਧ ਦੇ ਬਚਪਨ ਦੇ ਨਾਂ ਤੇ ਸਿਧਾਰਥ ਕਾਲਜ ਆਫ ਆਰਟ ਅਤੇ ਸਾਇੰਸ ਦਾ ਉਦਘਾਟਨ ਕੀਤਾ। (ਅੱਜ ਇਹ ਸੰਸਥਾ ਕੋਈ 25 ਕਾਲਜ ਅਤੇ ਅਨੇਕਾਂ ਹੋਸਟਲ ਚਲਾ ਰਹੀ ਹੈ)

**22 ਜੂਨ 1932** ਨੂੰ ਜਰਮਨੀ ਤੋਂ ਡਾ . ਅੰ- ਬੇਡਕਰ ਜੀ ਨੇ ਆਪਣੇ ਸਹਿਯੋਗੀ ਸ਼ੈਵਤਰਕਰ ਨੂੰ ਖਤ ਲਿਖਿਆ ਜਿਸ ਵਿੱਚ ਭਾਰਤ ਸਚ ਅਛੂਤ ਨੇਤਾ ਐੱਮ. ਸੀ. ਰਾਜਾ, ਪੀ. ਬਾਲੂ ਦੇ ਵਿਸ਼ਵਾਸਘਾਤੀ ਵਿਵਹਾਰ ਤੋਂ ਦੁੱਖੀ ਸੀ, ਪੱਤਰ ਵਿੱਚ ਉਹਨਾਂ ਨੇ ਦੁੱਖ ਸਾਂਝਾ ਕੀਤਾ।

**22 ਜੂਨ 1936** ਨੂੰ ਡਾ . ਅੰਬੇਡਕਰ ਜੀ ਬਾਬਾ ਸਾਹਿਬ ਕੁਮਾਰੀ ਦਾਨੀ ਨੂੰ ਸਲਾਹ ਦਿੰਦੇ ਹੈ ਕਿ ਜਦ ਔਰਤਾਂ ਜ਼ਮੀਨ - ਜਾਇਦਾਦ ਦੇ ਮਾਮਲੇ ਵਿੱਚ ਨਿਆਂ ਪਾਉਣ ਲਈ ਅਦਾਲਤਾਂ 'ਚ ਜਾ ਸਕਦੀ ਹੈ ਤਾਂ ਉਹ ਆਪਣੇ ਮਾਣ ਸਨਮਾਨ ਦੇ ਮਾਮਲੇ ਵਿੱਚ ਅਦਾਲਤ ਕਿਉਂ ਨਹੀਂ ਜਾ ਸਕਦੀ ? ਉਸ ਨੂੰ ਜਾਣਾ ਚਾਹੀਦਾ।



ਅਮਨਦੀਪ ਸਿੱਧੂ
94657-54037

**22 ਜੂਨ 1940** ਨੂੰ ਡਾ . ਅੰਬੇਡਕਰ ਜੀ ਜਿਨਾਂਹ ਅਤੇ ਸੁਭਾਸ਼ ਚੰਦਰ ਬੋਸ ਨੂੰ ਮਿਲੇ।

**23 ਜੂਨ 1936** ਨੂੰ ਮਤੰਗ ਪਰਿਸ਼ਦ (ਮਤੰਗ ਜਾਤੀ) ਨੂੰ ਬਾਬਾ ਸਾਹਿਬ ਡਾ . ਅੰਬੇਡਕਰ ਜੀ ਦੇ ਪਰਿਵਰਤਨ ਦੇ ਮਤੇ ਦੀ ਹਮਾਇਤ ਕੀਤੀ।

**26 ਜੂਨ 1927** ਨੂੰ ਡਾ. ਅੰਬੇਡਕਰ ਜੀ ਨੇ ਹਿੰਦੂਆਂ ਵੱਲੋਂ ਪੰਚ ਗੱਵਯ, ਗਓ ਦਾ ਪਸ਼ਾਵ, ਗੋਹਾ, ਦੁੱਧ, ਦਹੀ ਤੇ ਮੱਖਣ ਮਹਾਡ ਤਲਾਵ ਦੇ ਪਾਣੀ ਵਿਚ ਮਿਲਾ ਕੇ ਉਸ ਦੇ ਪਾਣੀ ਨੂੰ ਮੁੜ ਤੋਂ ਪੀਣ ਯੋਗ ਤੇ ਪਵਿੱਤਰ ਕਰਾਰ ਦੇਣ ਤੇ, ਅਛੂਤਾਂ ਨੂੰ ਆਖਿਆ ਕਿ ਜੇਕਰ ਉਹ ਇਸ ਅਪਮਾਨ ਦੇ ਕਲੰਕ ਨੂੰ ਧੋਣਾ ਚਾਹੁੰਦੇ ਹਨ ਅਤੇ ਮਨੁੱਖੀ ਹੱਕ ਜਤਾਉਣਾ ਚਾਹੁੰਦੇ ਹਨ ਤਾਂ ਆਪਣਾ ਨਾਂ ਬਹਿਸ਼ਕ੍ਰਿਤ ਭਾਰਤ ਅਖ਼ਬਾਰ ਵਿਚ ਦਰਜ਼ ਕਰਵਾਉਣ। ਅਗੇ ਹੋਰ ਉਹਨਾਂ ਕਿਹਾ, "ਇਸ ਸਵਾਲ ਦਾ ਕਿ ਕੀ ਅਸੀਂ ਹਿੰਦੂ ਧਰਮੀ ਹਾਂ ਜਾਂ ਨਹੀਂ ਸਾਨੂੰ ਇਕ ਵਾਰੀ ਹਮੇਸ਼ਾਂ ਲਈ ਫੈਸਲਾ ਕਰ ਲੈਣਾ ਚਾਹੀਦਾ ਹੈ।

**26 ਜੂਨ 1946** ਨੂੰ ਕੈਬਨਿਟ ਮਿਸ਼ਨ ਵਾਪਸ ਲੰਡਨ ਚਲਾ ਗਿਆ।

**28 ਜੂਨ 1931** ਨੂੰ ਡਾ. ਅੰਬੇਡਕਰ ਜੀ ਅਮਹਿਦਾਬਾਦ ਆਏ, ਕਿਉਂਕਿ ਅਹਿਦਾਬਾਦ ਸ਼ਹਿਰ ਭਾਰਤ ਦਾ ਮੈਨੂਫੈਕਚਰ ਕਹਿਲਾਉਂਦਾ ਸੀ ਇੱਥੇ ਦੇਸ਼ ਦੀ ਸਭ ਤੋਂ ਜ਼ਿਆਦਾ ਕੱਪੜਾ ਮਿੱਲ ਸੀ ਅਤੇ ਲੱਖਾਂ ਮਜ਼ਦੂਰ ਕੰਮ ਕਰਦੇ ਸਨ। ਅਹਿਮਦਾਬਾਦ ਦੇ ਅਛੂਤ ਭੈਣ - ਭਰਾ ਲੰਮੇ ਸਮੇਂ ਤੋਂ ਅਹਿਦਾਬਾਦ ਦੀ ਧਰਤੀ ਤੇ ਬਾਬਾ ਸਾਹਿਬ ਜੀ ਦੇ ਪੂਯਜ ਚਰਨ ਰੱਖਵਾਉਣਾ ਚਾਹੀਦੇ ਸੀ। ਇਸ ਮੌਕੇ ਬਾਬਾ ਸਾਹਿਬ ਜੀ ਦੇ ਸਵਾਗਤ ਲਈ ਨੌਜਵਾਨਾਂ, ਸਮਤਾ ਸੈਨਿਕ ਦਲ ਦੇ ਸੇਵਕ ਅਤੇ ਔਰਤਾਂ ਦੀ ਮੌਜੂਦ ਸਨ।

**29 ਜੂਨ 1928** ਨੂੰ ਡਾ . ਅੰਬੇਡਕਰ ਜੀ ਨੇ ਸਮਤਾ ਅਖਬਾਰ ਸ਼ੁਰੂ ਕੀਤਾ ਸੀ।

**29 ਜੂਨ 1946** ਨੂੰ ਕੈਬਨਿਟ ਮਿਸ਼ਨ ਨੇ ਕੇਅਰਟੇਕਰ ਸਰਕਾਰ ਦੇ ਗਠਨ ਦੀ ਘੋਸ਼ਣਾ ਕੀਤੀ। ਇਸ ਤੋਂ ਬਾਅਦ ਉਹ ਲੰਡਨ ਦੇ ਲਈ ਰਵਾਨਾ ਹੋ ਗਏ। ਡਾ. ਅੰਬੇਡਕਰ ਦੇ ਆਦੇਸ਼ ਤੇ ਸ਼ਡਿਊਲ ਕਾਸਟ ਫੈਡਰੇਸ਼ਨ ਨੇ ਬਰਤਾਨੀਆ ਦੁਆਰਾ ਕੀਤੇ ਗਏ ਵਿਸ਼ਵਾਘਾਤ ਦੇ ਵਿਰੋਧ ਚ ਪੂਨਾ ਵਿਖੇ ਅੰਦੋਲਨ ਸ਼ੁਰੂ ਕੀਤਾ। ਕੁੱਝ ਦਿਨਾਂ 'ਚ 569 ਸੱਤਿਆਗ੍ਰਹਿ ਗਿਫ਼ਤਾਰ ਕੀਤੇ ਗਏ। ਡਾ. ਅੰਬੇਡਕਰ ਜੀ ਨੇ ਕਿਹਾ ਕਾਂਗਰਸੀ ਬਣੇ ਬਗੈਰ ਕੋਈ ਵਿਅਕਤੀ ਦੇਸ਼ ਭਗਤ ਹੋ ਸਕਦਾ। ਮੈਂ ਕਿਸੇ ਵੀ ਕਾਂਗਰਸੀ ਨੇਤਾ ਤੋਂ ਵੱਡਾ ਦੇਸ਼ ਭਗਤ ਹੈ।

**30 ਜੂਨ 1936** ਨੂੰ ਡਾ. ਮੁੰਡੇ ਨੇ ਐਮ. ਸੀ. ਰਾਜੀ ਨਾਂ ਦੇ ਅਛੂਤ ਨੇਤਾ ਨੂੰ ਇਸ ਸੰਬੰਧ ਵਿਚ ਪੱਤਰ ਭੇਜਿਆ। ਡਾ. ਅੰਬੇਡਕਰ ਜੀ ਨੂੰ ਉਹਨਾਂ ਦੇ ਅਹੁਦੇ ਤੋਂ ਹਟਾਉਣ ਦਾ ਇਹ ਸੁਨਹਿਰੀ ਮੌਕਾ ਸੀ। ਇਹ ਸੋਚ ਕੇ ਰਾਜਾ ਨੇ ਗਾਂਧੀ ਅਤੇ ਮਦਨ ਮੋਹਨ ਮਾਲਵੀਆ ਨੂੰ ਉਸ ਸੰਬੰਧ ਵਿਚ ਪੱਤਰ ਲਿਖਿਆ ਅਤੇ ਉਨੈਹਾਂ ਦੀ ਸਲਾਹ ਮੰਗੀ।

ਆਓ ਰਲ ਮਿਲ ਕੇ ਭਾਰਤ ਦੇਸ਼ ਦੇ ਅੰਦਰ ਆਪਣੇ ਇਤਿਹਾਸ ਨੂੰ ਉਜਾਗਰ ਕਰਾਏ।

***

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com
Prem. K. Chumber
Contact in USA: 1-916-947-8920


## ਸਤਿਗੁਰੂ ਕਬੀਰ ਸਾਹਿਬ ਜੀ

# ਬਹੁਜਨ ਸਮਾਜ ਦੇ ਮਸੀਹਾ, ਕ੍ਰਾਂਤੀਕਾਰੀ ਯੁੱਗ ਪੁਰਸ਼

**ਸਤਿਗੁਰੂ ਕਬੀਰ ਸਾਹਿਬ ਦੇ ਜਨਮ ਦਿਵਸ 24 ਜੂਨ 2021 ਤੇ ਬਹੁਜਨ ਸਮਾਜ ਦਾ ਉਹਨਾਂ ਨੂੰ ਕੋਟਿ ਕੋਟਿ ਪ੍ਰਨਾਮ।**

ਆਪ ਦਾ ਜਨਮ ਸੰਨ 1398 ਬਨਾਰਸ ਉੱਤਰ ਪ੍ਰਦੇਸ਼ ਵਿੱਚ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਨੀਮਾ ਤੇ ਪਿਤਾ ਜੀ ਦਾ ਨਾਮ ਨੀਰੂ ਜੀ ਸੀ। ਆਪ ਕਪੜਾ ਬੁਨਣ ਦਾ ਕੰਮ ਕਰਦੇ ਸਨ। ਕਾਸ਼ੀ ਸਹਿਰ ਸਦੀਆਂ ਤੋਂ ਬੌਹਮਣਵਾਦ ਦਾ ਗੜੈਹ ਰਿਹਾ। ਇੱਥੇ ਪੂੰਨ ਦਾਨ, ਤਰੀਥ ਵਰਤ, ਪੂਜਾ ਪਾਠ, ਹਵਨ, ਯੁਗ ਵਰਗੇ ਫੋਕਟ ਕਰਮਕਾਡਾਂ ਦਾ ਬੋਲ ਬਾਲਾ ਸੀ। ਬੈਰਾਹਮਣ ਧਰਤੀ ਦਾ ਰੱਬ ਬਣ ਗਿਆ। ਆਪ ਨੇ ਡੰਕੇ ਦੇ ਜੋਰ ਤੇ ਕਿਹਾ;

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤ ਕਾ ਗੁਰੂ ਨਾਹੀ।। ਗੁਰੂ ਸਾਹਿਬ ਕਹਿੰਦੇ ਹਨ ਕਿ ਬੌਹਮਣ ਜੱਗ ਦਾ ਗੁਰੂ ਬਣਿਆ ਹੋਇਆ ਹੈ ਪਰ ਸਾਡਾ ( ਬਹੁਜਨ ਸਮਾਜ ਦਾ) ਗੁਰੂ ਨਹੀਂ ਹੈ। ਗੁਰੂ ਸਾਹਿਬ ਨੇ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ ਕਿ ਸਾਰੇ ਇੱਕ ਜੋਤ ਤੋਂ ਸਾਰੇ ਪੈਦਾ ਹੁੰਦੇ ਹਨ। ਕੀ ਬੌਹਮਣ ਕੀ ਸੂਦਰ। ਇਕ ਜੋਤ ਸੇ ਸਬ ਉਤਪੰਨਾ ਕੌਨ ਬੌਹਮਣ ਕੌਨ ਸੂਦਰ ।। ਆਪ ਆਪਣੀ ਜਾਤ ਆਪਣੀ ਬਾਣੀ ਰਾਹੀਂ ਦੱਸਦੇ ਹਾਂ ਕਿ ਮੈਂ ਕਾਂਸੀ ਕਾ ਜੁਲਾਹਾ । ਆਪ ਨੇ ਸਰਬੱਤ ਦਾ ਭਲੇ ਲਈ ਨਾਹਰਾ ਦਿੱਤਾ। ਅਵਲਿ ਅਲਹਾ ਨੂਰ ਓਪਾਇ ਕੁਦਰਤ ਕੇ ਸਭ ਬੰਦੇ।। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।। ਆਪ ਨੇ ਸਾਰੇ ਜੀਵਾਂ ਨੂੰ ਕੁਦਰਤ ਬੰਦੇ ਕਿਹਾ ਜਾਤ ਦੇ ਆਧਾਰ ਤੇ ਕੋਈ ਚੰਗਾ ਮਾੜਾ ਕਿਵੇਂ ਹੋ ਸਕਦਾ ਹੈ। ਆਪ ਨੇ ਕਿਹਾ ਮੈਂ ਗੁਰੂ ਲੱਭ ਲਿਆ। ਬਾਣੀ ਰਾਹੀਂ ਫਰਮਾਉਂਦੇ ਹਨ ਕਿ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਵਿਵੇਕ।। ਆਪ ਫਰਮਾਉਂਦੇ ਹਨ ਕਿ ਬੰਦੇ ਦੀ ਅਕਲ ਹੀ ਗੁਰੂ ਹੁੰਦੀ ਹੈ। ਆਪ ਆਪਣੀ ਬਾਣੀ ਰਾਹੀਂ ਕਹਿੰਦੇ ਹਨ ਕਿ ਸੰਤ ਜਾਂ ਸਾਧ ਦੀ ਜਾਤ ਨਾ ਪੱਛੋ ਸਗੋਂ ਇਹ ਪੁੱਛੋ ਕਿ ਸੰਤ ਨੂੰ ਗਿਆਨ ਕਿੰਨਾ ਕੁ ਹੈ। ਜਾਤ ਨਾ ਪੂਛੋ ਸਾਧ ਕੀ ਪੂਛ ਲਿਜੀਏ ਗਿਆਨ।। ਮਲੋ ਕਰੋ ਤਲਵਾਰ ਕਾ ਪੜੀ ਰਹਿਨ ਦੋ ਮਿਆਨ।। ਹਿੰਦੂ ਧਰਮ ਦੇ ਅਨੁਸਾਰ ਬੰਦਾ ਨਾਮ ਜੱਪਣਾ ਲਈ ਤੇ ਭਗਤੀ ਕਰਨ ਲਈ ਆਇਆ ਹੈ ਪਰ ਆਪ ਕਹਿੰਦੇ ਸੀ ਕਿ ਜਦੋਂ ਤੱਕ ਰੋਟੀ, ਕਪੜੇ ਤੇ ਮਕਾਨ ਤੇ ਸਨਮਾਨ ਨਾ ਮਿਲੇ ਕਿਸੇ ਵੀ ਤਰਾਂ ਦੀ ਭਗਤੀ ਨਹੀਂ ਕਰਨੀ ਚਾਹੀਦੀ। ਜੇ ਕੋਈ ਭਗਤੀ ਕਰਨ ਲਈ ਕਹਿੰਦਾ




ਹੈ ਤਾਂ ਉਸ ਨੂੰ ਕਹੋ ਪਹਿਲਾਂ ਰੋਟੀ ਦਾ ਪੱਕਾ ਪੈਬੰਧ ਕਰ ਫ਼ੈਰ ਭਗਤੀ ਕਰਾਂਗੇ। ਆਪ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ ਕਿ ਭੂਖੇ ਭਗਤਿ ਨ ਕੀਜੈ। । ਯਹ ਮਾਲਾ ਆਪਣੀ ਲੀਜੈ ।। ਗਰੀਬੀ ਖੱਤਮ ਕਰਨ ਲਈ ਅੰਦੋਲਨ ਚਲਾਉਣ ਵਾਲਿਆਂ ਤੇ ਗਰੀਬਾਂ ਨੂੰ ਦਾਨ ਜਰੂਰ ਦਿਓ। ਦਾਨ ਦੀਏ ਧਨ ਨਾ ਘਟੇ ਨਦੀ ਨ ਘਟੇ ਨੀਰ।। ਆਪਣੀ ਆਖੋ ਦੇਖ ਲੋਕਾਂ ਜੀ ਕੀਆ ਕਹੇ ਕਬੀਰ।। ਆਪ ਫਰਮਾਉਂਦੇ ਹਨ ਕਿ ਸਾਡੀ ਦੁਸ਼ਮਣ ਅਗਿਆਨਤਾ ਹੈ ਸਾਨੂੰ ਆਪਣੇ ਸਮਾਜ ਨੂੰ ਗਿਆਨਵਾਨ ਬਣ-ਾਉਣਾ ਚਾਹੁੰਦਾ ਹੈ। ਆਪ ਬਾਣੀ ਰਾਹੀਂ ਫਰਮਾਉਂਦੇ ਹਨ ਕਿ ਦੇਖੋ ਭਾਈ ਗਿਆਨ ਕੀ ਆਈ ਆਂਧੀ।। ਸਭੈ ਉਡਾਨੀ ਭਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ।। ਕਬੀਰ ਸਾਹਿਬ ਜੀ ਗੁਰੂ ਰਵਿਦਾਸ ਜੀ ਆਪਣਾ ਆਦਰਸ਼ ਮੰਨਿਆ। ਆਪ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ ਕਿ ਕਬੀਰ ਮੈਂ ਤੋ ਆਇਆ ਮਾਂ ਕੀ ਗੋਦ ਮੇ ਮੈ ਕਿਆ ਜਾਨੂੰ ਮਾਰਗ ਕਿਆ ਹੋਏ ਰਾਹ ਪੂਛੋ ਰਵਿਦਾਸ ਸੇ ਜਿਨੈਹਾ ਗਠੜੀ ਲੱਦੀ ਢੋਇ।। ਜਨੇਊ ਪਾ ਕੇ ਬੌਹਮਣ ਕਹਿ-ਦਾ ਸੀ ਮੈਂ ਪਵਿੱਤਰ ਹੋ ਗਿਆ ਦੂਜੇ ਅਪਵਿੱਤਰ ਹਨ। ਇਸ ਦਾ ਜਵਾਬ ਆਪ ਆਪਣੀ ਬਾਣੀ ਰਾਹੀਂ ਦਿੰਦੇ ਹਨ ਕਿ ਇਸ ਤਰਾਂ ਦਾ ਸੂਤ ਸਾਡੇ ਘਰ ਚ ਮਣਾ ਦੇ ਹਿਸਾਬ ਨਾਲ ਹੈ। ਆਪ ਦੀ ਬਾਣੀ ਬੋਲਦੀ ਹੈ ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ।। ਆਪ ਨੇ ਕਿਹਾ ਸੰਤ ਦਾ ਪਹਿਰਾਵਾ ਪਾ ਕੇ ਕੋਈ ਚੰਗਾ ਸੰਤ ਨਹੀਂ ਬਣ ਸਕਦਾ ਚੰਗਾ ਬਣਨ ਲਈ ਚੰਗੇ ਕਰਮ ਦੀ ਲੋੜ ਹੈ। ਬੌਹਮਣ ਵਾਰੇ ਆਪ ਨੇ ਵਿਚਾਰ ਦਿੱਤੇ ਹਨ ਆਪ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ ਕਿ ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨ ਤਗ । । ਗਲੀ ਜਿਨੈ ਜਪਮਾਲੀਆ ਲੋਟੇ ਹਥਿ ਨਿਬਗ ।। ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।। ਬੌਹਮਣ ਸੂਦਰਾਂ ਨਾਲ ਭੇਦ ਭਾਵ ਕਰਦਾ ਉਸ ਨੂੰ ਆਪਣੀ ਬਾਣੀ ਰਾਹੀਂ ਪੈਸਨ ਕਰਦੇ ਹਨ ਤੂੰ ਕਿਵੇਂ ਉਚਾ ਹੋ ਗਿਆ ਅਸੀਂ ਕਿਵੇਂ ਨੀਵੇਂ ਹੋ ਗਏ ਜਦ ਇੱਕੋ ਤਰਾਂ ਸਾਰੇ ਪੈਦਾ ਹੁੰਦੇ ਹਨ। ਆਪ ਆਪਣੀ ਬਾਣੀ ਰਾਹੀਂ ਫਰਮਾਉਂਦੇ ਹਨ ਕਿ ਜੌ ਤੂੰ ਬੌਹਮਣ ਬੌਹਮਣੀ ਜਾਇਆ।। ਤਉ ਆਨ ਬਾਟ ਕਾਹੇ ਨਹੀਂ ਆਇਆ।। ਆਪ ਨੇ ਯੰਤਰ ਮੰਤਰ ਨੂੰ ਝੂਠ ਕਿਹਾ ਇਸ ਵਿੱਚ ਵਿਸ਼ਵਾਸ ਨਹੀਂ ਕਰਨਾ ਸੀ।ਜੰਤੈਰ ਮੰਤੈਰ ਸਭ ਝੂਠ ਹੈ ਮਤ ਭਰਮੋ ਜਗ ਕੋਇ।।ਕਬੀਰ ਸਾਹਿਬ ਸੱਚੇ ਸੰਤ ਸਨ। ਆਪ ਕੋਲ ਗਿਆਨ ਭੰਡਾਰ ਸੀ। ਆਪ ਨਿਰਭੈਅ ਸਨ। ਆਪ ਬੇਬਾਕ ਸੰਤ ਸਨ। ਆਪ ਨੇ ਕਿਹਾ ਸੂਰਮਾ ਉਹ ਹੈ ਜੋ ਗਰੀਬਾਂ

**ਚਮਨ ਲਾਲ ਚਣਕੋਆ**
ਪਿੰਡ ਚਣਕੋਆ ਤਹਿਸੀਲ ਬਲਾਚੌਰ ਜਿਲਾ ਸਹੀਦ ਭਗਤ ਸਿੰਘ ਨਗਰ

ਨੂੰ ਹੱਕ ਦਿਵਾਉਣ ਲਈ ਲੜਦਾ ਹੈ। ਸੂਰਾ ਸੋ ਪਹਿਚਾਨਐ ਜੁ ਲਰੈ ਦੀਨ ਕੇ ਹੇਤ।। ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੇ ਖੇਤ।।ਆਪ ਨੇ ਬੌਹਮਣ ਨੂੰ ਕਸਾਈ ਤੱਕ ਆਪਣੀ ਬਾਣੀ ਰਾਹੀਂ ਕਹਿ ਦਿੱਤਾ ਸੀ। ਸੰਤੋ ਪਾਂਡੇ ਨਿਪੁੰਨ ਕਸਾਈ।। ਆਪ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ। ਆਪ ਦੀ ਬਾਣੀ ਸੈਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ। ਗੈਰੰਥ ਸਾਹਿਬ ਵਿੱਚ ਲਿਖੀ ਬਾਣੀ ਨੂੰ ਗੁਰੂ ਦਾ ਦਰਜਾ ਪੈਰਾਪਤ ਹੈ। ਆਪ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਆਪਣਾ ਗੁਰੂ ਮੰਨਿਆ ਹੈ। ਇਹ ਕੋਈ ਛੋਟੀ ਗੱਲ ਜਿਹੀ ਨਹੀਂ ਹੈ। ਡਾ ਅੰਬੇਡਕਰ ਜੀ ਨੇ ਕਬੀਰ ਸਾਹਿਬ ਜੀ ਵਾਰੇ ਕਿਹਾ ਹੈ ਕਿ ਮਹਾਤਮਾ ਬੁੱਧ ਨੂੰ ਜੇ ਕਿਸੇ ਨੇ ਚੰਗੀ ਤਰਾਂ ਸਮਝਿਆ ਹੈ ਤਾਂ ਉਹ ਕਬੀਰ ਸਾਹਿਬ ਜੀ ਹਨ। ਆਪ ਨੇ ਆਪਣੇ ਜੀਵਨ ਦਾ ਪਲ ਪਲ ਗਰੀਬਾਂ ਵਾਸਤੇ ਲਾਇਆ। ਅੱਜ ਸਮੇਂ ਦੀ ਲੋੜ ਹੈ ਕਿ ਉਹਨਾਂ ਦੁਆਰਾ ਲਿਖੀ ਬਾਣੀ ਨੂੰ ਜਨ ਜਨ ਤੱਕ ਪਹੁੰਚਾਇਆ ਜਾਵੇ ਤਾਂ ਕਿ ਬਹੁਜਨ ਸਮਾਜ ਜਾਗੈਰਿਤ ਹੋ ਆਪਣੇ ਹੱਕ ਹਾਸਿਲ ਕਰੇ। ਸਾਨੂੰ ਕਬੀਰ ਸਾਹਿਬ ਦੇ ਦੱਸੇ ਮਾਰਗ ਤੇ ਚਲਣਾ ਚਾਹੀਦਾ ਹੈ । ਇਸ ਨਾਲ ਸਾਡਾ ਭਲਾ ਹੋਵੇਗਾ। ਜੈ ਕਬੀਰ ਸਾਹਿਬ ਜੀ। ਜੋ ਬੋਲੇ ਸੋ ਨਿਰਭੈ ਬੋਲ ਕਬੀਰ ਸਾਹਿਬ ਮਹਾਰਾਜ ਜੀ ਕੀ ਜੈ।

# ਬਾਬਾ ਬੰਦਾ ਬਹਾਦਰ ਜੀ ਦੀ ਸ਼ਹੀਦੀ ਤਾਰੀਖ?




**ਸਰਵਜੀਤ ਸਿੰਘ**
**ਸੈਕਰਾਮੈਂਟੋ**

ਇੰਡੀਆ ਵਿੱਚ ਗਰੈਗੋਰੀਅਨ ਕੈਲੰਡਰ ਗੋਰਿਆਂ ਦੇ ਨਾਲ ਹੀ ਆਇਆ ਸੀ। ਇਸ ਤੋਂ ਪਹਿਲਾ ਤਾਂ ਉਥੇ ਆਮ ਤੌਰ ਤੇ ਬਿਕ੍ਰਮੀ ਕੈਲੰਡਰ ਹੀ ਪ੍ਰਚਲਤ ਸੀ। ਸਰਕਾਰੀ ਕਾਰ-ਵਿਹਾਰ ਵਿੱਚ ਹਿਜਰੀ ਕੈਲੰਡਰ ਲਾਗੂ ਸੀ। ਗੋਰਿਆਂ ਨੇ ਆਪਣੀ ਸਹੂਲਤ ਲਈ ਸਤੰਬਰ 1752 ਈ. ਤੋਂ ਪਹਿਲੀਆਂ ਬਿਕ੍ਰਮੀ ਜਾਂ ਹਿਜਰੀ ਤਾਰੀਖਾਂ ਨੂੰ ਜੂਲੀਅਨ ਵਿੱਚ ਅਤੇ ਉਸ ਤੋਂ ਪਿਛੋਂ ਦੀਆਂ ਤਾਰੀਖਾਂ ਨੂੰ ਗਰੈਗੋਰੀਅਨ ਵਿੱਚ ਬਦਲੀ ਕਰ/ਕਰਵਾ ਲਿਆ। ਮਿਸਾਲ ਦੇ ਤੌਰ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ ਤਾਂ ਉਸ ਵੇਲੇ ਦੇ ਪ੍ਰਚੱਲਤ ਕੈਲੰਡਰਾਂ ਮੁਤਾਬਕ ਇਹ ਤਾਰੀਖ 23 ਪੋਹ ਜਾਂ ਪੋਹ ਸੁਦੀ 7 ਸੰਮਤ 1723 ਬਿਕ੍ਰਮੀ ਸੀ। ਜਦੋਂ ਇਸ ਤਾਰੀਖ ਨੂੰ ਜੂਲੀਅਨ ਕੈਲੰਡਰ ਵਿਚ ਬਦਲੀ ਕੀਤਾ ਗਿਆ ਤਾਂ ਇਹ 22 ਦਸੰਬਰ ਲਿਖੀ ਗਈ। ਫਰਜ਼ ਕਰੋ ਕਿ ਇੰਗਲੈਂਡ ਵਾਲੇ ਵੀ ਜੂਲੀਅਨ ਕੈਲੰਡਰ ਵਿੱਚ ਕੀਤੀ ਗਈ ਸੋਧ ਨੂੰ 1582 ਈ. ਵਿੱਚ ਹੀ ਪ੍ਰਵਾਨ ਕਰ ਲੈਂਦੇ ਤਾਂ ਇਹ ਤਾਰੀਖ ਗਰੈਗੋਰੀਅਨ ਕੈਲੰਡਰ ਵਿੱਚ ਲਿਖੀ ਜਾਣੀ ਸੀ ਜੋ 1 ਜਨਵਰੀ 1667 ਈ. ਹੋਣੀ ਸੀ। ਇਹ ਹੀ ਕਾਰਨ ਹੈ ਕਿ ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਸੱਜਣ ਵਾਰ-ਵਾਰ ਇਹ ਕਹਿੰਦੇ ਹੈ ਕਿ ਗੁਰੂ ਜੀ ਦਾ ਜਨਮ 5 ਜਨਵਰੀ ਨੂੰ ਨਹੀ ਸਗੋਂ 1 ਜਨਵਰੀ ਦਾ ਬਣਦੀ ਹੈ। ਗੋਰਿਆਂ ਦੇ ਆਉਣ ਤੋਂ ਪਿਛੋਂ ਸਾਡੇ ਵਿਦਵਾਨਾਂ ਵੱਲੋਂ ਵੀ, ਆਪਣੀਆਂ ਲਿਖਤਾਂ ਵਿੱਚ ਬਿਕ੍ਰਮੀ ਕੈਲੰਡਰ ਦੀਆਂ ਅਸਲ ਤਾਰੀਖਾਂ ਲਿਖਣ ਦੀ ਬਿਜਾਏ, 1752 ਈ. ਤੋਂ ਪਹਿਲੀਆਂ ਬਿਕ੍ਰਮੀ ਤਾਰੀਖਾਂ ਨੂੰ ਜੂਲੀਅਨ ਕੈਲੰਡਰ ਦੀਆਂ ਤਾਰੀਖਾਂ ਵਿੱਚ ਹੀ ਲਿਖਿਆ ਜਾਣ ਲੱਗ ਪਿਆ। ਉਹ ਇਹ ਭੁੱਲ ਹੀ ਗਏ ਹਨ ਕਿ ਜੂਲੀਅਨ ਕੈਲੰਡਰ ਤਾਂ ਕਦੇ ਇੰਡੀਆ ਵਿਚ ਲਾਗੂ ਹੀ ਨਹੀਂ ਹੋਇਆ।

ਪਿਛਲੇ ਦਿਨੀਂ ਇਕ ਸੱਜਣ ਨੇ ਡਾ ਸੁਖਦਿਆਲ ਸਿੰਘ ਦੀ ਇਕ ਪੋਸਟ ਭੇਜ ਕਿ ਸਵਾਲ ਕੀਤਾ ਕਿ ਬਾਬਾ ਬੰਦਾ ਬਹਾਦਰ ਜੀ ਦੀ ਸ਼ਹੀਦੀ ਦੀ ਤਾਰੀਖ ਕਿੰਨੀ ਹੈ? ਅਸਲ ਵਿੱਚ ਉਹ ਪੋਸਟ ਡਾ ਪਰਮਵੀਰ ਸਿੰਘ (ਸਿੱਖ ਵਿਸ਼ਵਕੋਸ਼ ਵਿਭਾਗ)&;ਦੀ ਲਿਖੀ ਹੋਈ ਸੀ। ਡਾ ਸੁਖਦਿਆਲ ਸਿੰਘ ਨੇ ਤਾ ਅੱਗੋਂ ਸਾਂਝੀ ਹੀ ਕੀਤੀ ਸੀ। ਉਸ ਲਿਖਤ ਮੁਤਾਬਲ&;ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ&;9 ਜੂਨ ਨੂੰ ਹੋਈ ਸੀ। ਜਦੋਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਗਏ ਕੈਲੰਡਰ ਵਿੱਚ&;ਇਹ ਸ਼ਹੀਦੀ ਦਿਹਾੜਾ 11 ਹਾੜ (25 ਜੂਨ) ਦਾ ਦਰਜ ਹੈ। ਜਦੋਂ ਇਸ ਤਾਰੀਖ ਦੀ ਪੜਤਾਲ ਕਰੀਏ ਤਾਂ ਜਾਣਕਾਰੀ ਮਿਲਦੀ ਹੈ ਕਿ ਬਾਬਾ ਬੰਦਾ ਬਹਾਦਰ ਜੀ ਦੀ&;ਸ਼ਹੀਦੀ, ਉਸ ਵੇਲੇ ਦੇ ਸਰਕਾਰੀ ਕੈਲੰਡਰ ਵਿੱਚ 29 ਜਮਾਦੀ-ਉਲ ਸਾਨੀ 1128 ਹਿਜਰੀ ਦਰਜ ਹੈ।

"ਹੈਰਾਨੀ ਅਤੇ ਪ੍ਰੇਸ਼ਾਨੀ ਉਸ ਸਮੇਂ ਆਉਂਦੀ ਹੈ ਜਦੋਂ ਵਿਲੀਅਮ ਇਰਵਿਨ ਅਤੇ ਡਾ ਗੰਡਾ ਸਿੰਘ ਹਿਜਰੀ ਦੀ ਇਕੋ ਜਿਹੀ ਮਿਤੀ ਦੇ ਕੇ ਫਿਰ ਸੰਨ ਈਸਵੀ ਦੀ ਅਲੱਗ-ਅਲੱਗ ਮਿਤੀ ਦੇ ਦਿੰਦੇ ਹਨ।...ਇਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਹਿਜਰੀ ਸੰਮਤ 29 ਜਮਾਦੀ-ਉ-ਸਾਨੀ ,1128 ਨੂੰ ਵਿਲੀਅਮ ਇਰਵਿਨ ਨੇ 19 ਜੂਨ, 1716 ਲਿਖਿਆ ਹੈ ਅਤੇ ਗੰਡਾ ਸਿੰਘ ਨੇ 9 ਜੂਨ 1716 ਲਿਖਿਆ ਹੈ। ਹੁਣ ਦੋਹਾਂ ਵਿੱਚੋਂ ਅਪਣਾਇਆ ਕਿਸ ਨੂੰ ਜਾਵੇ। ਦੋਵੇਂ ਹੀ ਇਤਿਹਾਸਕਾਰ ਆਪਣੇ ਆਪ ਵਿੱਚ ਬੰਦਾ ਸਿੰਘ ਬਹਾਦਰ ਦੇ ਇਤਿਹਾਸ ਲਿਖਣ ਵਿਚ ਪੂਰੀ ਅਥਾਰਟੀ ਹਨ। ਜੇ ਕਰ ਵਿਲੀਅਮ ਇਰਵਿਨ ਦੀਆਂ ਮਿਤੀਆਂ ਮੰਨ ਕੇ ਚਲਦੇ ਹਾਂ ਤਾਂ ਗੰਡਾ ਸਿੰਘ ਦਾ ਲੱਭਿਆ ਅਖ਼ਬਾਰ-ਏ-ਦਰਬਾਰ-ਏ-ਮੁਅੱਲਾ ਦਾ ਮਹਾਨ ਫਾਰਸੀ ਸਰੋਤ ਗਲਤ ਹੋ ਜਾਂਦਾ ਹੈ। ਕਿਉਂਕਿ ਇਸ ਨੂੰ ਗੰਡਾ ਸਿੰਘ ਆਪਣੀਆਂ ਮਿਤੀਆਂ ਮੁਤਾਬਕ ਉਲਥਾਇਆ ਹੈ। ਸਹੀ ਮਿਤੀ ਤਾਂ ਹਿਜਰੀ ਸੰਮਤ ਵਾਲੀ ਹੀ ਹੈ। ਪਰ ਇਸ ਨੂੰ ਪੰਜਾਬ ਅਤੇ ਭਾਰਤੀ ਇਤਿਹਾਸ ਵਿੱਚ ਇਸ ਸਮੇਂ ਅਪਣਾਇਆ ਨਹੀਂ ਜਾ ਰਿਹਾ। ਇਸ ਦੋਚਿੱਤੀ ਵਾਲੇ ਮਾਹੌਲ ਵਿੱਚ ਆਖਰਕਾਰ ਬਿਨਾ ਕੋਈ ਠੋਸ ਕਾਰਨ ਦੱਸੇ ਦੇ ਗੰਡਾ ਸਿੰਘ ਵਾਲਿਆਂ ਮਿਤੀਆਂ ਨੂੰ ਹੀ ਅਪਣਾ ਕੇ ਚੱਲਿਆ ਜਾ ਰਿਹਾ ਹੈ"। ਬੰਦਾ ਸਿੰਘ ਬਹਾਦਰ: ਇਤਿਹਾਸਕ ਅਧਿਐਨ, 2010 ਈ:, ਪੰਨਾ 216)

ਹਿਜਰੀ ਕੈਲੰਡਰ ਦੀ ਤਾਰੀਖ, 29 ਜਮਾਦੀ-ਉਲ ਸਾਨੀ 1128 ਹਿਜਰੀ&;ਨਾਲ ਤਾਂ ਡਾ ਸੁਖਦਿਆਲ ਸਿੰਘ ਸਹਿਮਤ ਹੈ ਪਰ ਡਾ ਗੰਡਾ ਸਿੰਘ ਅਤੇ ਵਿਲੀਅਮ ਇਰਵਿਨ ਵੱਲੋਂ ਲਿਖੀਆਂ ਵੱਖ-ਵੱਖ ਅੰਗਰੇਜੀ ਤਾਰੀਖਾਂ ਉਸ ਲਈ ਹੈਰਾਨੀ-ਪ੍ਰੇਸ਼ਾਨੀ ਦਾ ਸਬੱਬ ਬਣਦੀਆਂ ਹਨ। ਉਹ ਬਿਨਾ ਕਿਸੇ ਠੋਸ ਕਾਰਨ ਦੇ ਜਾਂ ਪੜਤਾਲ ਕੀਤਿਆਂ ਵਿਲੀਅਮ ਇਰਵਿਨ ਦੀ ਤਾਰੀਖ (19 ਜੂਨ) ਨੂੰ ਗਲਤ ਮੰਨ ਕੇ ਡਾ ਗੰਡਾ ਸਿੰਘ ਦੀ ਤਾਰੀਖ (9 ਜੂਨ) ਨੂੰ ਸਹੀ ਮੰਨ ਲੈਂਦਾ ਹੈ। "ਇਸ ਦੋਚਿੱਤੀ ਵਾਲੇ ਮਾਹੌਲ ਵਿੱਚ ਆਖਰਕਾਰ ਬਿਨਾ ਕੋਈ ਠੋਸ ਕਾਰਨ ਦੱਸੇ ਦੇ ਗੰਡਾ ਸਿੰਘ ਵਾਲਿਆਂ ਮਿਤੀਆਂ ਨੂੰ ਹੀ ਅਪਣਾ ਕੇ ਚੱਲਿਆ ਜਾ ਰਿਹਾ ਹੈ"। ਇਹ ਹੈ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਮੁਖੀ ਦਾ, ਆਪਣੀ ਕਲਮ ਨਾਲ ਲਿਖਿਆ ਆਪਣੀ ਅਗਿਆਨਤਾ ਦਾ ਸਬੂਤ। ਡਾ ਸੁਖਦਿਆਲ ਸਿੰਘ ਨੇ ਆਪਣੀ ਕਿਤਾਬ ਦੇ ਅਖੀਰ ਵਿੱਚ, ਪਾਠਕਾਂ ਤੇ ਪ੍ਰਭਾਵ ਪਾਉਣ ਲਈ 134 ਕਿਤਾਬਾਂ (ਅੰਗਰੇਜੀ ਅਤੇ ਪੰਜਾਬੀ) ਦੀ ਸੂਚੀ ਦਿੱਤੀ ਹੈ। ਕਾਸ਼! ਡਾ ਸੁਖਦਿਆਲ ਸਿੰਘ ਨੇ ਵਿਲੀਅਮ ਇਰਵਿਨ ਦੀ ਕਿਤਾਬ ਦੇ ਪਹਿਲੇ ਅਧਿਆਇ ਦੇ ਪਹਿਲੇ ਪਹਿਰੇ ਨੂੰ ਹੀ ਪੜਿਆ ਵੀ ਹੁੰਦਾ ਤਾਂ ਇਸ ਨਮੋਸ਼ੀ ਦਾ ਸਾਹਮਣਾ ਨਾ ਕਰਨ ਪੈਂਦਾ। "The Later Mughals" ਦੇ ਪਹਿਲੇ ਅਧਿਆਇ ਦੀ ਪਹਿਲੀ ਪੰਗਤੀ "After an illness of a few days Alamgir died in his camp at Ahmednagar on the 28th Zul Qada 1118 A.H., corresponding to the 3rd march, 1707, New Style". ਇਥੇ "New Style" ਤੋਂ ਸਪੱਸ਼ਟ ਹੋ ਜਾਂਦਾ ਹੈ ਕਿ William Irvine ਦੀਆਂ ਸਾਰੀਆਂ ਤਾਰੀਖ਼ਾਂ ਗਰੈਗੋਰੀਅਨ ਕੈਲੰਡਰ ਮੁਤਾਬਕ ਹਨ। ਜੇ ਇਸ ਨੂੰ ਜੂਲੀਅਨ ਕੈਲੰਡਰ ਵਿਚ ਲਿਖਣਾ ਹੋਵੇ ਤਾਂ ਇਹ 20 February 1707, Old Style. ਲਿਖੀ ਜਾਣੀ ਸੀ। ਕਾਸ਼! ਡਾ ਸੁਖਦਿਆਲ ਸਿੰਘ ਨੇ ਇਸ ਕਿਤਾਬ ਦਾ ਹਵਾਲਾ ਦੇਣ ਤੋਂ ਪਹਿਲਾ ਇਸ ਦੇ ਦਰਸ਼ਨ ਕੀਤੇ ਹੁੰਦੇ। ਪਹਿਲੇ ਅਧਿਆਇ ਦੀ ਪਹਿਲੀ ਪੰਗਤੀ ਨੂੰ ਹੀ ਪੜ੍ਹ ਕੇ ਸਮਝਿਆ ਹੁੰਦਾ ਤਾਂ ਜਿਹੜਾ ਨੁਕਤਾ ਉਸ ਨੂੰ ਕਈ ਦਹਾਕਿਆਂ (ਪੜ੍ਹਨ ਅਤੇ ਪੜ੍ਹਾਉਣ ਦਾ ਸਮਾਂ) ਵਿੱਚ ਸਮਝ ਨਹੀਂ ਆਇਆ, ਕੁਝ ਸੈਕਿੰਡ ਵਿਚ ਸਮਝ ਆ ਜਾਣਾ ਸੀ। ਡਾ ਸੁਖਦਿਆਲ ਸਿੰਘ ਜੀ, ਜਿਥੇ ਦੋ ਲਿਖ-ਾਰੀਆਂ ਵੱਲੋਂ ਲਿਖੀ ਅੰਗਰੇਜੀ ਤਾਰੀਖ ਵਿਚ 10-11 ਦਿਨਾਂ ਦਾ ਫ਼ਰਕ ਹੋਵੇ, ਉਥੇ ਜੂਲੀਅਨ ਅਤੇ ਗਰੈਗੋਰੀਅਨ ਕੈਲੰਡਰ ਦਾ ਝਮੇਲਾ ਹੁੰਦਾ ਹੈ।



THE LATER MUGHALS

CHAPTER I

BAHADUR SHAH

SEC. 1.—DEATH OF ALAMGIR: HIS CHILDREN.

After an illness of a few days Alamgir died in his camp at Ahmadnagar on the 28th Zul Qada 1118 A.H., corresponding to the 3rd March, 1707 *New Style*, in the 91st (lunar) year of his age and the 51st of his reign. The actual place of his death is probably denoted by the "Barahdari Aurangzeb's tomb," marked on the map between pp. 688 and 689 in *Bombay Gazetteer*, Vol. xvii. The place lies 2 miles n. e. of Ahmadnagar town.

ਸਰਕਾਰੀ ਸੋਮਿਆਂ ਮੁਤਾਬਕ ਜਮਾਦੀ-ਉਲ ਸਾਨੀ 1128 ਹਿਜਰੀ ਹੈ। ਜਿਵੇ ਕਿ ਪਾਠਕ ਉਪਰ ਪੜ੍ਹ ਆਏ ਹਨ ਕਿ ਅੰਗਰੇਜਾਂ ਨੇ ਆਪਣੀ ਸਹੂਲਤ ਲਈ ਭਾਰਤੀ ਇਤਿਹਾਸ ਦੀਆਂ ਤਾਰੀਖਾਂ (ਬਿਕ੍ਰਮੀ ਅਤੇ ਹਿਜਰੀ) ਨੂੰ, 2 ਸਤੰਬਰ 1752 ਈ: ਤੋਂ ਪਹਿਲੀਆਂ ਨੂੰ ਜੂਲੀਅਨ ਅਤੇ 14 ਸਤੰਬਰ ਪਿਛੋਂ ਦੀਆਂ ਤਾਰੀਖਾਂ ਨੂੰ ਗਰੈ-ਗੋਰੀਅਨ ਕੈਲੰਡਰ ਵਿਚ ਬਦਲੀ ਕਰਨ ਦਾ ਪ੍ਰਬੰਧ ਕਰ ਲਿਆ। ਇਸ ਮੁਤਾਬਕ ਡਾ ਗੰਡਾ ਸਿੰਘ ਵਾਲੀ ਤਾਰੀਖ ਭਾਵ 9 ਜੂਨ ਜੂਲੀਅਨ ਕੈਲੰਡਰ ਦੀ ਤਾਰੀਖ ਬਣਦੀ ਹੈ। ਵਿਲੀਅਮ ਇਰਵਿਨ ਨੇ ਇਸ ਤਾਰੀਖ ਨੂੰ ਜੂਲੀਅਨ ਵਿੱਚ ਨਹੀ, ਸਿਧਾ ਗਰੈਗੋਰੀਅਨ ਵਿੱਚ ਬਦਲੀ ਕਰ ਲਿਆ ਉਸ ਮੁਤਾਬਕ ਇਹ 19 ਜੂਨ ਬਣਦੀ ਹੈ। ਪਰ ਕੀ ਉਸ ਸਮੇਂ ਇਹ ਕੈਲੰਡਰ ਸਾਡੇ ਦੇਸ਼ ਵਿਚ ਲਾਗੂ ਸਨ? ਜਵਾਬ ਹੈ ਨਹੀਂ। ਤਾਂ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਕੈਲੰਡਰਾਂ ਵਿੱਚ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਸੀ?

ਆਓ ਵੇਖੀਏ ਕਿ ਆਪਣੇ ਦੇਸ਼ ਵਿੱਚ ਪ੍ਰਚੱਲਤ ਬਿਕ੍ਰਮੀ ਕੈਲੰਡਰ ਮੁਤਾਬਕ ਇਹ ਤਾਰੀਕ ਕਿੰਨੀ ਸੀ? 29 ਜਮਾਦੀ-ਉਲ ਸਾਨੀ 1128 ਹਿਜਰੀ ਮੁਤਾਬਕ ਇਹ 11 ਹਾੜ ਸੰਮਤ 1773 ਬਿਕ੍ਰਮੀ ਸੀ। "11 ਹਾੜ, ਸੁਦੀ ਏਕਮ (29 ਜਮਾਦੀ-ਉਲ ਆਖਿਰ 1128 ਜੂਨ 1716), ਛਨਿਛਰਵਾਰ ਜਦੋਂ ਤਿੰਨ ਕੁ ਨੇਜਿਆਂ ਸਾਨ ਸੂਰਜ ਉੱਭਰਿਆ; ਤਦ ਬਾਬਾ ਬੰਦਾ ਸਿੰਘ ਬਹਾਦਰ, ਉਨ੍ਹਾਂ ਦੇ ਮਾਸੂਮ ਪੁੱਤ੍ਰ ਅਜੈ ਸਿੰਘ ਅਤੇ ਭਾਈ ਬਾਜ ਸਿੰਘ, ਰਾਮ ਸਿੰਘ, ਭਾਈ ਫਤਹਿ ਸਿੰਘ, ਆਲੀ ਸਿੰਘ ਤੇ ਗੁਲਾਬ ਸਿੰਘ ਬਖਸ਼ੀ ਆਦਿ ਛੱਬੀਹ ਹੋਰ ਸਿੰਘਾਂ ਨੂੰ, ਲਾਲ ਕਿਲੇ ਦੇ ਬੰਦੀਖ਼ਾਨੇ 'ਚੋਂ ਕੱਢ ਕੇ ਸਰਬਰਾਹ ਖਾਨ ਕੋਤਵਾਲ ਤੇ ਇਬਰਾਹੀਮਮੁੱਦੀਨ ਖਾਨ ਮੀਰ ਆਤਿਸ਼ ਹੋਰਾਂ ਜਲੂਸ ਦੇ ਰੂਪ ਵਿੱਚ, ਹਜ਼ਰਤ ਖ਼ਵਾਜਾ ਕੁਤਬ ਦੀਨ ਬਖਤਯਾਰ ਕਾਕੀ ਦੇ ਮਿਜਾਰ ਲਾਗੇ ਆਂਦਾ"। (ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ , ਸੰਪਾਦਕ ਰਣਧੀਰ ਸਿੰਘ ਭਾਗ ਪਹਿਲਾ, ਪੰਨਾ 243) ਇਹ ਤਾਰੀਖ ਭਾਵ 11 ਹਾੜ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਦਰਜ ਹੈ। ਇਹ ਗੱਲ ਵੱਖਰੀ ਹੈ ਕਿ ਹਾੜ ਮਹੀਨੇ ਦੀ ਸੰਗਰਾਂਦ ਇਕ ਦਿਨ ਅੱਗੇ ਪਿਛੇ ਹੋ ਜਾਂਦੀ ਹੈ। ਇਸ ਸਾਲ 11 ਹਾੜ 25 ਜੂਨ ਨੂੰ ਹੈ ਪਰ ਪਿਛਲੇ ਸਾਲ 24 ਜੂਨ ਸੀ ਅਤੇ ਆਉਣ ਵਾਲੇ ਸਾਲ 11 ਹਾੜ 25 ਜੂਨ ਨੂੰ ਹੋਵੇਗੀ। ਦੂਜੇ ਪਾਸੇ ਨਾਨਕਸ਼ਾਹੀ ਕੈਲੰਡਰ ਵਿੱਚ ਦਰਜ, ਬਾਬਾ ਬੰਦਾ ਬਹਾਦਰ ਜੀ ਦੀ ਸ਼ਹੀਦੀ ਦੀ ਤਾਰੀਖ 11 ਹਾੜ ਨੂੰ, ਸਦਾ ਵਾਸਤੇ 25 ਜੂਨ ਹੀ ਹੋਵੇਗੀ।

### 80ਵੇਂ ਜਨਮ ਦਿਵਸ 'ਤੇ ਵਿਸ਼ੇਸ਼

# ਸਿੱਖ ਅਤੇ ਪੰਜਾਬੀ ਸੰਸਾਰ ਦਾ ਪਹਿਰੇਦਾਰ: ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿਲ

ਸਮਾਜ ਵਿੱਚ ਹਰ ਵਿਅਕਤੀ ਆਪਣਾ ਜੀਵਨ ਬਤੀਤ ਕਰਦਿਆਂ ਆਪੋ ਆਪਣੇ ਢੰਗ ਨਾਲ ਵਿਚਰਦਾ ਹੈ। ਹਰ ਇਕ ਦਾ ਖੇਤਰ ਵੀ ਵੱਖਰਾ ਹੁੰਦਾ ਹੈ। ਉਸ ਖੇਤਰ ਵਿੱਚ ਇਨਸਾਨ ਆਪਣੀ ਕਾਰਗੁਜ਼ਾਰੀ ਅਤੇ ਕਾਰਜਕੁਸ਼ਲਤਾ ਨਾਲ ਸਫ਼ਲ ਹੋਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਕਈ ਇਨਸਾਨ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦਾ ਮੰਤਵ ਸਿਰਫ਼ ਆਪਣੀ ਸਫ਼ਲਤਾ ਤੱਕ ਹੀ ਸੀਮਤ ਨਹੀਂ ਹੁੰਦਾ। ਉਹ ਪੁਰਾਣੇ ਘਿਸੇ ਪਿਟੇ ਰਸਤਿਆਂ 'ਤੇ ਨਹੀਂ ਚਲਦੇ ਸਗੋਂ ਆਪਣੀਆਂ ਨਵੀਆਂ ਪਗਡੰਡੀਆਂ ਬਣਾਕੇ ਪੈੜਾਂ ਪਾ ਜਾਂਦੇ ਹਨ। ਉਨ੍ਹਾਂ ਦੀਆਂ ਪੈੜਾਂ ਇਤਿਹਾਸ ਦੇ ਪੰਨਿਆਂ 'ਤੇ ਉਕਰੀਆਂ ਜਾਂਦੀਆਂ ਹਨ। ਉਨ੍ਹਾਂ ਵਿਲੱਖਣ ਇਨਸਾਨਾ ਵਿਚ 80 ਸਾਲਾ ਨੌਜਵਾਨ ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿਲ ਦਾ ਨਾਮ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੈ। ਉਹ ਨਿੱਜੀ ਹਿਤਾਂ ਦੀ ਥਾਂ ਲੋਕ ਹਿਤਾਂ ਦੀ ਤਰਜ਼ਮਾਨੀ ਕਰਨ ਨੂੰ ਤਰਜ਼ੀਹ ਦਿੰਦੇ ਹਨ। ਨਰਪਾਲ ਸਿੰਘ ਸ਼ੇਰਗਿਲ ਪਿਛਲੇ 54 ਸਾਲਾਂ ਤੋਂ ਸਿੱਖ ਵਿਰਾਸਤ, ਸਿੱਖ ਅਤੇ ਪੰਜਾਬੀ ਸੰਸਾਰ ਦਾ ਪਹਿਰੇਦਾਰ ਬਣਕੇ ਬਚਨਵੱਧਤਾ ਨਾਲ ਕਾਰਜ਼ਸ਼ੀਲ ਹਨ। 25 ਜੂਨ 2021 ਨੂੰ ਉਨ੍ਹਾਂ ਦਾ 80ਵਾਂ ਜਨਮ ਦਿਨ ਹੈ। ਉਹ ਪਟਿਆਲਾ ਜਿਲ੍ਹੇ ਦੇ ਪਿੰਡ ਮਜਾਲ ਖੁਰਦ ਵਿਚੋਂ ਉਠਕੇ ਕੌਮ-ਾਂਤਰੀ ਪੱਤਰਕਾਰੀ, ਸੰਪਾਦਕ ਅਤੇ ਆਪਣੇ ਕਾਰੋਬਾਰ ਵਿਚ ਉਦਮੀ ਦੇ ਤੌਰ ਤੇ ਸੰਸਾਰ ਵਿੱਚ ਆਪਣਾ ਨਾਮ ਬਣਾ ਚੁੱਕਾ ਹੈ। ਪਰਵਾਸ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਪੰਜਾਬੀਆਂ ਨੂੰ ਜਾਣਕਾਰੀ ਆਪਣੇ ਲੇਖਾਂ ਰਾਹੀਂ ਦਿੰਦੇ ਰਹਿੰਦੇ ਹਨ। ਨਰਪਾਲ ਸਿੰਘ ਸ਼ੇਰਗਿਲ ਕੌਮਾਂਤਰੀ ਪੱਤਰਕਾਰੀ ਵਿਚ ਪਰਵਾਸੀ ਮਾਮ-ਲਿਆਂ ਅਤੇ ਸਿੱਖ ਸਮੱਸਿਆਵਾਂ ਦੇ ਅਗਾਊਂ ਖ਼ਤਰਿਆਂ ਬਾਰੇ ਵੀ ਆਗਾਹ ਕਰਕੇ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਸਿੱਖ ਭਾਈਚਾਰੇ ਨੂੰ ਸੁਜੱਗ ਅਤੇ ਜਾਗਰੂਕ ਕਰਨ ਲਈ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਇਕ ਸੁਚੇਤ ਸਿੱਖ ਚਿੰਤਕ ਅਤੇ ਦੂਰ ਅੰਦੇਸ਼ ਹੋਣ ਦੇ ਨਾਤੇ ਉਹ ਭਾਂਪ ਲੈਂਦੇ ਹਨ ਕਿ ਭਵਿਖ ਵਿੱਚ ਸਿੱਖ ਧਰਮ ਲਈ ਕਿਹੜੀ ਸਮੱਸਿਆ ਵੰਗਾਰ ਬਣਕੇ ਸਾਹਮਣੇ ਆ ਸਕਦੀ ਹੈ। ਇਸ ਲਈ ਉਹ ਆਪਣੇ ਵਿਦਵਤਾ ਵਾਲੇ ਲੇਖ ਲਿਖਕੇ, ਸੋਵੀਨਰ ਪ੍ਰਕਾਸ਼ਤ ਕਰਕੇ ਅਤੇ ਆਪਣੀ ਪੁਸਤਕ ਰਾਹੀਂ ਸਮੁੱਚੇ ਸੰਸਾਰ ਨੂੰ ਪਹਿਲਾਂ ਹੀ ਸੁਚੇਤ ਕਰ ਦਿੰਦੇ ਹਨ।

ਨਰਪਾਲ ਸਿੰਘ ਸ਼ੇਰਗਿਲ ਆਪਣੀ ਮਾਤ ਭੂਮੀ ਦੀ ਮਿੱਟੀ ਨਾਲ ਇਸ ਤਰ੍ਹਾਂ ਜੁੜੇ ਹੋਏ ਹਨ ਕਿ ਮਹੀਨੇ ਵਿਚੋਂ 15 ਦਿਨ ਇੰਗਲੈਂਡ ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਅਤੇ ਅੱਧਾ ਮਹੀਨਾ ਪਟਿਆਲਾ ਜਿਲ੍ਹੇ ਦੇ ਮਜਾਲ ਖੁਰਦ ਪਿੰਡ ਵਿੱਚ ਆਪਣੇ ਸਪੁੱਤਰ ਨਵਜੋਤ ਸਿੰਘ ਸ਼ੇਰਗਿਲ, ਜਿਨ੍ਹਾਂ ਨੂੰ ''ਸਟਰ-ਅਬੈਰੀ ਦਾ ਬਾਦਸ਼ਾਹ'' ਕਰਕੇ ਜਾਣਿਆਂ ਜਾਂਦਾ ਹੈ, ਦੀ ਆ-ਧੁਨਿਕ ਢੰਗ ਨਾਲ ਕੀਤੀ ਜਾਂਦੀ ਆਰਗੈਨਿਕ ਖੇਤੀ ਵਿਚਲੀ ਸਟਰਾਅਬੈਰੀ ਦੀ ਫ਼ਸਲ ਦੀ ਖ਼ੁਸ਼ਬੂ ਦਾ ਆਨੰਦ ਮਾਣਦੇ ਹਨ। ਇੰਗਲੈਂਡ ਉਨ੍ਹਾਂ ਲਈ ਮਜਾਲ ਖੁਰਦ ਦੇ ਖੇਤਾਂ ਵਿੱਚ ਜਾਣ ਦੀ ਤਰ੍ਹਾਂ ਹੈ। ਸਹੀ ਅਰਥਾਂ ਵਿੱਚ ਉਨ੍ਹਾਂ ਨੂੰ ਪੰਜਾਬ ਦਾ ਧਰਤੀ ਪੁੱਤਰ ਕਿਹਾ ਜਾ ਸਕਦਾ ਹੈ। ਉਨ੍ਹਾਂ ਨੂੰ ਬਰਤਾਨੀਆਂ ਜਾਂ ਭਾਰਤ ਆਉਣ ਜਾਣ ਲਈ ਵੀਜ਼ਾ ਲੈਣ ਦੀ ਲੋੜ ਨਹੀਂ ਪੈਂਦੀ। ਆਮ ਤੌਰ 'ਤੇ ਜਿਹੜਾ ਵੀ ਭਾਰਤੀ ਪਰਵਾਸ ਵਿੱਚ ਜਾਂਦਾ ਹੈ, ਉਹ ਸਭ ਤੋਂ ਪਹਿਲਾਂ ਉਥੋਂ ਦੀ ਨਾਗਰਿਕਤਾ ਲੈਣ ਦੀ ਕੋਸ਼ਿਸ਼ ਕਰਦਾ



ਹੈ। ਉਨ੍ਹਾਂ ਵਿਚੋਂ ਬਹੁਤੇ ਕਲੀਨ ਸ਼ੇਵ ਹੋ ਜਾਂਦੇ ਹਨ ਪ੍ਰੰਤੂ ਨਰਪਾਲ ਸਿੰਘ ਸ਼ੇਰਗਿਲ ਪੂਰਨ ਸਿੱਖੀ ਸਰੂਪ ਵਿੱਚ ਹੈ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਦਿੱਤੀ ਦਸਤਾਰ ਦੀ ਦਾਤ ਦੀ ਅਹਿਮੀਅਤ ਨੂੰ ਚੰਗੀ ਤਰ੍ਹਾਂ ਸਮਝਦੇ&; ਹਨ। ਉਹ ਸਿੱਖੀ ਵਿਚਾਰਧਾਰਾ ਦਾ ਪਹਿਰੇਦਾਰ ਬਣਕੇ ਆਪਣਾ ਜੀਵਨ ਬਤੀਤ ਕਰ ਰਹੇ ਹਨ। ਨਰਪਾਲ ਸਿੰਘ ਸ਼ੇਰਗਿਲ ਦੀ ਵਿਲੱਖਣਤਾ ਇਹ ਹੈ ਕਿ ਭਾਵੇਂ ਉਹ ਅੱਧੀ ਸਦੀ ਤੋਂ ਵਧੇਰੇ ਸਮੇਂ ਤੋਂ ਇੰਗਲੈਂਡ ਵਿਚ ਰਹਿੰਦੇ ਹਨ ਪ੍ਰੰਤੂ ਉਨ੍ਹਾਂ ਦੀ ਦੇਸ਼ ਭਗਤੀ ਵੇਖਣ ਵਾਲੀ ਹੈ ਕਿ ਉਨ੍ਹਾਂ ਨੇ ਇੰਗਲੈਂਡ ਦੀ ਨਾਗਰਿਕਤਾ ਨਹੀਂ ਲਈ। ਉਨ੍ਹਾਂ ਕੋਲ ਭਾਰਤੀ ਪਾਸਪੋਰਟ ਹੈ। ਪ੍ਰੰਤੂ ਉਨ੍ਹਾਂ ਨੂੰ ਭਾਰਤ ਅਤੇ ਬਰਤਾਨੀਆਂ ਵਿਚ ਦੋਹਾਂ ਦੇਸ਼ਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਹੈ। ਉਨ੍ਹਾਂ ਦੇ ਦੇਸ਼ ਪਿਆਰ ਦੀ ਇਸ ਤੋਂ ਵੱਡੀ ਉਦਾਹਰਣ ਹੋਰ ਕੀ ਹੋ ਸਕਦੀ ਹੈ? ਮੈਨੂੰ ਉਨ੍ਹਾਂ ਦੀਆਂ ਸਰਗਰਮੀਆਂ ਵੇਖਕੇ ਕਈ ਵਾਰ ਅਚੰਭਾ ਹੁੰਦਾ ਹੈ ਕਿ ਉਹ ਇਤਨੀ ਵਡੇਰੀ ਉਮਰ ਵਿੱਚ ਵੀ ਇਕ ਸੰਸਥਾ ਜਿਤਨਾ ਕੰਮ ਕਰੀ ਜਾ ਰਹੇ ਹਨ। ਜਦੋਂ ਪੰਜਾਬ ਵਿੱਚ ਹੁੰਦੇ ਹਨ ਕਦੀਂ ਲੁਧਿਆਣਾ, ਜਲੰਧਰ, ਗੁਰੂ ਕੀ ਨਗਰੀ ਅੰਮ੍ਰਿਤਸਰ ਸਾਹਿਬ ਅਤੇ ਕਦੀਂ ਪੁਸਤਕ ਦੀ ਪ੍ਰਕਾਸ਼ਨਾ ਲਈ ਦਿੱਲੀ ਪਹੁੰਚੇ ਹੁੰਦੇ ਹਨ। 23 ਸਾਲ ਤੋਂ ਲਗਾਤਾਰ ਉਹ 400 ਪੰਨਿਆਂ ਦੀ ਇਕ ਰੰਗਦਾਰ ਸਚਿਤਰ ਪੁਸਤਕ ''ਇੰਡੀਅਨਜ਼ ਅਬਰਾਡ ਐਂਡ ਪੰਜਾਬ ਇਮਪੈਕਟ'' ਪ੍ਰਕਾਸ਼ਤ ਕਰਵਾਕੇ ਦੇਸ਼ ਵਿਦੇਸ਼ ਵਿੱਚ ਭੇਜਦੇ ਹਨ। ਇਸ ਪੁਸਤਕ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਵਿਚ ਚੋਟੀ ਦੇ ਵਿਦਵਾਨਾ ਦੇ ਲੇਖ ਹੁੰਦੇ ਹਨ, ਜਿਨ੍ਹਾਂ ਵਿਚ ਸਿੱਖ/ਪੰਜਾਬੀ ਭਾਈਚਾਰੇ ਦੀਆਂ ਪੰਜਾਬ ਅਤੇ ਪਰਵਾਸ ਵਿੱਚ ਪ੍ਰਾਪਤ ਕੀਤੀਆਂ ਸਫਲਤਾਵਾਂ ਬਾਰੇ ਵਿਸਤਾਰ ਪੂਰਬਕ ਜਾਣਕ-ਾਰੀ ਹੁੰਦੀ ਹੈ ਤਾਂ ਜੋ ਨੌਜਵਾਨ ਪੀੜ੍ਹੀ ਆਪਣੀ ਅਮੀਰ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਮਾਅਰਕੇ ਮਾਰ ਸਕੇ। ਇਹ ਪੁਸਤਕ ਇਤਿਹਾਸਕ ਦਸਤਾਵੇਜ਼ ਹੁੰਦੀ ਹੈ, ਜਿਸ ਵਿੱਚ ਵਿਲੱਖਣ ਕਿਸਮ ਦੀ ਜਾਣਕਾਰੀ ਹੁੰਦੀ ਹੈ, ਜਿਹੜੀ ਜਾਣਕਾਰੀ ਪਰਵਾਸੀ ਭਾਰਤੀਆਂ ਲਈ ਪ੍ਰੇਰਨਾ ਸਰੋਤ ਸਾਬਤ ਹੁੰਦੀ ਹੈ। ਸਿੱਖ ਇਤਿਹਾਸ ਦੀਆਂ ਸਾਰੀਆਂ ਮਹੱਤਵਪੂਰਨ ਘਟਨਾਵਾਂ ਜਿਵੇਂ ਸਿੱਖ ਇਤਿਹਾਸ ਦੀਆਂ ਸ਼ਤਾਬਦੀਆਂ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਤਿਓਹਾਰਾਂ ਬਾਰੇ ਇਸ ਪੁਸਤਕ ਦੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਜਾਂਦੇ ਹਨ। ਸਿੱਖ ਇਤਿਹਾਸ ਨਾਲ ਸੰਬੰਧਤ ਯਾਦਗਾਰਾਂ ਅਤੇ ਗੁਰੂ ਘਰਾਂ ਦੀਆਂ ਉਹ ਯਾਤਰਾਵਾਂ ਕਰਕੇ ਉਥੋਂ ਵਿਸ਼ੇਸ਼ ਕਿਸਮ ਦੀ ਜਾਣਕਾਰੀ ਇਕੱਤਰ ਕਰਦੇ ਹਨ। ਤੱਥਾਂ 'ਤੇ ਅਧਾਰਤ ਉਨ੍ਹਾਂ ਦੇ ਲਿਖੇ ਲੇਖ ਵੀ ਪੜ੍ਹਨ ਵਾਲੇ ਹੁੰਦੇ ਹਨ। ਉਹ 1981 ਤੋਂ 84 ਤੱਕ ਲੰਦਨ ਤੋਂ ਅੰਗਰੇਜ਼ੀ ਦਾ ਮਾਸਿਕ ਰਸਾਲਾ ''ਦੀ ਪਾਲਿ-ਟਿਕਸ'' ਪ੍ਰਕਾਸ਼ਤ ਕਰਦੇ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਲੇਖ ਦੇਸ਼ ਵਿਦੇਸ਼ ਦੇ ਚੋਟੀ ਦੇ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਹੁੰਦੇ ਹਨ। ਉਨ੍ਹਾਂ 1982 ਵਿੱਚ ਦਿੱਲੀ ਵਿਖੇ ਹੋਈਆਂ ਏਸ਼ੀਅਨ ਖੇਡਾਂ ਨੂੰ ਬਰਤਾਨੀਆਂ ਤੋਂ ਆ ਕੇ ਕਵਰ ਕੀਤਾ ਸੀ। ਉਨ੍ਹਾਂ ਦੁਨੀਆਂ ਦੇ ਲਗਪਗ ਇਕ ਦਰਜਨ ਦੇਸ਼ਾਂ ਦਾ ਦੌਰਾ ਕਰਕੇ ਸਿੱਖ ਇਤਿਹਾਸ ਨਾਲ ਸੰਬੰਧਤ ਯਾਦਗਾਰਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਅਤੇ ਫਿਰ ਅਖ਼ਬਾਰਾਂ ਅਤੇ ਆਪਣੀ ਪੁਸਤਕ ''ਇੰਡੀਅਨਜ਼ ਅਬਰਾਡ ਐਂਡ ਪੰਜਾਬ ਇਮਪੈਕਟ'' ਵਿਚ ਪ੍ਰਕ-ਾਸ਼ਤ ਕੀਤੀ। ਜਿਹੜੇ ਸਿੱਖਾਂ/ਪੰਜਾਬੀਆਂ ਨੇ ਪਹਿਲੀ ਅਤੇ ਦੂਜੀ ਸੰਸਾਰ ਜੰਗ ਵਿਚ ਹਿਸਾ ਲੈ ਕੇ ਬਹਾਦਰੀ ਦੇ ਮੈਡਲ ਜਿੱਤੇ, ਉਨ੍ਹਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਅਖ਼ਬਾਰਾਂ ਵਿਚ ਪ੍ਰਕ-ਾਸ਼ਤ ਕਰਵਾਈ। ਉਨ੍ਹਾਂ ਵੱਲੋਂ ਸਿੱਖੀ, ਪੰਜਾਬੀ ਸੰਸਾਰ ਅਤੇ ਕੌਮੀ ਪੱਤਰਕਾਰੀ ਵਿਚ ਪਾਏ ਯੋਗਦਾਨ ਕਰਕੇ ਜਨਵਰੀ 1983 ਵਿੱਚ ਦਿੱਲੀ ਵਿਖੇ ਰਾਸ਼ਟਰਮੰਡਲ ਕਾਨਫ਼ਰੰਸ ਵਿੱਚ ਬਰਤਾਨੀਆਂ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸਾਹਿਬਾਨ ਨੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਸੀ। ਉਨ੍ਹਾਂ ਨੇ ਭਾਰਤ ਵਿੱਚ ਜਿਤਨੇ ਵੀ ਇਤਿਹਾਸਕ ਗੁਰੂ ਘਰ ਹਨ, ਉਹ ਉਨ੍ਹਾਂ ਸਾਰਿਆਂ ਦੀ ਲਗਾਤਾਰ ਪਰਕਰਮਾ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ ਪਰਵਾਸ ਵਿੱਚ ਖਾਸ ਤੌਰ ਤੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਮਹੱਤਵਪੂਰਨ ਗੁਰੂ ਘਰ ਹਨ, ਉਨ੍ਹਾਂ ਵਿਚ ਵੀ ਨਤਮਸਤਕ ਹੁੰਦੇ ਰਹਿੰਦੇ ਹਨ। ਸਿੱਖ ਧਰਮ ਅਤੇ ਸਿੱਖੀ ਵਿਚਾਰਧਾਰਾ ਦੇ ਪਾਸਾਰ ਤੇ ਪ੍ਰਚਾਰ ਲਈ ਉਨ੍ਹਾਂ ਵਲੋਂ ਪਾਏ ਯੋਗਦਾਨ ਕਰਕੇ ਸਿੱਖ ਧਰਮ ਦੇ ਸਰਵੋਤਮ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਉਨ੍ਹਾਂ ਨੂੰ 1995 ਵਿੱਚ ਵਿਸੇਸ਼ ਤੌਰ ਤੇ ਸਿਰੋਪਾਓ ਦੇ ਕੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਨਮਾਨਤ ਕੀਤਾ ਗਿਆ ਸੀ। ਉਨ੍ਹਾਂ ਦੀ ਪੁਸਤਕ ਇੰਡੀਅਨਜ਼ ਅਬਰਾਡ ਐਂਡ ਪੰਜਾਬ ਇਮਪੈਕਟ ਸ੍ਰੀ ਆਨੰਦਪੁਰ ਸਾਹਿਬ ਵਿਖੇ ਅਕਾਲ ਤਖ਼ਤ ਦੇ ਉਦੋਂ ਦੇ ਜਥੇਦਾਰ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਜ਼ਾਰੀ ਕੀਤੀ ਸੀ। ਦੇਸ਼ ਵਿਦੇਸ਼ ਅਤੇ ਖਾਸ ਤੌਰ 'ਤੇ ਪੰਜਾਬ ਦੀ ਸਿਆਸਤ ਬਾਰੇ ਵੀ ਉਨ੍ਹਾਂ ਨੂੰ ਪੂਰੀ ਜਾਣਕਾਰੀ ਹੁੰਦੀ ਹੈ। ਇਥੋਂ ਤੱਕ ਕਿ ਪੰਜਾਬ ਦੇ ਤਿੰਨ ਮੁੱਖ ਮੰਤਰੀ ਸਾਹਿਬਾਨ ਸਰਵ ਸ੍ਰੀ ਦਰਬਾਰਾ ਸਿੰਘ, ਬੇਅੰਤ ਸਿੰਘ ਅਤੇ ਕੈਪਟਨ ਅਮਰਿੰਦਰ ਸਿੰਘ ਜਦੋਂ ਉਹ ਇੰਗਲੈਂਡ ਜਾਂਦੇ ਰਹੇ ਹਨ, ਉਨ੍ਹਾਂ ਨਾਲ ਰਾਜਨੀਤਕ ਵਿਚਾਰ ਚਰਚਾ ਕਰਦੇ ਅਤੇ ਨਰਪਾਲ ਸਿੰਘ ਸ਼ੇਰਗਿਲ ਦੀ ਕਾਰ ਵਿੱਚ ਜਾਂਦੇ ਰਹੇ ਹਨ ਪ੍ਰੰਤੂ ਉਨ੍ਹਾਂ ਦੀ ਖ਼ੂਬੀ ਇਹ ਹੈ ਕਿ ਜਦੋਂ ਉਹ ਰਾਜਨੀਤਕ ਲੋਕ ਸਿਆਸੀ ਤਾਕਤ ਵਿਚ ਹੁੰਦੇ ਹਨ ਤਾਂ ਉਨ੍ਹਾਂ ਨੂੰ ਨਰਪਾਲ ਸਿੰਘ ਸ਼ੇਰਗਿਲ ਨੇ ਕਦੀਂ ਵੀ ਪਹੁੰਚ ਨਹੀਂ ਕੀਤੀ। ਉਹ ਹਮੇਸ਼ਾ ਹੀ ਪੰਜਾਬ, ਪੰਜਾਬੀਅਤ ਅਤੇ ਸਿੱਖ ਸਿਧਾਂਤਾਂ ਅਨੁਸਾਰ ਸਮਾਜ ਵਿੱਚ ਵਿਚਰਣ ਦੀ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਹਨ। ਵਾਹਿਗੁਰੂ ਉਨ੍ਹਾਂ ਦੀ ਉਮਰ ਲੰਬੀ ਕਰੇ ਅਤੇ ਸਿਹਤਮੰਦ ਰੱਖੇ ਤਾਂ ਜੋ ਉਹ ਇਸੇ ਤਰ੍ਹਾਂ ਸਿੱਖ ਅਤੇ ਪੰਜਾਬੀ ਸੰਸਾਰ ਦੀ ਸੇਵਾ ਕਰਦੇ ਰਹਿਣ।



ਉਜਾਗਰ ਸਿੰਘ
91-94178 13072

## ਸਿਤਾਰੇ ਕਹਿਣ ਕੋਰੋਨਾ ਵੈਕਸੀਨ ਸਬੰਧੀ ਇਹ ਗੱਲਾਂ - ਅੰਮ੍ਰਿਤ ਪਵਾਰ



**ਮਿਸ ਪੂਜਾ**

ਕਦੇ ਆਲੂ ਬਿਨ ਸਬਜੀ ਦੋਗਾਣਾ ਮਿਸ ਪੂਜਾ ਬਿਨ ਨਹੀਂ ਦੀ ਗੱਲ ਮਸ਼ਹੂਰ ਸੀ ਤੇ ਮਿਸ ਪੂਜਾ ਨੇ ਕੋਰੋਨਾ ਦਾ ਟੀਕਾ ਲੁਆਇਆ ਹੈ । ਆਪਾਂ ਜੇ ਸਿਹਤਯਾਬ ਰਹਿਣਾ ਹੈ ਤਾਂ ਸਾਰੇ ਇਹ ਟੀਕਾ ਲੁਆਉਣ ਮਿਸ ਪੂਜਾ ਨੇ ਕਿਹਾ। ਅੱਜ ਕੱਲ ਯੁ.ਐਸ.ਏ ਹੈ ਪੂਜਾ ।

**ਗੁਰਪ੍ਰੀਤ ਘੁੱਗੀ**

ਦਵਾ-ਦਾਰੂ ਬਿਨ ਗੁਜ਼ਾਰਾ ਨਹੀਂ ਅਜੋਕੇ ਸਮੇਂ ਦੋਰਾਨ ਤੇ ਮਹਾਂਮਾਰੀ ਦਾ ਇਲਾਜ ਪ੍ਰਹੇਜ ਤੇ ਨਾਲ ਵਿਗਿਆਨੀਆ ਵੱਲੋਂ ਤਿਆਰ ਦਵਾ ਯਾਨੀ ਟੀਕਾ ਹੈ । ਘੁੱਗੀ ਭਾਜੀ ਆਖਦੇ ਨੇ ਕਿ ਤਾਕਤ ਦਾ ਟੀਕਾ ਸਮਝ ਤੁਸੀਂ ਐਹ ਟੀਕਾ ਲੁਆ ਲਵੋ, ਬਿਮਾਰੀ ਦੂਰ।

**ਪੂਨਮ ਕਾਜਲ**

'ਰੰਗ ਬਰੰਗੀ' ਸੀਰੀਜ ਦੇ ਹੀਰੋ ਸੰਦੀਪ ਭੁੱਲਰ ਨਾਲ ਮੁੱਖ ਹੀਰੋਇਨ ਬਣਨ ਦੀ ਚਾਹਵਾਨ ਪੂਨਮ ਕਾਜਲ ਨੇ ਕਿਹਾ ਕਿ ਟੀਕੇ ਸਬੰਧੀ ਅਫਵਾਹਾਂ ਤੇ ਬਿਆਨ ਨਹੀਂ ਬਲਕਿ ਸਰਕਾਰ ਦੇ ਨਾਲ ਆਪਣੇ ਡਾਕਟਰਾਂ ਤੇ ਵਿਸ਼ਵਾਸ਼ ਕਰੋ । ਟੀਕਾ ਹੀ ਕਰੋਨਾ ਨੂੰ ਕਿਲ ਕਰਦਾ ਹੈ ।

**ਗੁਰਵਿੰਦਰ ਕੰਬੋਜ**

ਸਰਕਾਰ ਸਾਰੇ ਕਿਸਾਨ ਜੋ ਬਾਰਡਰ ਤੇ ਹਨ ਲਈ ਵਿਸ਼ੇਸ਼ ਟੀਕਾ ਕਰਣ ਲਹਿਰ ਚਲਾਏ। ਆਪਾਂ ਵੀ ਪਿੰਡ ਪੱਧਰ ਤੇ ਯੋਗ ਵਿਅਕਤੀਆਂ ਲਈ ਇਸਦਾ ਪ੍ਰਬੰਧ ਕਰੀਏ । ਨੌਜਵਾਨ ਟੀਕਾ ਕਰਣ ਲਈ ਲੋਕਾਂ 'ਚ ਅਥਾਹ ਵਿਸਵਾਸ਼ ਭਰ ਸਕਦੇ ਹਨ।

**ਸ਼ਰਨ ਕੌਰ**

ਸਵੈ ਜਥੇਬੰਦੀਆਂ, ਸਭਾਵਾਂ ਤੇ ਹੋਰ ਸਮਾਜ ਸੇਵੀ ਆਪ ਹੋਰ ਕਾਰਜਾਂ ਦੀ ਤਰਾਂ ਟੀਕਾਕਰਣ ਲਈ ਯੋਗਦਾਨ ਦੇਣ । ਪੰਜਾਬ ਨੂੰ ਕੋਰੋਨਾ ਮੁਕਤ ਕਰਨਾ ਹੈ । ਕੋਰੋਨਾਂ ਤੋਂ ਡਰਨਾ ਨਹੀਂ ਹੈ, ਕੋਰੋਨਾ ਦੇ ਨਾਲ ਟੀਕੇ ਨਾਲ ਲੜਨਾ ਹੈ ।

**ਰਣਜੀਤ ਬਾਵਾ**

ਪੰਜਾਬ 'ਚ ਕੋਰੋਨਾ ਦਾ ਖਾਤਮਾ ਹਰ ਕਿਸੇ ਦੇ ਸਹਿਯੋਗ ਨਾਲ ਹੀ ਹੋ ਸਕਦਾ ਹੈ । ਸਰਕਾਰ ਨੂੰ ਮਜ਼ਬੂਰ ਕਰੋ ਕਿ ਸਾਡਾ ਪਿੰਡ, ਸ਼ਹਿਰ, ਕਸਬਾ, ਇਥੇ ਟੀਕੇ ਹਰ ਸਮੇਂ ਮੌਜ਼ੂਦ ਰਹਿਣ ।

ਲੋਕਾਂ ਦੇ ਹੋਸ਼ਿਆਰ ਰਹਿਣ ਨਾਲ ਟੀਕਾ ਸਭ ਲਈ, ਟੀਕਾ ਹੈ ਵਰਦਾਨ, ਭਾਰਤ ਮਹਾਨ ਕਹਿਣਾ ਪਏਗਾ ।








# ਸਕੂਲ ਮੁੱਖੀ ਦੀਆਂ ਜ਼ਿੰਮੇਵਾਰੀਆਂ ਅਤੇ ਨਵੇਂ ਸਕੂਲ ਮੁੱਖੀ



ਮੇਜਰ ਸਿੰਘ ਨਾਭਾ
91-94635-53962

ਪਿਛਲੇ ਸਾਲ ਤੋਂ ਕੋਰੋਨਾ ਦੇ ਛਾਏ ਹੇਠ ਸਕੂਲੀ ਸਿੱਖਿਆ ਦਾ ਹਾਲ ਬੱਚਿਆਂ ਦੇ ਭੱਵਿਖ ਲਈ ਕੋਈ ਵਧੀਆ ਨਹੀਂ ਦਿੱਸਦਾ।ਸਿੱਖਿਆ ਵਿਭਾਗ ਵਲੋਂ ਖਾਨਾ ਪੂਰਤੀ ਲਈ ਸਭ ਹੱਥ ਕੰਡੇ ਵਰਤ ਕੇ ਸਕੂਲ ਮੁੱਖੀਆਂ,ਅਧਿਆਪਕਾਂ ਅਤੇ ਬੱਚਿਆਂ ਨੂੰ ਆਨ ਲਾਈਨ ਅਤੇ ਸਕੂਲ ਬੁਲਾ ਕੇ ਪੜ੍ਹਾਉਣ ਦੇ ਯਤਨ ਕੀਤੇ ਗਏ ਹਨ, ਜਿਸ ਸਦਕਾ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਵਲੋਂ ਅਵਾਰਡ ਦਿੱਤਾ ਗਿਆ ।ਇਸ ਲਈ ਸਕੂਲ ਮੁੱਖੀਆਂ ਦਾ ਅਹਿਮ ਰੋਲ ਹੈ ।ਸਿੱਖਿਆ ਵਿਭਾਗ ਵਿੱਚ ਸੁਧਾਰਾਂ ਨੂੰ ਲੈ ਕੇ ਪਿਛਲੇ ਸਮੇਂ ਤੋਂ ਨਵੇਂ ਨਵੇਂ ਤਜ਼ਰਬੇ ਕੀਤੇ ਜਾ ਰਹੇ ਹਨ।ਜਦੋਂ ਕਿਸੇ ਵਿਭਾਗ ਦਾ ਮੁੱਖੀ ਇਮਾਨਦਾਰ ਕੁਸ਼ਲ ਪ੍ਰਬੰਧਕ ਆ ਜਾਵੇ ਤਾਂ ਬਹੁਤ ਸਾਰੇ ਮਸਲੇ ਆਪਣੇ ਆਪ ਹੱਲ ਹੋ ਜਾਂਦੇ ਹਨ।ਸਕੂਲ ਪੱਧਰ ਦੀ ਗੱਲ ਕਰੀਏ ਤਾਂ ਸਕੂਲ ਮੁੱਖੀ ਦੀਆਂ ਜ਼ਿੰਮੇਵਾਰੀਆਂ ਵੀ ਘੱਟ ਨਹੀਂ ।ਸਕੂਲ ਦੇ ਸਾਰੇ ਸਟਾਫ ਨੂੰ ਜਿਹੜਾ ਸਕੂਲ ਮੁੱਖੀ ਆਪਣੇ ਨਾਲ ਲੈ ਕੇ ਚਲਦਾ ਹੈ ਉਹ ਸਕੂਲ ਦੇ ਸਟਾਫ ਨੂੰ ਵਧੀਆ ਮਾਹੌਲ ਦੇ ਸਕਦਾ ਹੈ। ਬਹੁਤੇ ਸਕੂਲ ਮੁੱਖੀ ਸਾਰੇ ਸਟਾਫ ਨੂੰ ਹਰ ਪੱਖੋਂ ਸੰਤੁਸ਼ਟ ਕਰਨ 'ਚ ਅਸਫਲ ਰਹਿੰਦੇ ਹਨ ਜਿਸ ਨਾਲ ਸਕੂਲ ਦੇ ਪ੍ਰਬੰਧ ਨੂੰ ਸਹੀ ਢੰਗ ਨਾਲ ਚਲਾਉਣਾ ਮੁਸ਼ਕਲ ਹੋ ਜਾਂਦਾ ਹੈ।ਕਈ ਸਕੂਲ ਮੁੱਖੀ ਅਧਿਆਪਕਾਂ ਨਾਲ ਬੋਲ ਕਬੋਲ ਬੋਲਦੇ ਇਥੋਂ ਤੱਕ ਕਿ ਹੱਥੋਪਾਈ ਹੁੰਦੇ ਵੀ ਚਰਚਾ 'ਚ ਆਏ ਹਨ।ਸਕੂਲ ਮੁੱਖੀ ਨੂੰ ਇਸ ਹੱਦ ਤੱਕ ਜਾਣਾ ਸ਼ੋਭਦਾ ਨਹੀਂ।ਕਈ ਸਕੂ.ਲ ਮੁੱਖੀ ਨਵੇਂ ਸਕੂ.ਲ 'ਚ ਆਉਂਦੇ ਹੀ ਸਟਾਫ ਵਿੱਚ ਆਪਸੀ ਖਿੱਚੋਤਾਣ ਪੈਦਾ ਕਰਕੇ ਗਰੁੱਪ ਬਣਾਉਣ ਦੀ ਕੋਸ਼ਿਸ਼ ਕਰਦੇ ਹਨ,ਜਿਸ ਨਾਲ ਸਕੂ.ਲ ਦਾ ਮਾਹੌ.ਲ ਆਸੁਖਾਵਾਂ ਹੋ ਜਾਂਦਾ ਹੈ। ਅਕੁਸ਼ਲ ਪ੍ਰਬੰਧਕ ਸਕੂਲ ਮੁੱਖੀ ਹਮੇਸ਼ਾਂ ਕੁਰਸੀ ਤੇ ਬੈਠ ਕੇ ਆਂਪਣੇ ਕੁਝ ਨਜਦੀਕੀ ਅਧਿਆਪਕਾਂ ਨਾਲ ਕੋਈ ਨਾ ਕੋਈ ਘੁੰਣਤਰ ਕੱਢਦੇ ਰਹਿੰਦੇ ਨੇ,ਜਿਸ ਨਾਲ ਕਿਸੇ ਵਿਸ਼ੇਸ਼ ਅਧਿਆਪਕ ਨੂੰ ਕਿਸੇ ਤਰ੍ਹਾਂ ਵੀ ਪ੍ਰੇਸ਼ਾਨ ਕੀਤਾ ਜਾ ਸਕੇ।ਜਿਹੜੇ ਸਕੂਲ ਮੁੱਖੀ ਸਵੇਰ ਦੀ ਸਭਾ 'ਚ ਨਹੀਂ ਜਾਂਦੇ ਅਸਲ 'ਚ ਉਹ ਇਸ ਕੁਰਸੀ ਦੇ ਬੈਠਣ ਦੇ ਯੋਗ ਹੀ ਨਹੀਂ ਹੁੰਦੇ।ਸਵੇਰ ਦੀ ਸਭਾ ਸਾਰੇ ਕੰਮ ਛੱਡ ਕੇ ਸਵੇਰੇ ਬੱਚਿਆਂ ਨਾਲ ਕੁਝ ਨਾ ਕੁਝ ਸਾਂਝਾ ਕਰਨਾ ਸਕੂਲ ਮੁੱਖੀ ਲਈ ਮਹੱਤਵਪੂਰਨ ਹੈ।ਸਮਾਜ ਦੇ ਅੰਦਰ ਅਨੇਕਾਂ ਅਣਛੋਹੇ ਵਿਸ਼ੇ ਹਨ ਜੋ ਕਿ ਕਿਤਾਬੀ ਗਿਆਨ ਦੇ ਦਾਇਰੇ ਤੋਂ ਬਾਹਰ ਹਨ, ਪਰ ਬੱਚਿਆਂ ਲਈ ਬਹੁਤ ਲਾਹੇਵੰਦ ਹੁੰਦੇ ਹਨ,ਜਿਨ੍ਹਾਂ ਦਾ ਸਕੂਲ ਮੁੱਖੀ ਵਲੋਂ ਸਕੂਲੀ ਬੱਚਿਆਂ ਸਾਹ-ਮਣੇ ਜ਼ਿਕਰ ਕਰਨਾ ਸਮੇਂ ਦੀ ਮੁੱਖ ਲੋੜ ਹੈ।ਕਈ ਸਕੂਲ ਮੁੱਖੀ ਉਂਝ ਤਾਂ ਸਵੇਰ ਦੀ ਸਭਾ 'ਚ ਆਉਂਦੇ ਨਹੀਂ ਪਰ ਜੇਕਰ ਆ ਜਾਂਦੇ ਨੇ ਤਾਂ ਉਨ੍ਹਾਂ ਬੱਚਿਆਂ ਸਾਹਮਣੇ ਬੋਲਦੇ ਹੋਏ ਸ਼ਬਦਾਵਲੀ ਬੋਲਣ ਦੀ ਸੋਝੀ ਨਹੀਂ ਹੁੰਦੀ।ਕਈ ਵਾਰੀ ਬੱਚਿਆਂ ਸਾਹਮਣੇ ਅਧਿਆਪਕਾਂ ਦੀ ਗੱ.ਲਾਂ ਗੱਲਾਂ 'ਚ ਬੇਇਜ਼ਤੀ ਕਰ ਦਿੰਦੇ ਹਨ,ਕੋਈ ਅਨੁਸ਼ਾਸ਼ਨ ਦੀ ਗੱਲ ਹੋਵੇ ਅਧਿਆਪਕਾਂ ਨੂੰ ਸੁਣਾ ਦੇਣਾ।ਪਰ ਸਕੂਲ ਮੁੱਖੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਰੇ ਸਕੂ.ਲ ਦੇ ਅਨੁਸ਼ਾਸ਼ਨ ਲਈ ਉਹ ਹੀ ਜ਼ਿੰਮੇਵਾਰ ਹੈ,ਅਧਿਆਪਕਾਂ ਦਾ ਵੱਧ ਤੋਂ ਵੱਧ ਸਹਿਯੋਗ ਲੈਣਾ ਉਸ ਦੀ ਕਾਬਲੀਅਤ ਤੇ ਨਿਰਭਰ ਕਰਦਾ ਹੈ।

ਕਈ ਸਕੂਲ ਮੁੱਖੀ ਬਹੁਤ ਸਿਆਣਪ ਨਾਲ ਸਾਰੇ ਸਟਾਫ ਨੂੰ ਨਾਲ ਲੈ ਕੇ ਸਕੂਲ ਦੀ ਬਿਹਤਰੀ ਲਈ ਸਾਰੇ ਕੰਮ ਸਮੇਂ ਸਿਰ ਕਰਦੇ ਹਨ।ਕੰਮ ਕਰਾਉਣ ਲਈ ਆਪ ਪਹਿਲਾਂ ਸ਼ੁ-ਰੂਆਤ ਕਰਨੀ ਪੈਂਦੀ ਹੈ।ਕੁਰਸੀ ਦਾ ਰੋਹਬ ਹਰ ਥਾਂ ਨਹੀਂ ਚਲਦਾ । ਕੁਰਸੀ ਦਾ ਸਤਿਕਾਰ ਕਰਾਉਣਾ ਵੀ ਆਪਣੇ ਹੱਥ ਹੁੰਦਾ ਹੈ।ਹੁਣੇ ਨਵੀਂ ਭਰਤੀ 'ਚ ਨਵੇਂ ਮੁਖ ਅਧਿਆਪਕ ਭਾਵੇਂ ਛੋਟੀ ਉਮਰੇ ਇਸ ਕੁਰਸੀ ਤੇ ਬੈਠੇ ਹਨ,ਪਰ ਉਨ੍ਹਾਂ ਅੰਦਰ ਸਕੂਲ ਪ੍ਰਤੀ ਹਰ ਕੰਮ ਜ਼ਿੰਮੇਵਾਰੀ ਨਾਲ ਕਰਨ ਦਾ ਜੋਸ਼ ਭਰਿਆ ਹੈ ।ਮੇਰੇ ਸੰਪਰਕ 'ਚ ਬਹੁਤ ਸਾਰੇ ਇਹੋ ਜਿਹੇ ਸਕੂਲ ਮੁੱਖੀ ਹਨ। ਸਕੂਲ ਮੁੱਖੀ ਕੰਪਿਊਟਰ ਅਧਿਆਪਕ ਵੀ ਬਣਨਾ ਚਾਹੀਦਾ ਇਹ ਮੇਰੀ ਸੋਚ ਸੀ ਕਿਉਂ ਕਿ ਸਕੂਲ ਦੇ ਕਲੈਰੀਕਲ ਕੰਮ ,ਆਨ-ਲਾਈਨ ਡਾਕ ਵਗੈਰਾ ਬਹੁਤ ਕੰਮ ਨੇ ਜਿਹੜੇ ਇਹ ਵਧੀਆ ਤਰੀਕੇ ਕਰ ਸਕਦੇ ਹਨ ,ਇਸ ਤਰ੍ਹਾਂ ਅਧਿਆਪਕਾਂ ਤੋਂ ਜਿਵੇਂ ਇਹ ਵਾਧੂ ਕੰਮ ਸਕੂਲ ਮੁੱਖੀ ਕਰਵਾਉਂਦੇ ਹਨ ,ਇਸ ਨਾਲ ਬੱਚਿਆਂ ਦੀ ਪੜ੍ਹਾਈ ਜਰੂਰ ਪ੍ਰਭਾਵਿਤ ਹੁੰਦੀ ਹੈ,ਉਹ ਨਹੀਂ ਹੋਵੇਗੀ।ਮੇਰੇ ਕੁਲੀਗ ਰਹਿ ਚੁੱਕੇ ਕੁਲਵੀਰ ਸ਼ਿੰਘ ਸ.ਸ.ਮਾਸਟਰ ਦੇ ਮੁੱਖ ਅਧਿਆਪਕ ਬਣਨ ਤੋਂ ਪਹਿਲਾਂ ਹੀ ਸਕੂਲ ਅਤੇ ਬੱਚਿਆ ਦੀ ਬਿਹਤਰੀ ਲਈ ਉਤਸ਼ਾਹ ਸੀ

ਕਈ ਸਕੂਲ ਮੁੱਖੀ ਪਿੰਡ ਵਾਲਿਆਂ ਨਾਲ ਕੋਈ ਨਾ ਕੋਈ ਮਸਲੇ 'ਚ ਆਮ ਤੌਰ ਤੇ ਆਪਣੀ ਬੋਲਚਾਲ ਕਾਰਨ ਹੀ ਉਲਝੇ ਰਹਿੰਦੇ ਹਨ। ਵਿਗੜਦੇ ਹਾਲਾਤਾਂ ਨੂੰ ਕਾਬੂ ਕਰ ਲੈਣਾ ਹੀ ਇੱਕ ਸਿਆਣੇ ਸਕੂਲ ਮੁੱਖੀ ਲਈ ਅਕਲਮੰਦੀ ਦਾ ਸਬੂਤ ਹੁੰਦਾ ਹੈ।ਕਈ ਸਕੂਲ ਮੁੱਖੀ ਚਰਿੱਤਰ ਪੱਖੋਂ ਗਿਰੇ ਹੁੰਦੇ ਹਨ, ਇਹੋ ਜਿਹੇ ਕੇਸ ਕਈ ਵਾਰੀ ਮੇਲ ਅਤੇ ਫੀਮੇਲ ਸਕੂਲ ਮੁੱਖੀਆਂ ਦੇ ਸ਼ੋਸ਼ਲ ਮੀਡੀਆ ਤੇ ਵਾਇਰਲ ਹੋ ਚੁੱਕੇ ਹਨ ਜੋ ਕਿ ਬੜੇ ਹੀ ਸ਼ਰਮ ਦੀ ਗੱਲ ਹੈ।ਅਕਸਰ ਆਈਆਂ ਗਰਾਂਟਾਂ 'ਚੋਂ ਕਈ ਮਾੜੀ ਸੋਚ ਵਾਲੇ ਸਕੂਲ ਮੁੱਖੀ ਪੈਸੇ ਖਾਣ ਦੇ ਚੱਕਰਾਂ ਕਾਰਨ ਇਨਕੁਆਰੀਆਂ 'ਚ ਫਸੇ ਹੋਏ ਹਨ।

ਕਈ ਸਕੂਲ ਮੁੱਖੀ ਸਿਰਫ ਤੇ ਸਿਰਫ ਕੁਰਸੀ ਤੇ ਬੈਠ ਕੇ ਡਾਕ ਵਗੈਰਾ ਤੇ ਸ਼ਾਈਨ ਕਰਨ ਤੱਕ ਹੀ ਸੀਮਤ ਰਹਿੰਦੇ ਹਨ।ਕਿਸੇ ਅਧਿਆਪਕ ਦਾ ਜੇਕਰ ਕੋਈ ਬਕਾਇਆ ਕਢਾਉਣਾ ਹੁੰਦਾ ਉਸ ਨੂੰ ਸਕੂਲ ਮੁੱਖੀ ਵਲੋਂ ਸਮੇਂ ਸਿਰ ਨਾ ਕਢਾਉਣਾ ਨ ਲਾਇਕੀ ਅਤੇ ਅਕੁਸ਼ਲਤਾ ਦਾ ਸਬੂਤ ਤਾਂ ਹੈ ਹੀ, ਸਗੋਂ ਆਪਣੇ ਹੀ ਸਾਥੀ ਦਾ ਵਿੱਤੀ ਨੁਕਸਾਨ ਕਰਨ ਲਈ ਵੀ ਜ਼ਿੰਮੇਵਾਰ ਹੋਵੇਗਾ।ਕਈ ਤਾਂ ਸਕੂਲ ਦਾ ਦਿਨ ਵਿੱਚ ਇੱਕ ਗੇੜਾ ਵੀ ਨਹੀਂ ਲਾਉਂਦੇ। ਇਸੇ ਤਰ੍ਹਾਂ ਕਈ ਸਕੂਲ ਮੁੱਖੀ ਆਪਣੀਆਂ ਮਿਲੀਆਂ ਸ਼ਕਤੀਆਂ ਨਾਲ ਵੀ ਕਿਸੇ ਦਾ ਭਲਾ ਨਹੀਂ ਕਰ ਸਕਦੇ। ਅਧਿਆਪਕਾਂ ਦੇ ਏ.ਸੀ.ਪੀ. ਕੇਸ, ਪਰਖ ਸਮਾਂ, ਕਨਫਰਮੇਸ਼ਨ ਕੇਸ ਆਦਿ ਸਕੂਲ ਪੱਧਰ ਤੇ ਨਿਪਟਾਰਾ ਕਰਨ ਲਈ ਸਕੂਲ ਮੁੱਖੀਆਂ ਨੂੰ ਸ਼ਕਤੀਆਂ ਦੇ ਦਿੱਤੀਆਂ ਗਈਆਂ ਹਨ ਪਰ ਕਈ ਕਲਰਕ ਅਤੇ ਸਕੂਲ ਮੁੱਖੀ ਇਹੋ ਜਿਹੇ ਕੇਸਾਂ ਨੂੰ ਕਰ ਕੇ ਰਾਜ਼ੀ ਹੀ ਨਹੀਂ,ਜਾਣਬੁਝ ਕੇ ਲਟਕਾਬਾਜ਼ੀ ਤਾਂ ਕਰਦੇ ਹੀ ਹਨ ਸਗੋਂ ਲਾਰੇ ਵੀ ਲਾਉਂਦੇ ਹਨ।ਇਸ ਤਰ੍ਹਾਂ ਇਨ੍ਹਾਂ ਦਾ ਕੁਝ ਸੰਭਰਦਾ ਨਹੀਂ ਪਰ ਸਬੰਧਤਾਂ ਦਾ ਜਰੂਰ ਨੁਕਸਾਨ ਹੁੰਦਾ ਹੈ। ਇਨ੍ਹਾਂ ਘਟੀਆ ਸੋਚ ਵਾਲੇ ਲੋਕਾਂ ਤੋਂ ਮੁਫਤ ਦੀ ਸਾਬਾਸ਼ ਨਹੀਂ ਲੈ ਹੁੰਦੀ।

ਕਈ ਸਕੂਲ ਮੁੱਖੀ ਆਮ ਤੌਰ ਤੇ ਉਪਰੋਂ ਆਈਆਂ ਹਦਾਇਤਾਂ ਨੂੰ ਬਹੁਤਾ ਗੌਲਦੇ ਨਹੀਂ ।ਇਸ ਕਰਕੇ ਹੀ ਸਮੇਂ ਸਿਰ ਕੰਮ ਨਿਪਟਾਉਣ 'ਚ ਦੇਰੀ ਹੁੰਦੀ ਹੈ।ਕਿਸੇ ਵੀ ਸੇਵਾ ਮੁਕਤ ਹੋਣ ਵਾਲੇ ਕਰਮਚਾਰੀ ਦੇ ਸਾਰੇ ਕੰਮ ਇੱਕ ਕੁਸ਼ਲ ਸਕੂਲ ਮੁੱਖੀ ਸਮੇਂ ਸਿਰ ਪਹਿਲ ਦੇ ਆਧਾਰ ਤੇ ਆਪਣੀ ਜ਼ਿੰਮੇਵਾਰੀ ਸਮਝ ਕੇ ਕਰਦਾ ਹੈ,ਕਿਉਂ ਕਿ ਇਹ ਕੰਮ ਕਰਨੇ ਤਾਂ ਪੈਣੇ ਹੀ ਹਨ ਤਾਂ ਫੇਰ ਲੇਟ ਕਿਉਂ ਕੀਤਾ ਜਾਵੇ।ਕਈ ਸਕੂਲ ਮੁੱਖੀਆਂ ਨੂੰ ਤਾਂ ਕਾ-ਬਲੀਅਤ ਦੀ ਘਾਟ ਕਾਰਨ ਇਹ ਵੀ ਨਹੀਂ ਪਤਾ ਹੁੰਦਾ ਕਿ ਸੇਵਾ ਮੁਕਤ ਕਰਮਚਾਰੀ ਦੀਆਂ ਕਿਹੜੀਆਂ ਅਦਾਇਗੀਆਂ ਕਰਨੀਆਂ ਹੁੰਦੀਆਂ ਹਨ।ਇਹੋ ਜਿਹੇ ਸਕੂਲ ਮੁੱਖੀ ਨੂੰ ਕਲਰਕ ਕੋਈ ਰਾਹ ਥਹੁ ਨਹੀਂ ਦਿੰਦੇ।ਸਰਕਾਰ ਤਾਂ ਮੁਲਾਜ਼ਮਾਂ ਨੂੰ ਕੁਝ ਦੇਕੇ ਉਂਝ ਹੀ ਰਾਜ਼ੀ ਨਹੀਂ , ਇਥੇ ਤਾਂ ਆਪਣੇ ਆਪਣਿਆਂ ਦਾ ਹੀ ਲੇਟ ਅਦ-ਾਇਗੀਆਂ ਕਰਕੇ ਵਿੱਤੀ ਨੁਕਸਾਨ ਕਰਦੇ ਹਨ।ਸੇਵਾ ਮੁਕਤੀ ਤੋਂ ਪਹਿਲਾਂ ਹੀ ਸਾਰੇ ਬਿਲ ਸਕੂਲ ਵਲੋਂ ਤਿਆਰ ਕਰਕੇ ਪਹਿਲੇ ਹਫਤੇ ਹੀ ਕਿਉਂ ਨਹੀਂ ਖਜ਼ਾਨੇ ਜਾਂਦੇ ?

ਕਈ ਕਈ ਮਹੀਨੇ ਲੇਟ ਵੈਸੇ ਹੀ ਬਿਲ ਬਣਾ ਕੇ ਲੇਟ ਭੇਜਣੇ ਨਲਾਇਕੀ ਦੀ ਹੀ ਨਿਸ਼ਾਨੀ ਤਾਂ ਹੈ।ਸਿੱਖਿਆ ਵਿਭਾਗ ਵਲੋਂ ਹਰੇਕ ਸੇਵਾ ਮੁਕਤ ਕਰਮਚਾਰੀ ਦੇ ਪੈਨਸਨ ਕੇਸ ਅਤੇ ਸਾਰੇ ਬਿਲਾਂ ਦੇ ਭੇਜਣ ਦੀ ਸੂਚਨਾ ਮੰਗੀ ਜਾਣੀ ਚਾਹੀਦੀ ਹੈ ਤਾਂ ਕਿ ਸੁਸਤ ਸਕੂਲ ਮੁੱਖੀ ਵੀ ਫੁਰਤੀਲੇ ਬਣ ਕੇ ਕੰਮ ਕਰਨ।ਹਾਲਾਂ ਕਿ ਸਕੂ.ਲ ਮੁੱਖੀਆਂ ਨੂੰ ਸਮੇਂ ਸਮੇਂ ਸਿਰ ਮਹਿਕਮੇ ਵਲੋਂ ਇੰਟਰਨੈਟ ਜ਼ਰੀਏ ਜਾਂ ਜਿਲ੍ਹਾ /ਸਟੇਟ ਪੱਧਰ ਤੇ ਬੁਲਾ ਕੇ ਸਾਰੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਸਕੂਲ ਮੁੱਖੀ ਕਲੈਰੀਕਲ ਕੰਮ ਬਾਰੇ ਪੂਰਾ ਗਿਆਨ ਰੱਖਦਾ ਹੋਵੇ ਤਾਂ ਹੀ ਉਹ ਠੀਕ ਢੰਗ ਨਾਲ ਸਕੂਲ ਚਲਾ ਸਕਦਾ ਹੈ । ਸਮੇਂ ਸਿਰ ਨਾ ਕੰਮ ਵਾਲਿਆਂ ਨੂੰ ਰਿਵਰਟ ਕਰਨ ਦਾ ਸਿਕੰਜ਼ਾ ਕੱਸਿਆ ਜਾਵੇ।ਕਈ ਸਕੂਲ ਮੁੱਖੀ ਮਹਿਕਮੇ ਦੀਆਂ ਹਦਾਇਤਾਂ ਨੂੰ ਟਿੱਚ ਸਮਝਦੇ ਹੋਏ ਬਣਦੀਆਂ ਕੁਝ ਘੰਟੀਆਂ ਲੈਣ ਤੋਂ ਵੀ ਕੰਨੀ ਕਤਰਾਉਂਦੇ ਹਨ ਸਗੋਂ ਆਪਣੀਆਂ ਘੰਟੀਆਂ ਟਾਈਮ-ਟੇਬਲ 'ਚ ਤਾਂ ਆਪਣੇ ਨਾਮ ਪਵਾ ਲੈਂਦੇ ਹਨ ਪਰ ਅਸਲ 'ਚ ਕਿਸੇ ਹੋਰ ਅਧਿਆਪਕ ਨੂੰ ਕਲਾਸਾਂ ਪੜ੍ਹਾਉਣ ਲਈ ਅਡਜਸਟਮੈਂਟ ਕਰਕੇ ਬੱਚਿਆਂ ਦਾ ਨੁਕਸਾਨ ਕਰਦੇ ਹਨ।ਮਹਿਕਮੇ ਨੂੰ ਇਸ ਸਬੰਧੀ ਵੀ ਤਾੜ੍ਹਨਾ ਕਰਨੀ ਚਾਹੀਦੀ ਹੈ। ਸਕੂਲ ਮੁੱਖੀ ਸਾਰੇ ਵਿਸ਼ਿਆਂ ਦੀ ਅਹਿ-ਮੀਅਤ ਨੂੰ ਸਮਝਣ ਵਾਲਾ ਹੋਵੇ,ਗਰੇਡਾਂ ਵਾਲੇ ਵਿਸ਼ਿਆਂ ਨੂੰ ਵੀ ਦੂਜੇ ਵਿਸ਼ਿਆਂ ਵਾਂਗ ਪ੍ਰੋਮੋਟ ਕਰਨਾ ਵਾਲਾ ਹੋਵੇ।

ਕਈ ਸਕੂਲ ਮੁੱਖੀ ਛੋਟੇ ਮੋਟੇ ਖਰਚਿਆਂ ਲਈ ਆਪਣੀ ਜੇਬ 'ਚੋਂ ਖਰਚ ਕਰਨ ਦੀ ਪ੍ਰਵਾਹ ਨਹੀਂ ਕਰਦੇ,ਕਈ ਇਹੋ ਜਿਹੇ ਹੁੰਦੇ ਹਨ ਜੋ ਦਸ ਰੁਪਏ ਵੀ ਕਿਸੇ ਨਾ ਕਿਸੇ ਅਧਿਆਪਕ ਨੂੰ ਖਰਚ ਕਰਨ ਲਈ ਕਹਿੰਦੇ ਹਨ।ਇਸ ਤਰ੍ਹਾਂ ਸਕੂਲ ਮੁੱਖੀ ਦਾ ਸਟਾਫ 'ਚ ਸਤਿਕਾਰ ਘੱਟਦਾ ਹੈ,ਭਾਵੇਂ ਕਿ ਕੋਈ ਵੀ ਜਵਾਬ ਨਹੀਂ ਦਿੰਦਾ ।ਹੁਣ ਦਸ ਰੁਪਏ ਕਹਿੜਾ ਮੰਗਦਾ ? ਹਰ ਕੋਈ ਖਰਚ ਐਡਵਾਂਸ਼ ਪੇਮੈਂਟਾਂ ਦੇਣ ਲਈ ਸਕੂਲ ਮੁੱਖੀ ਨੂੰ ਜੇਬ 'ਚੋਂ ਖਰਚਨੇ ਚਾਹੀਦੇ ਹਨ ਜਦੋਂ ਕਿ ਪੇਮੈਂਟ ਤਾਂ ਕਿਸੇ ਨਾ ਕਿਸੇ ਫੰਡ 'ਚੋਂ ਹੋਣੀ ਹੀ ਹੁੰਦੀ ਹੈ।

ਸਕੂਲ ਮੁੱਖੀ ਸਰੀਰਕ ਤੌਰ ਤੇ ਫਿੱਟ ਫੁਰਤੀਲਾ ਹੋਣਾ ਚਾਹੀਦਾ ਹੈ ਜੋ ਕਿ ਸਾਰੇ ਸਕੂਲ ਅੰਦਰ ਸਮੇਂ ਸਮੇਂ ਸਿਰ ਕਲਾਸਾਂ ਦਾ ਨਿਰੀਖਣ ਕਰਦਾ ਰਹੇ।ਉਸ ਨੂੰ ਸਕੂਲ ਦੀ ਬਿ-ਲਡਿੰਗ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ,ਕਿਸੇ ਵੀ ਘਾਟ,ਟੁੱਟ-ਮੁਰੰਮਤ ਨੂੰ ਨਾਲੋ ਨਾਲ ਕਰਾਉਣਾ ਚਾਹੀਦਾ ਹੈ।ਕਈ ਸਕੂਲ ਮੁੱਖੀ ਮਾਨਸਿਕ ਅਤੇ ਸਰੀਰਕ ਤੌਰ ਤੇ ਤਾਂ ਬਿਮਾਰ ਹੁੰਦੇ ਹਨ, ਸਕੂਲ ਸਮਾਂ ਡੰਗ ਹੀ ਟਪਾਉਂਦੇ ਹਨ ਪਰ ਲਾਲਚ ਵੱਸ ਸੇਵਾ ਮੁਕਤੀ ਤੋਂ ਬਾਅਦ ਵਾਧਾ ਵੀ ਲੈਣ ਨੂੰ ਤਿਆਰ ਹੁੰਦੇ ਹਨ।ਇਹੋ ਜਿਹੀ ਸੋਚ ਵਾਲੇ ਸਕੂਲ ਮੁੱਖੀ ਸਕੂ.ਲ ਦਾ ਮਾਹੌਲ ਖਰਾਬ ਹੀ ਕਰਨਗੇ।ਉਹ ਤਾਂ ਫਰਲੋ ਮਾਰਨ, ਆਨ ਡਿਊਟੀ ਜਾਣ ਦਾ ਬਹਾਨਾ ਬਣਾ ਕੇ ਘਰ ਜਾਣ ਦੀ ਵਿਉਂਤ ਬਣਾਉਂਦੇ ਰਹਿੰਦੇ ਹਨ।ਇੱਕ ਕੁਸ਼ਲ ਸਕੂਲ ਮੁੱਖੀ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਕੂਲ ਨਾਲ ਜੁੜੇ ਸਬੰਧਤਾਂ ਦੀਆਂ ਭਾਵਨਾਵਾਂ ਨੂੰ ਸਮਝਦਾ ਹੋਵੇ,ਇਹ ਨਾ ਹੋਵੇ ਕਿ ਉਸ ਦੇ ਲਏ ਫੈਸਲੇ ਤੇ ਕਿੰਤੂ ਪ੍ਰੰਤੂ ਹੋਵੇ।ਉਹ ਸਕੂਲੀ ਪਰਿਵਾਰ ਦੇ ਹਰ ਦੁੱਖ-ਸੁੱਖ ਦਾ ਭਾਈਵਾਲ ਬਣਦਾ ਹੋਵੇ।

ਬਹੁਤ ਸਤਰੇ ਸਕੂਲਾਂ ਵਿੱਚ ਲੇਡੀ ਸਕੂਲ ਮੁੱਖੀ ਜੈਂਟਸ ਸਕੂ.ਲ ਮੁੱਖੀਆਂ ਤੋਂ ਵੀ ਵਧੀਆ ਅਨੁਸ਼ਾਸ਼ਨ ਰੱਖ ਰਹੇ ਹਨ। ਸ.ਸ.ਸ.ਸ. ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਕੂ.ਲ ਸਮੇਂ ਜਾਣ ਦਾ ਮੌਕਾ ਮਿਲਿਆਂ ਤਾਂ ਸਕੂ.ਲ ਵਿੱਚ ਕੋਈ ਬੱਚਾ ਕਲਾਸ ਤੋਂ ਬਾਹਰ ਨਹੀਂ ਮਿਲਿਆ ਨਾਹੀ ਕੋਈ ਕਿਸੇ ਕਲਾਸ 'ਚੋਂ ਆਵਾਜ਼ ਸੁਣਾਈ ਦਿੱਤੀ ਜਿਵੇਂ ਕਿ ਅਕਸਰ ਬਹੁਤੇ ਸਕੂਲਾਂ 'ਚ ਹੁੰਦਾ।ਪ੍ਰਿੰ-ਸੀਪਲ ਮੈਡਮ ਨੇ ਵਰਾਂਡਿਆਂ 'ਚ ਕੈਮਰੇ ਲਗਾ ਕੇ ਆਪਣੇ ਦਫਤਰ 'ਚੋਂ ਹੀ ਬੱਚਿਆਂ ਦੀਆਂ ਐਕਟੀਵਿਟੀਜ਼ ਨੂੰ ਦੇਖਣ ਦਾ ਪ੍ਰਬੰਧ ਕੀਤਾ ਹੋਇਆ ਹੈ ਜੋ ਕਿ ਅਨੁਸ਼ਾਸ਼ਨ ਰੱਖਣ ਲਈ ਨਿ-ਵੇਕਲਾ ਉਪਰਾਲਾ ਹੈ,ਜਿਸ ਨਾਲ ਬਾਹਰ ਫਿਰਦੇ ਬੱਚਿਆਂ ਨੂੰ ਤੁਰੰਤ ਤਾੜ੍ਹਨਾ ਕੀਤੀ ਜਾਂਦੀ ਹੈ।ਲੱਗਦਾ ਭਵਿੱਖ 'ਚ ਇਨ੍ਹਾਂ ਕੈਮਰਿਆਂ ਨੂੰ ਸਾਰੇ ਸਕੂਲਾਂ 'ਚ ਲਗਾਉਣ ਦੀ ਲੋੜ ਪਵੇਗੀ ਜੋ ਕਿ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ।ਚੰਗਾ ਸਕੂਲ ਮੁੱਖੀ ਹਮੇਸ਼ਾਂ ਸਟਾਫ ਅਤੇ ਪਿੰਡ ਵਾਸੀਆਂ ਨਾਲ ਨਾ ਚਾਹੁੰਦੇ ਹੋਏ ਵੀ ਸ਼ਾਜ਼ਗਾਰ ਸਬੰਧ ਬਣਾ ਕੇ ਰੱਖਣ 'ਚ ਸਕੂਲ ਦਾ ਭਲਾ ਕਰ ਸਕਦਾ ਹੈ।ਬਹੁਤ ਸਾਰੇ ਸਕੂਲ ਮੁੱਖੀ ਸੱਚ ਮੁੱਚ ਕਾਬਿਲੇ-ਤਾਰੀਫ ਕੰਮ ਕਰਦੇ ਹਨ ਜਿਨ੍ਹਾਂ ਤੋਂ ਬਾਕੀਆਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ।ਸਿੱਧੀ ਭਰਤੀ ਰਾਹੀਂ ਨਵੇਂ ਨਿਯੁਕਤ ਹੋਏ ਸਕੂਲ ਭਾਵੇਂ ਤਜ਼ਰਬੇ ਪੱਖੋਂ ਘੱਟ ਪਰਪੱਕ ਹਨ ਪਰ ਬਹੁਤਿਆਂ 'ਚ ਕੰਮ ਕਰਨ ਲਈ ਉਤਸ਼ਾਹ ਦੇਖਿਆ ਗਿਆ ਹੈ। ਪਟਿਆਲਾ ਜਿਲ੍ਹੇ 'ਚ ਕੰਪਿਊਟਰ ਫੈਕਲਟੀ ਤੋਂ ਤਰੱਕੀ ਲੈ ਕੇ ਬਤੌਰ ਮੁੱਖ ਅਧਿਆਪਕਾ ਸ਼੍ਰੀਮਤੀ ਪਰਮਜੀਤ ਕੌਰ ਸ.ਹ.ਸ. ਨਮਾਦਾ ,ਸ.ਹ.ਸ. ਅਗੌਲ ਅਤੇ ਹੁਣ ਬਦਲੀ ਉਪਰੰਤ ਸ.ਹ.ਸ. ਥੂਹੀ ਵਿਖੇ ਬੜੇ ਜਜ਼ਬੇ ਅਤੇ ਉਤਸ਼ਾਹ ਨਾਲ ਤਿੰਨਾਂ ਸਕੂਲਾਂ ਦੀ ਸੇਵਾ ਨਿਭਾ ਰਹੀ ਹੈ, ਉਨ੍ਹਾਂ ਪਿਛਲੇ ਦੋ ਸਕੂਲਾਂ ਦੀ ਥੋੜ੍ਹੇ ਸਮੇਂ 'ਚ ਨੁਹਾਰ ਬਦਲ ਦਿੱਤੀ ਹੈ ਜਦੋਂ ਕਿ ਸੋਨੇ ਤੇ ਸੁਹਾਗੇ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਥੂਹੀ ਵਿਖੇ ਸ੍ਰ. ਹਰਿੰਦਰਪਾਲ ਸਿੰਘ ਗਰੇਵਾਲ ਡੀ.ਪੀ.ਈ. ਨੈਸ਼ਨਲ ਅਤੇ ਸਟੇਟ ਅਵਾਰਡੀ ਅਧਿਆਪਕ ਵੀ ਮਿਲ ਗਿਆ ਹੈ ਜਿਨ੍ਹਾਂ ਪਹਿਲਾਂ ਕਈ ਸਕੂ.ਲਾਂ ਦੀ ਕਾਇਆ ਕਲਪ ਕਰਕੇ ਮਹਿਕਮੇ 'ਚ ਵਿਲੱਖਣ ਥਾਂ ਬਣਾਈ ਹੋਈ ਹੈ ਅਤੇ ਹੁਣ ਇਸ ਸਕੂਲ 'ਚ ਖੇਡਾਂ ਨੂੰ ਪ੍ਰਮੋਟ ਕਰਨ ਲਈ ਸਕੂਲ ਲਈ ਇਨ-ਡੋਰ ਅਤੇ ਹੋਰ ਗਰਾਊਂਡ ਬਣਾਉਣ ਲਈ ਮਹਿਕਮੇ ਅਤੇ ਹੋਰ ਦਾਨੀ ਸਜਣਾਂ ਦੇ ਸਹਿਯੋਗ ਨਾਲ ਬਹੁਤ ਵੱਡਾ ਹੰਭਲਾ ਮਾਰਿਆ ਹੈ, ਸੱਚ ਮੁੱਚ ਸਕੂਲ ਰਾਜ ਦਾ ਵੇਖਣਯੋਗ ਸਕੂਲ ਬਣ ਗਿਆ ਹੈ ਅਤੇ ਹੁਣ ਆਸ ਹੈ ਸਕੂਲ ਮੁੱਖੀ ਸ੍ਰ. ਗਰੇਵਾਲ ਨਾਲ ਮਿਲ ਕੇ ਹੋਰ ਵਧੇਰੇ ਵਿਕਾਸ ਲਈ ਤੱਤਪਰ ਰਹੇਗੀ। ਇਸੇ ਤਰ੍ਹਾਂ ਨਵ-ਨਿਯੁਕਤ ਮੁੱਖ ਅਧਿਆਪਕ ਸ਼੍ਰੀ ਕੁਲਵੀਰ ਸਿੰਘ ਸ.ਹ.ਸ. ਰਾਜਪੁਰਾ (ਸੰਗਰੂਰ) ਨੇ ਵੀ ਖੇਡਾਂ ਅਤੇ ਪੜ੍ਹਾਈ ਪੱਖੋਂ ਥੋੜ੍ਹੇ ਜਿਹੇ ਸਮੇਂ ਵਿੱਚ ਸਕੂਲ ਦੀ ਦਿੱਖ ਬਦਲ ਦਿੱਤੀ।ਉਹ ਉਂਝ ਵੀ ਹਰ ਪੱਖੋਂ ਜਾਗਰੂਕ ਹਨ, ਜਿਹੜੀਆਂ ਐਕਟੀਵਿਟੀਜ਼ ਆਮ ਸਕੂਲ ਨਹੀਂ ਕਰਾਉਂਦੇ ,ਉਹ ਕਰਵਾ ਕੇ ਬੱਚਿਆਂ ਅੰਦਰ ਨਵਾਂ ਜ਼ਜ਼ਬਾ ਭਰ ਦਿੰਦੇ ਹਨ।ਸਕੂਲ ਦੀ ਦਿੱਖ ਨੂੰ ਨਵਾਂ ਕਲਾਤਮਿਕ ਮਾਹੌਲ ਦੇਣ ਲਈ ਉਨ੍ਹਾਂ ਕੋਲ ਪਰਮਜੀਤ ਸਿੰਘ ਅ / ਅਧਿਆਪਕ ਆ ਗਏ ਹਨ ਪਹਿਲਾਂ ਹੀ ਉਨ੍ਹਾਂ ਦਾ ਸਟਾਫ ਮਿਹਨਤੀ ਹੈ।

ਇਸ ਲਈ ਕੁਲਵੀਰ ਸਿੰਘ ਤੋਂ ਜਿਲ੍ਹੇ ਪੱਧਰ ਤੇ ਸਕੂਲ ਦਾ ਨਾਂ ਚਮਕਾਉਣਾ ਲੱਗ ਭੱਗ ਤੈਅ ਹੈ ਸਗੋਂ ਸਟੇਟ ਪੱਧਰ ਤੇ ਵੀ ਕਦਮ ਰੱਖਣ ਦੀ ਨੇੜ ਭਵਿੱਖ 'ਚ ਆਸ ਹੈ।ਇਸੇ ਤਰ੍ਹਾਂ ਹੀ ਹੋਰ ਨਵੇਂ ਸਕੂਲ ਮੁੱਖੀ ਵੀ ਤਕਰੀਬਨ ਵਧੀਆ ਸੇਵਾਵਾਂ ਨਿਭਾ ਰਹੇ ਹਨ।

ਸਮਾਜ'ਚ ਸਕੂਲ ਮੁੱਖੀਆਂ ਦਾ ਸਤਿਕਾਰ ਸੇਵਾ ਮੁਕਤੀ ਤੋਂ ਬਾਅਦ ਪਤਾ ਲਗਦਾ ਹੈ,ਸੋ ਸਾਰੇ ਸਕੂਲ ਮੁੱਖੀਆਂ ਨੂੰ ਇਹ ਗੱਲ ਵੀ ਸਾਹਮਣੇ ਰੱਖ ਕੇ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ ਕਿ ਸਮਾਜ'ਚ ਸਕੂਲ ਮੁੱਖੀਆਂ ਦਾ ਸਤਿਕਾਰ ਸੇਵਾ ਮੁਕਤੀ ਤੋਂ ਬਾਅਦ ਹੀ ਪਤਾ ਲਗਦਾ ਹੈ।

# ਰੇਲਵੇ ਵਿੱਚ ਨੌਕਰੀ ਪਾਉਣ ਵਾਲੇ ਜਰਖੜ ਹਾਕੀ ਅਕੈਡਮੀ ਦੇ ਖਿਡਾਰੀ ਜੋਗਿੰਦਰ ਸਿੰਘ ਦਾ ਸਟੇਡੀਅਮ ਪੁੱਜਣ ਤੇ ਸਵਾਗਤ




**ਲੁਧਿਆਣਾ 29 ਜੂਨ (ਬਿਊਰੋ)-** ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਦੇ ਕੌਮੀ ਪੱਧਰ ਤੇ ਪ੍ਰਾਪਤੀਆਂ ਕਰਨ ਵਾਲੇ ਹਾਕੀ ਖਿਡਾਰੀ ਜੋਗਿੰਦਰ ਸਿੰਘ ਜਿਸ ਨੂੰ ਰੇਲਵੇ ਵਿਭਾਗ ਨੇ ਟੀ ਸੀ ਦੇ ਅਹੁਦੇ ਦੀ ਨੌਕਰੀ ਪ੍ਰਧਾਨ ਕੀਤੀ ਹੈ ਦਾ ਅੱਜ ਜਰਖੜ ਸਟੇਡੀਅਮ ਵਿਖੇ ਪੁੱਜਣ ਤੇ ਜਰਖੜ ਅਕੈਡਮੀ ਦੇ ਪੈਰਬੰਧਕਾਂ ਅਤੇ ਖਿਡਾਰੀਆਂ ਨੇ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਜੋਗਿੰਦਰ ਸਿੰਘ ਨੂੰ ਸਿਰੋਪਾ, ਬੁੱਕੇ ਅਤੇ ਬਹੁਕੀਮਤੀ ਸਾਈਕਲ ਦੇ ਕੇ ਸਨਮਾਨਿਤ ਕੀਤਾ ਅਤੇ ਅਕੈਡਮੀ ਦੇ ਬੱਚਿਆਂ ਨੇ ਸਲੂਟ ਕੀਤਾ।

ਇਸ ਮੌਕੇ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਬੋਲਦਿਆਂ ਆਖਿਆ ਕਿ ਜੋਗਿੰਦਰ ਸਿੰਘ ਪਿਛਲੇ 8 ਸਾਲ ਤੋਂ ਅਕੈਡਮੀ ਵਿੱਚ ਟਰੇਨਿੰਗ ਲੈ ਰਿਹਾ ਹੈ। ਓਹ ਬਹੁਤ ਹੀ ਹੋਣਹਾਰ ,ਅਨੁਸ਼ਾਸਨਬੱਧ, ਇਮਾਨਦਾਰ ਅਤੇ ਸਖ਼ਤ ਮਿਹਨਤ ਕਰਨ ਵਾਲਾ ਖਿਡਾਰੀ ਹੈ । ਉਸ ਵਿੱਚ ਪੈਨਲਟੀ ਕਾਰਨਰ ਲਾਉਣ ਦੀ ਮੁਹਾਰਤ ਵੱਡਾ ਗੁਣ ਹੈ। ਜਰਖੜ ਹਾਕੀ ਅਕੈਡਮੀ ਵੱਲੋਂ ਉਹ ਸਕੂਲ ਨੈਸ਼ਨਲ ਅਤੇ ਆਲ ਇੰਡੀਆ ਅੰਤਰ ਯੂਨੀਵਰਸਿਟੀ ਪੱਧਰ ਤੇ ਖੇਡਿਆ ਹੈ । ਜਰਖੜ ਹਾਕੀ ਅਕੈਡਮੀ ਦੀਆਂ ਕਈ ਵੱਡੀਆਂ ਜਿੱਤਾਂ ਵਿੱਚ ਉਸਦੀ ਅਹਿਮ ਭੂਮਿਕਾ ਰਹੀ ਹੈ।ਪਿਛਲੇ ਸਾਲ ਉਸਨੇ ਸੀਨੀਅਰ ਕੌਮੀ ਹਾਕੀ ਚੈਂਪੀਅਨਸ਼ੈਪ ਵਿੱਚ ਏਅਰ ਇੰਡੀਆ ਵੱਲੋਂ ਸਟਾਈਫੰਡ ਤੇ ਖੇਡਦਿਆਂ ਨਾ ਸਿਰਫ਼ 4 ਗੋਲ ਕੀਤੇ ਸਗੋਂ ਆਪਣੀ ਟੀਮ ਨੂੰ ਉਪ ਜੇਤੂ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਉਸ ਦੇ ਉਭਰਦੇ ਹਾਕੀ ਹੁਨਰ ਨੂੰ ਵੇਖਦਿਆਂ ਰੇਲਵੇ ਵਿਭਾਗ ਨੇ ਉਸ ਨੂੰ ਟੀਸੀ ਦੇ ਅਹੁਦੇ ਦੀ ਨੌਕਰੀ ਦਿੱਤੀ ਜੋ ਕਿ ਜਰਖੜ ਹਾਕੀ ਅਕੈਡਮੀ ਲਈ ਇੱਕ ਵੱਡੇ ਮਾਣ ਵਾਲੀ ਗੱਲ ਬਣੀ। ਆਪਣੀ ਡਿਊਟੀ ਜੁਆਇਨ ਕਰਨ ਤੋਂ ਬਾਅਦ ਜੋਗਿੰਦਰ ਸਿੰਘ ਦਾ ਜਰਖੜ ਸਟੇਡੀਅਮ ਵਿਖੇ ਪੁੱਜਣ ਤੇ ਜਰਖੜ ਹਾਕੀ ਅਕੈਡਮੀ ਦੇ ਪੈਰਬ-ਧਕਾਂ ਤੇ ਖਿਡਾਰੀਆਂ ਨੇ ਜ਼ੋਰਦਾਰ ਸਵਾਗਤ ਕੀਤਾ। ਇਸ ਮੌਕੇ ਜੋਗਿੰਦਰ ਸਿੰਘ ਨੇ ਆਪਣੀਆਂ ਸਾਰੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੇ ਕੋਚ ਗੁਰਸਤਿੰਦਰ ਸਿੰਘ ਪਰਗਟ ਅਤੇ ਹਰਮਿੰਦਰ ਪਾਲ ਸਿੰਘ ਨੂੰ ਦਿੱਤਾ। ਇਸ ਮੌਕੇ ਉੱਘੇ ਕਲੋਨਾਈਜ਼ਰ ਸਮੇਂ ਸਚਿਨ ਗੋਇਲ, ਸਨੀ ਥਾਪਰ, ਪਰਮੇਸ਼ਵਰ ਸਿੰਘ ਬੇਰਕਲਾਂ, ਪਰਗਟ ਸਿੰਘ, ਰਵਿੰਦਰ ਸਿੰਘ ਕਾਲਾ ਘਵੱਦੀ, ਸੰਪੂਰਨ ਸਿੰਘ ,ਜਤਿੰਦਰਪਾਲ ਸਿੰਘ ਗਰੇਵਾਲ, ਲਵਜੀਤ ਸਿੰਘ ਆਦਿ ਹੋਰ ਜਰਖੜ ਹਾਕੀ ਅਕੈਡਮੀ ਦੇ ਪ੍ਰਬੰਧਕ ਅਤੇ ਖਿਡਾਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ (1670-1716)



ਸਿੱਖ ਧਰਮ ਦਾ ਸੰਦੇਸ਼ ਬਰਾਬਰਤਾ ਹੈ। ਸਾਦਾ ਜੀਵਨ ਵਿਚ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਸਿਧਾਂਤ ਹੈ। ਗੁਰੂਆਂ ਦੇ ਉਪਦੇਸ਼ ਜਾਣ ਕੇ ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿਚ ਆਏ। ਸੰਗਤ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਇਹ ਇਕ ਬਰਾਬਰਤਾ ਦਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਪ੍ਰਚੱਲਿਤ ਝੂਠੇ ਸਿਧਾਂਤਾਂ, ਸਮਾਜਿਕ ਰੀਤੀ-ਰਿਵਾਜ਼ਾਂ ਦਾ ਖੰਡਨ ਕਰਕੇ, ਸਮਾਜ ਨੂੰ ਸੱਚੀ ਦਿਸ਼ਾ ਪ੍ਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੱਚ ਲਈ ਜੂਝਣ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਿਕ ਚੇਤਨਾ ਸੱਚੇ ਧਰਮ ਵਿਚੋਂ ਮਿਲਦੀ ਹੈ। ਜਿਸ ਨਾਲ ਸਮਾਜ ਦੀ ਉਸਾਰੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈਮਾਣ ਅਤੇ ਸਵੈ-ਰੱਖਿਆ ਲਈ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ। ਆਪਣੇ ਜੋਤੀ ਜੋਤ ਸਮਾਉਣ ਤੇ ਬੰਦਾ ਸਿੰਘ ਬਹਾਦਰ ਨੂੰ ਉਸ ਸੰਘਰਸ਼ ਨੂੰ ਜਾਰੀ ਰੱਖਣ ਲਈ ਹਥਿਆਰਬੰਦ ਬਣਾ ਕੇ ਅਗਵਾਈ ਦੇ ਰਾਹ ਤੋਰਿਆ।

ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਫੌਜ ਨੂੰ ਜੁਝਾਰੂ ਰੂਪ ਦਿੱਤਾ। ਉਹਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਦੇ ਜ਼ੁਲਮਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ-ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਾਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਂ ਲਛਮਣ ਦਾਸ ਸੀ। ਉਸਦੇ ਕੋਲ ਦੁਨਿਆਵੀ ਵਿੱਦਿਆ ਨਹੀਂ ਸੀ। ਸਮੇਂ ਦੀ ਲੋੜ ਅਨੁਸਾਰ ਉਹ ਬਚਪਨ ਵਿਚ ਹੀ ਚੰਗਾ ਘੋੜ ਸਵਾਰ ਅਤੇ ਨਿਸ਼ਾਨੇਬਾਜ਼ ਬਣ ਗਿਆ। ਛੇਤੀ ਹੀ ਉਸਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਬਣ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਸਾਧੂ ਨੇ ਨਾਂ ਬਦਲ ਕੇ ਮਾਧੋਦਾਸ ਰੱਖ ਦਿੱਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮਾਧੋਦਾਸ ਨੇ ਨਾਂਦੇੜ ਕੰਢੇ ਆਪਣਾ ਸੁੰਦਰ ਟਿਕਾਣਾ ਬਣਾ ਲਿਆ। ਉਥੇ ਆਪਣੇ ਯੋਗ ਵਿੱਦਿਆ ਨਾਲ ਲੋਕਾਂ ਨੂੰ ਭਰਮਾਉਂਦਾ। ਬੰਦਾ ਬਹਾਦਰ ਦੀਆਂ ਕਾਰਵਾਈਆਂ ਦੀ ਖ਼ਬਰ ਗੁਰੂ ਸਾਹਿਬ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸਦੇ ਡੇਰੇ ਤੇ ਮਿਲੇ। ਮਾਧੋਦਾਸ ਗੁਰੂ ਜੀ ਦੇ ਤੇਜ ਪ੍ਰਤਾਪ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਗੁਲਾਮ ਹੋ ਗਿਆ। ਉਸ ਗੁਰੂ ਜੀ ਨੂੰ ਕਿਹਾ ਕਿ ਮੇਰੇ ਤੇ ਕਿਰਪਾ ਕਰੋ, ਮੈਂ ਆਪ ਜੀ ਦਾ ਸੇਵਕ ਬੰਦਾ ਹਾਂ। ਗੁਰੂ ਜੀ ਨੂੰ ਵੀ ਪੰਥ ਦੀ ਅਗਵਾਈ ਸੌਂਪਣ ਲਈ ਕਿਸੇ ਬੰਦੇ ਦੀ ਤਲਾਸ਼ ਸੀ। ਗੁਰੂ ਜੀ ਨੇ ਸੋਚ ਲਿਆ ਕਿ ਉਹਨਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਦਾ ਨਾਂ ਦਿੱਤਾ ਅਤੇ ਸਨਮਾਨ ਵਜੋਂ 'ਬਹਾਦਰ' ਜੋੜ ਦਿੱਤਾ। ਬੰਦ ਸਿੰਘ ਬਹਾਦਰ ਦੀ ਉਮਰ 38 ਸਾਲ ਸੀ। ਉਹਨਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਆਇਆ। ਸਰੀਰਕ ਪੱਖੋਂ ਭਾਵੇਂ ਸਾਵੇਂ ਸਨ ਪਰ ਫੁਰਤੀਲੇ ਬਹੁਤ ਸਨ। ਇਹੀ ਉਹਨਾਂ ਦੀ ਬਹਾਦਰੀ ਤੇ ਕਰਤੱਬ ਦਾ ਕਮਾਲ ਸੀ। ਇਹ ਜੀਅ-ਜਾਨ ਨਾਲ ਸਿੱਖ ਕੌਮ ਦੀ ਵਾਗਡੋਰ ਸੰਭਾਲਣ ਦੇ ਸੁਭਾਗੇ ਬਣੇ। ਗੁਰੂ ਨੇ ਉਹਨਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ ਤਾਂ ਕਿ ਉਹ ਮਾਨਸਿਕ ਤੌਰ ਤੇ ਤਿਆਰ ਹੋ ਸਕਣ। ਗੁਰਾਂ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਵੇਲੇ ਉੱਤਮ ਕਾਰਜ ਹੈ। ਗੁਰਾਂ ਨੇ ਉਹਨਾਂ ਨੂੰ ਖਾਲਸਾ ਜਥੇਦਾਰ ਦੀ ਜ਼ਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਉਹਨਾਂ ਨੂੰ ਸਿੱਖਾਂ ਲਈ ਹੁਕਮਨਾਮੇ ਦੇਣ ਲਈ ਕਿਹਾ ਕਿ ਬੰਦਾ ਸਿੰਘ ਬਹਾਦਰ ਜੀ ਨੂੰ ਆਪਣਾ ਆਗੂ ਜਾਨਣ। ਮੁਗਲਾਂ ਵਿਰੁੱਧ ਆਰੰਭੇ ਜਾਣ ਵਾਲੇ ਯੁੱਧ ਵਿਚ ਉਹਨਾਂ ਦਾ ਸਾਥ ਦੇਣ। ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ, ਪੰਜ ਤੀਰ ਦਿੱਤੇ। ਪੰਜ ਸਲਾਹਕਾਰ ਭੇਜੇ ਜੋ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ, ਭਾਈ ਰਣ ਸਿੰਘ ਅਤੇ ਭਾਈ ਵੀਰ ਸਿੰਘ ਸਨ। ਵੀਹ ਸਿੰਘਾਂ ਦਾ ਜਥਾ ਵੀ ਸ਼ਾਮਲ ਕੀਤਾ। ਕੁਝ ਹਥਿਆਰ ਵੀ ਦਿੱਤੇ। ਇਸ ਕਾਫਲੇ ਸਮੇਤ ਅਕਤੂਬਰ 1708 ਵਿਚ ਜੰਗੀ ਮੁਹਿੰਮ ਤੇ ਤੁਰੇ।

ਇਹ ਕਾਫਲਾ ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਕੇ ਰੋਹਤਕ-ਸੋਨੀਪਤ ਸਹੇਰੀ-ਖੰਡਾ ਪਿੰਡ ਵਿਚ ਰੁਕਿਆ। ਇੱਥੋਂ ਉਹਨਾਂ ਸਫਲ ਜਰਨੈਲ ਵਾਂਗ ਰਣਨੀਤੀ ਤਹਿ ਕੀਤੀ। ਇੱਥੋਂ ਉਹਨਾਂ ਨੇ ਸੂਚਨਾ ਪੱਤਰ ਅਤੇ ਗੁਰੂ ਜੀ ਦੇ ਹੁਕਮਨਾਮੇ ਜਾਰੀ ਕੀਤੇ ਕਿ ਸਿੰਘ ਹਥਿਆਰਬੰਦ ਹੋ ਕੇ ਪਿੰਡ ਸਹੇਰੀ ਖੰਡਾ ਪਹੁੰਚਣ। ਸਿੰਘ ਜੋ ਵੀ ਹਥਿਆਰ ਲੱਭਾ, ਲੈ ਕੇ ਜਥਿਆਂ ਦੇ ਰੂਪ ਵਿਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਤੋਂ ਵੱਡੀ ਗਿਣਤੀ ਵਿਚ ਪਹੁੰਚੇ, ਜਿਵੇਂ ਭਾਈ ਭਗਤੂ ਦਾ ਪੋਤਰਾ ਫਤਿਹ ਸਿੰਘ, ਭਾਈ ਰੂਪੇ ਦੀ ਸੰਤਾਨ ਵਿਚ ਕਰਮ ਸਿੰਘ, ਧਰਮ ਸਿੰਘ ਨਗਾਹੀਆ ਸਿੰਘ ਤੇ ਚੂਹੜ ਸਿੰਘ ਪਹੁੰਚੇ। ਨਾਲ ਹੀ ਸਲੌਦੀ ਲੁਧਿਆਣਾ ਦੇ ਆਲੀ ਸਿੰਘ, ਮਾਲੀ ਸਿੰਘ ਪਹੁੰਚੇ। ਫੂਲਕੀਆ ਘਰਾਣੇ ਦੇ ਚੌਧਰੀ ਰਾਮ ਸਿੰਘ ਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸੇਹਰੀ ਖੰਡਾ ਇਕ ਫੌਜੀ ਛਾਉਣੀ ਕੇਂਦਰ ਬਣ ਗਿਆ।

ਸੋਨੀਪਤ ਤੇ ਹਮਲਾ ਕਰਕੇ ਆਪਣੀ ਮੁਹਿੰਮ ਸ਼ੁਰੂ ਕੀਤੀ। ਸੋਨੀਪਤ ਮੁਗਲ ਹਕੂਮਤ ਦੀ ਮਜ਼ਬੂਤ ਚੌਂਕੀ ਦੀ ਜਿੱਤ ਸਿੰਘਾਂ ਦੀ ਪਹਿਲੀ ਇਖਲਾਕੀ ਜਿੱਤ ਸੀ। ਸੋਨੀਅਤ ਦਾ ਫੌਜਦਾਰ ਭੱਜ ਗਿਆ। ਸੋਨੀਪਤ ਤੋਂ ਸਮਾਣਾ ਵੱਲ ਵਧਿਆ। ਕੈਥਲ ਨੇੜੇ ਪਿੰਡ ਭੂਣਾ ਦੇ ਕੋਲ ਜਾਂਦੇ ਸਰਕਾਰੀ ਖਜ਼ਾਨੇ ਨੂੰ ਲੁੱਟ ਲਿਆ। ਬਹੁਤ ਸਾਰੇ ਘੋੜੇ ਵੀ ਕਾਬੂ ਆ ਗਏ। ਕੈਥਲ 'ਤੇ ਕਬਜ਼ਾ ਹੋ ਗਿਆ। ਸੋਨੀਪਤ ਅਤੇ ਕੈਥਲ ਦੇ ਪ੍ਰਬੰਧ ਪੰਚਾਇਤਾਂ ਨੂੰ ਸੌਂਪ ਦਿੱਤੇ। ਨਵੰਬਰ 11, 1709 ਨੂੰ ਸਮਾਣਾ ਸ਼ਹਿਰ 'ਤੇ ਹਮਲਾ ਕੀਤਾ। ਕਈ ਘੰਟੇ ਕਤਲੋਗਾਰਤ ਹੁੰਦੀ ਰਹੀ। ਨੇੜਲੇ ਪਿੰਡਾਂ ਦੇ ਮੁਜ਼ਾਰੇ ਵੀ ਵੱਡੀ ਗਿਣਤੀ ਵਿਚ ਆ ਰਲੇ। ਮਹਿਲ ਮਾੜੀਆਂ ਨੂੰ ਮਿੱਟੀ ਕਰ ਦਿੱਤਾ। ਕਿਸੇ ਵੀ ਧਾਰਮਿਕ ਅਸਥਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਡਾ. ਗੰਡਾ ਸਿੰਘ ਅਨੁਸਾਰ ਇਸ ਵਿਚ ਦਸ ਹਜ਼ਾਰ ਦਾ ਜਾਨੀ ਨੁਕਸਾਨ ਹੋਇਆ। ਜੋ ਬਚ ਗਏ, ਉਹ ਸ਼ਹਿਰ ਛੱਡ ਗਏ। ਬਹੁਤ ਸਾਰੀ ਦੌਲਤ ਅਤੇ ਜੰਗੀ ਸਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਿਹ ਸਿੰਘ ਨੂੰ ਸਮਾਣਾ ਦਾ ਫੌਜਦਾਰ ਨਿਯੁਕਤ ਕੀਤਾ ਅਤੇ ਇਕ ਖਾਲਸਾ ਪੰਚਾਇਤ ਕਾਇਮ ਕੀਤੀ।

ਸਮਾਣੇ ਨੂੰ ਜਿੱਤ ਕੇ ਖਾਲਸੇ ਨੇ ਘੁੜਾਮ, ਠਸਕਾ, ਸ਼ਾਹਬਾਜ਼, ਕੁੰਜਪੁਰਾ, ਮੁਸਤਾਬਾਦ ਆਦਿ ਮੁਗਲਾਂ ਦੇ ਅੱਡੇ ਫਤਿਹ ਕੀਤੇ। ਇਹਨਾਂ ਹਮਲਿਆਂ ਵਿਚੋਂ ਖ਼ਜ਼ਾਨਾ, ਤੋਪਾਂ ਅਤੇ ਜੰਗੀ ਸਮਾਨ ਮਿਲਿਆ। ਫਿਰ ਕਪੂਰੀ ਪੁੱਜੇ। ਹਾਕਮ ਕਦਮਦੀਨ ਬੜੇ ਜ਼ੁਲਮ ਕਰਦਾ ਸੀ। ਇਸਤਰੀਆਂ ਦੇ ਡੋਲੇ ਲੁੱਟ ਕੇ ਪੱਤ ਲੁੱਟਦਾ ਸੀ। ਕਪੂਰੀ ਨੂੰ ਸਰ ਕਰਕੇ ਉਸਦੇ ਚਲਦੇ ਬਦਮਾਸ਼ੀ ਅੱਡਿਆਂ ਨੂੰ ਖਤਮ ਕੀਤਾ। ਉਸਦੀ ਦੌਲਤ ਨੂੰ ਕਾਬੂ ਕੀਤਾ। ਸਢੌਰਾ ਦਾ ਹਾਕਮ ਉਸਮਾਨ ਖਾਂ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ। ਉਹਨਾਂ ਨੂੰ ਧਾਰਮਿਕ ਰਸਮਾਂ ਨਿਭਾਉਣ 'ਤੇ ਪਾਬੰਦੀ ਸੀ। ਮੁਰਦਿਆਂ ਦੇ ਸਸਕਾਰ ਕਰਨ ਦੀ ਮਨਾਹੀ ਸੀ। ਜਦੋਂ ਸਿੰਘਾਂ ਨੇ ਹਮਲਾ ਕੀਤਾ ਤਾਂ ਪਿੰਡਾਂ ਦੇ ਦੁਖੀ ਕਿਸਾਨ ਵੀ ਸ਼ਾਮਲ ਹੋ ਗਏ। ਖੂਨੀ ਲੜਾਈ ਹੋਈ। ਅਮੀਰ ਵਜ਼ੀਰ ਡਰ ਕੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕੇ। ਹਜ਼ੂਮ ਨੇ ਉਹਨਾਂ ਨੂੰ ਹਵੇਲੀ ਵਿਚ ਹੀ ਕਤਲ ਕਰ ਦਿੱਤਾ। ਉਸ ਹਵੇਲੀ ਦਾ ਨਾਂ 'ਕਤਲਗੜ੍ਹੀ' ਪੈ ਗਿਆ। ਪੁਰਾਣੀਆਂ ਮਸਜਿਦਾਂ, ਈਦਗਾਹਾਂ, ਕਬਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਅਮੀਰ ਰਜਵਾੜਿਆਂ ਦੀਆਂ ਹਵੇਲੀਆਂ ਵਿਚ ਦੌਲਤ ਅਤੇ ਹਥਿਆਰ ਕਬਜ਼ੇ ਵਿਚ ਆ ਗਏ। ਪਹਾੜੀ ਕਿਲਾ ਮੁਖਲਿਸਗੜ੍ਹ ਤੇ ਵੀ ਕਬਜ਼ਾ ਕਰ ਲਿਆ।

ਅਗਲਾ ਨਿਸ਼ਾਨਾ ਸਰਹਿੰਦ ਸੀ। ਮਾਝੇ ਅਤੇ ਦੁਆਬੇ ਦੇ ਸਿੰਘ ਵੀ ਕੀਰਤਪੁਰ ਤੋਂ ਤੁਰ ਪਏ। ਦੋਹਾਂ ਦਲਾਂ ਦਾ ਮਿਲਾਪ ਰੋਕਣ ਲਈ, ਵਜ਼ੀਰ ਖਾਂ ਨੇ ਮਲੇਰਕੋਟਲਾ ਦੇ ਨਵਾਬ ਨੂੰ ਕਿਹਾ, ਉਹ ਤਕੜੀ ਫੌਜ ਲੈ ਕੇ ਰੋਪੜ ਵੱਲ ਵਧਿਆ। ਰੋਪੜ ਦੇ ਕੋਲ ਸਿੰਘਾਂ ਅਤੇ ਪਠਾਣਾਂ ਦੀ ਦੋ ਦਿਨ ਸਖ਼ਤ ਲੜਾਈ ਹੋਈ। ਸਿੰਘਾਂ ਕੋਲ ਫੌਜ ਵੀ ਥੋੜ੍ਹੀ ਸੀ ਤੇ ਹਥਿਆਰ ਅਤੇ ਘੋੜਿਆਂ ਦਾ ਵੀ ਘਾਟਾ ਸੀ। ਫਿਰ ਵੀ ਮੈਦਾਨ ਖਾਲਸੇ ਦੇ ਹੱਥ ਆਇਆ। ਬਾਬਾ ਜੀ ਵੀ ਛੱਤ ਬਨੂੜ ਤੋਂ ਖਰੜ ਵੱਲ ਤੁਰ ਪਏ। ਜੇਤੂ ਸਿੰਘਾਂ ਨਾਲ ਬਾਬਾ ਜੀ ਦੀ ਮਿਲਣੀ ਖਰੜ ਅਤੇ ਬਨੂੜ ਦੇ ਵਿਚਕਾਰ ਹੋਈ। ਇਸ ਨਾਲ ਖਾਲਸੇ ਦੀ ਤਾਕਤ ਵੱਧ ਗਈ, ਉਹ ਸਰਹਿੰਦ ਵੱਲ ਵੱਧ ਗਏ।

ਸਿੰਘਾਂ ਨੇ ਚਪੜਚਿੜੀ ਦਾ ਮੈਦਾਨ ਆ ਮੱਲਿਆ। ਚਪੜਚਿੜੀ ਸਰਹਿੰਦ ਤੋਂ 12 ਕੋਹ ਦੀ ਵਿੱਥ ਤੇ ਖਰੜ ਲਾਂਡਰਾਂ ਸੜਕ 'ਤੇ ਹੈ। ਵਜ਼ੀਰ ਖਾਂ ਦੀਆਂ ਫੌਜਾਂ ਸਿੰਘਾਂ ਦੀ ਚੜ੍ਹਾਈ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ ਤੇ ਹਮਲੇ ਦੀਆਂ ਤਿਆਰੀਆਂ ਵਿਚ ਬਹੁਤ ਸਮਾਂ ਜੰਗੀ ਅਭਿਆਸ ਵਿਚ ਲਾਇਆ ਸੀ। ਸਰਹਿੰਦ ਦੀ ਤਾਕਤ ਖਤਮ ਕਰਨ ਲਈ ਪਹਿਲਾਂ ਹੀ ਕਈ ਇਲਾਕੇ ਜਿੱਤ ਲਏ ਸਨ। ਮਈ 12, 1710 ਨੂੰ ਚਪੜਚਿੜੀ ਦੇ ਮੈਦਾਨ ਵਿਚ ਖੂਨ ਡੋਲਵੀਂ ਜ਼ੋਰਦਾਰ ਜੰਗ ਹੋਈ। ਇਸ ਮੁਕਾਬਲੇ ਦੀ ਜੰਗ ਵਿਚ ਵਜ਼ੀਰ ਖਾਂ ਮਾਰਿਆ ਗਿਆ। ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਖਾਲਸੇ ਨੇ ਸਰਹਿੰਦ ਫਤਿਹ ਕਰ ਲਈ।

ਮੁਗਲਾਂ ਨੂੰ ਲੱਕ ਤੋੜਵੀਂ ਮਾਤ ਦੇਣ ਬਾਅਦ 14 ਮਈ 1710 ਨੂੰ ਜੇਤੂ ਹੋ ਕੇ ਸਰਹਿੰਦ ਵਿਚ ਖਾਲਸਾ ਦਾਖਲ ਹੋਇਆ। ਬਾਬਾ ਜੀ ਨੇ ਇਸ ਜ਼ੁਲਮੀ ਨਗਰੀ ਦੀ ਇੱਟ ਨਾਲ ਇੱਟ ਖੜਕਾ ਕੇ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਨਾਲ ਆਣ ਰਲੇ ਹਜ਼ੂਮ ਨੇ ਤਿੰਨ ਦਿਨ ਸ਼ਹਿਰ ਦੀ ਲੁੱਟਮਾਰ ਕੀਤੀ। ਮੁਸਲਮਾਨਾਂ ਦਾ ਕਤਲੇਆਮ ਹੋਇਆ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ। ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹਿਲਾਂ ਵਿਚੋਂ ਬਹੁਤ ਸਾਰਾ ਧਨ ਖਾਲਸੇ ਦੇ ਹੱਥ ਲੱਗੇ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਹੁਕਮਰਾਨ ਨਿਯੁਕਤ ਕੀਤਾ। ਸਮਾਣਾ ਦਾ ਹੁਕਮਰਾਨ ਸਰਦਾਰ ਫਤਿਹ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ।

ਸਰਹਿੰਦ ਤੋਂ ਬਾਅਦ ਬਾਬਾ ਜੀ ਮਲੇਰਕੋਟਲੇ ਵੱਲ ਵਧੇ। ਨਵਾਬ ਮਲੇਰਕੋਟਲੇ ਨੇ ਕੋਈ ਮੁਕਾਬਲਾ ਨਾ ਕੀਤਾ। ਇਸ ਸ਼ਹਿਰ ਵਿਚ ਕੋਈ ਨੁਕਸਾਨ ਨਹੀਂ ਹੋਇਆ। ਸਿਰਫ ਬੀਬੀ ਅਨੂਪ ਕੌਰ ਦੀ ਕਬਰ ਪੁੱਟੀ ਅਤੇ ਲਾਸ਼ ਨੂੰ ਸਿੱਖ ਮਰਿਆਦਾ ਅਨੁਸਾਰ ਸਸਕਾਰ ਕੀਤਾ, ਜਿਸਨੂੰ ਸ਼ੇਰ ਮੁਹੰਮਦ ਖਾਂ ਜਬਰੀ ਚੁੱਕ ਕੇ ਲੈ ਗਿਆ ਸੀ, ਉਸਨੇ ਆਪਣੀ ਅਣਖ ਖਾਤਰ ਆਤਮ ਹੱਤਿਆ ਕਰ ਲਈ ਸੀ।

ਬਾਬਾ ਜੀ ਨੇ ਮੁਖਲਿਸਗੜ੍ਹ ਨੂੰ ਰਾਜਧਾਨੀ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹਜਹਾਨ ਦੇ ਸਮੇਂ ਮੁਖਲਿਸ ਖਾਨ ਨੇ ਬਣਾਵਾਇਆ ਸੀ। ਇਸ ਸਮੇਂ ਬਾਬਾ ਜੀ ਨੇ ਇਸ ਕਿਲ੍ਹੇ 'ਤੇ ਕਬਜ਼ਾ ਕੀਤਾ ਤਾਂ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ। ਇਸਦੀ ਮੁਰੰਮਤ ਕਰਵਾ ਕੇ ਨਾਂ ਲੋਹਗੜ੍ਹ ਰੱਖਿਆ ਗਿਆ। ਜੰਗਾਂ ਵਿਚੋਂ ਪ੍ਰਾਪਤ ਹੋਇਆ ਮਾਲ ਅਸਬਾਬ, ਜੰਗੀ ਸਮਾਨ, ਉਗਰਾਹਿਆ ਮਾਮਲਾ ਸਭ ਕੁਝ ਇੱਥੇ ਇਕੱਠਾ ਕਰ ਲਿਆ। ਫੌਜੀ ਸੁਰੱਖਿਆ ਵਜੋਂ ਇਹ ਜਗ੍ਹਾ ਲਾਭਕਾਰੀ ਸੀ ਕਿ ਇਹ ਮੁੱਖ ਮਾਰਗ ਤੋਂ ਹਟ ਕੇ ਪਹਾੜੀ ਇਲਾਕੇ ਵਿਚ ਸੀ। ਹੁਣ ਬਾਬਾ ਬੰਦਾ ਸਿੰਘ ਬਹਾਦਰ ਇਕ ਬਾਦਸ਼ਾਹ ਸਥਾਪਤ ਹੋ ਗਿਆ ਸੀ। ਉਸ ਕੋਲ ਸਮਰਪਿਤ ਸਿੰਘਾਂ ਦੀ ਫੌਜ ਸੀ। ਰਾਜ-ਕਾਜ ਲਈ ਰਾਜਧਾਨੀ ਅਤ ਰਹਿਣ ਲਈ ਮਹਿਲ ਸੀ।

ਬਾਦਸ਼ਾਹ ਦੀ ਪੱਕੀ ਨਿਸ਼ਾਨੀ ਵਜੋਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਜਾਰੀ ਕਰ ਦਿੱਤਾ, ਜਿਸ ਤੇ ਫਾਰਸੀ ਵਿਚ ਉੱਕਰਿਆ ਸੀ ਕਿ-

ਸਿੱਕਾ ਜ਼ਦਬਰ ਹਰ ਦੋ ਆਲਤ ਤੇਗਿ
ਨਾਨਕ ਵਾਹਿਬ ਅਸਤ।।
ਫਤਿਹ ਗੋਬਿੰਦ ਸਿੰਘ ਜਾਹਿ-ਸ਼ਾਹਾਨ ਫਜਲਿ ਸੱਚਾ ਸਾਹਿਬ
ਅਸਤ।।

ਅਰਥਾਤ

ਸਿੱਕਾ ਮਾਰਿਆ ਦੋ ਜਹਾਨ ਉਤੇ
ਬਖਸ਼ਾ ਬਖਸ਼ੀਆ ਨਾਨਕ ਦੀ ਤੇਗ ਨੇ ਜੀ।
ਫਤਿਹ ਸ਼ਾਹਿ ਸ਼ਹਾਨ ਗੋਬਿੰਦ ਸਿੰਘ ਦੀ,
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਚਲੰਤ ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਦੂਜੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਸ਼ਬਦ ਸਨ-

ਜਰਬ ਬ-ਅਮਾਨੁ-ਦਹਿਰ ਮੁਸਵਰਤ ਸ਼ਹਿਰ,
ਜੀਨਤੁ ਤਖਤੁ, ਮੁਬਾਰਕ ਬਖਤ।

ਅਰਥਾਤ

ਜਾਰੀ ਹੋਇਆ ਸੰਸਾਰ ਦੇ ਸ਼ਾਤੀ ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ ਬਾਬਾ ਜੀ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿਸਦੇ ਸ਼ਬਦ ਸਨ:-

ਦੇਗੋ ਤੇਗੋ ਫਤਿਹ ਓ ਨੁਸਰਤਿ ਬੇ-ਦਿਰੰਗ।।
ਯਾਫਤ ਅਜ਼ ਨਾਨਕ ਗੁਰ ਗੋਬਿੰਦ ਸਿੰਘ।।

ਅਰਥਾਤ

ਦੇਗ ਤੇਗ ਜਿੱਤ, ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁਗਲ ਬਾਦਸ਼ਾਹਾਂ ਦੇ ਰਾਜ ਸੰਗਤ ਦੀ ਤਰ੍ਹਾਂ ਬਾਬਾ ਜੀ ਨੇ ਵੀ ਸਰਹਿੰਦ ਦੀ ਫਤਿਹ ਤੋਂ ਇਕ ਨਵਾਂ ਸਮੰਤ ਨਾਨਕਸ਼ਾਹੀ ਆਰੰਭ ਕੀਤਾ ਜੋ ਉਹਨਾਂ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਇਹ ਸਭ ਕੁਝ ਮੁਗਲ ਬਾਦਸ਼ਾਹਾਂ ਨੂੰ ਅਹਿਸਾਸ ਕਰਵਾਉਣ ਕਿ ਸਿੰਘਾਂ ਦੀ ਸ਼ਾਨ ਬਾਦਸ਼ਾਹਾਂ ਤੋਂ ਘੱਟ ਨਹੀਂ ਹੈ। ਬਾਬਾ ਜੀ ਨੇ ਨਿੱਜੀ ਨਾਂ ਉਤੇ ਕੁਝ ਨਹੀਂ ਕੀਤਾ। ਉਹਨਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬਾਨ ਦਾ ਸੇਵਕ ਦੱਸਿਆ।

ਖਾਲਸਾ ਰਾਜ ਦੇ ਸਥਾਪਤ ਅਤੇ ਵਿਸਥਾਰ ਲਈ ਜੰਗਾਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਬਾਬਾ ਜੀ ਨੇ ਜੁਲਾਈ 1710 ਵਿਚ ਗੰਗਾ ਤੇ ਯਮਨਾ ਦੇ ਇਲਾਕਿਆਂ 'ਤੇ ਕਬਜ਼ਾ ਕਰ ਲਿਆ। ਅਕਤੂਬਰ 1710 ਵਿਚ ਕਿਲਾ ਭਗਵੰਤ ਰਾਏ ਤੇ ਭੀਲੋਵਾਲ ਵੀ ਕਬਜ਼ੇ ਹੇਠ ਆ ਗਏ। ਜਦ ਮੁਗਲ ਸਮਰਾਟ ਬਹਾਦਰ ਸ਼ਾਹ ਨੂੰ ਜਦੋਂ ਖਾਲਸੇ ਦੀਆਂ ਜਿੱਤਾਂ ਦਾ ਪਤਾ ਲੱਗਾ, ਉਸਨੇ ਜਿੱਤੇ ਇਲਾਕੇ ਵਾਪਸ ਲੈਣ ਲਈ ਪੰਜਾਬ ਵੱਲ ਕੂਚ ਕੀਤਾ। ਵਕਤ ਦੀ ਨਜ਼ਾਕਤ ਦੇਖ ਕੇ ਬਾਬਾ ਜੀ ਲੋਹਗੜ੍ਹ ਦੇ ਕਿਲੇ ਵਿਚ ਜਾ ਟਿਕੇ। ਸ਼ਾਹੀ 60 ਹਜ਼ਾਰ ਦੀ ਫੌਜ ਨੇ ਕਿਲੇ ਨੂੰ ਘੇਰ ਲਿਆ। ਬਾਬਾ ਜੀ ਖਾਲਸਾ ਫੌਜ ਨਾਲ ਪਹਾੜਾਂ ਵੱਲ ਚਲੇ ਗਏ। ਖਾਲਸਾ ਫੌਜ ਨੇ ਬਿਲਾਸਪੁਰ 'ਤੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਪਹਾੜੀ ਰਾਜੇ ਭੀਮ ਚੰਦ ਦੇ ਨਾਲ ਉਸਦੇ 1300 ਸੈਨਿਕ ਮਾਰੇ ਗਏ। ਬਾਕੀ ਪਹਾੜੀ ਰਾਜੇ ਸ਼ਰਨ ਵਿਚ ਆ ਗਏ। ਮੰਡੀ ਦੇ ਰਾਜੇ ਸਿੱਧ ਸੈਨ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਉਸਨੇ ਕੁੱਲੂ ਦੇ ਰਾਜੇ ਵਿਰੁੱਧ ਬਾਬਾ ਜੀ ਦੀ ਮਦਦ ਕੀਤੀ। ਚੰਬਾ ਰਿਆਸਤ ਦੇ ਰਾਜੇ ਨੇ ਆਪਣੀ ਸੁੰਦਰ ਲੜਕੀ ਬਾਬਾ ਜੀ ਨਾਲ ਵਿਆਹ ਦਿੱਤੀ। ਉਸਦੀ ਕੁੱਖੋਂ ਪੁੱਤਰ ਅਜੈ ਸਿੰਘ ਪੈਦਾ ਹੋਇਆ। ਜੂਨ 4, 1711 ਨੂੰ ਬਹਿਰਾਮ ਦੀ ਜੰਗ ਹੋਈ। ਜੰਮੂ ਦਾ ਫੌਜਦਾਰ ਹਾਰ ਗਿਆ। ਖਾਲਸੇ ਨੇ ਬਹਿਰਾਮ ਤੇ ਰਾਏਪੁਰ 'ਤੇ ਕਬਜ਼ਾ ਕਰ ਲਿਆ। ਨਾਲ ਹੀ ਕਲਾਨੌਰ ਬਟਾਲਾ 'ਤੇ ਕਬਜ਼ਾ ਕਰ ਲਿਆ। ਉਸ ਵੇਲੇ ਮੁਹੰਮਦ ਅਮੀਨ ਖਾਂ ਤੇ ਰੁਸਤਮਦਿਲ ਖਾਂ ਦੀ ਫੌਜ ਆਉਣ ਤੇ ਬਾਬਾ ਜੀ ਫਿਰ ਪਹਾੜੀਆਂ ਵਿਚ ਜਾਣਾ ਪੈਂਦਾ ਰਿਹਾ। ਬਾਦਸ਼ਾਹ ਵੱਲੋਂ ਹੁਕਮ ਹੋਇਆ ਕਿ ਜਿੱਥੇ ਵੀ ਕੋਈ ਸਿੱਖ ਮਿਲੇ ਮਾਰ ਦਿੱਤਾ ਜਾਵੇ। ਬਹਾਦਰ ਸ਼ਾਹ 18 ਫਰਵਰੀ 1712 ਨੂੰ ਪਾਗਲ ਹੋ ਕੇ ਮਰ ਗਿਆ। ਸੰਨ 1713 ਨੂੰ ਫਰੁੱਖਸ਼ੀਅਰ ਬਾਦਸ਼ਾਹ ਬਣ ਗਿਆ। ਤਖਤ ਵਾਸਤੇ ਮੁਗਲਾਂ ਦੇ ਘਰੋਗੀ ਝਗੜੇ ਨੇ ਬਾਬਾ ਜੀ ਨੂੰ ਆਪਣੇ ਖੁਸੇ ਹੋਏ ਇਲਾਕਿਆਂ ਤੇ ਮੁੜ ਕਬਜ਼ਾ ਕਰਨ ਦਾ ਮੌਕਾ ਮਿਲ ਗਿਆ। ਸਢੌਰਾ ਅਤੇ ਲੋਹਗੜ੍ਹ ਤੇ ਕਬਜ਼ਾ ਕਰ ਲਿਆ। ਅਬਦੁਲ ਸਮੱਦ ਖਾਂ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। ਉਸਦੇ ਪੁੱਤਰ ਜ਼ਕਰੀਆ ਖਾਂ ਨੂੰ ਜੰਮੂ ਦਾ ਹਾਕਮ ਥਾਪਿਆ। ਉਹਨਾਂ ਨੇ ਅਕਤੂਬਰ 1713 ਵਿਚ ਸਢੌਰਾ ਤੇ ਲੋਹਗੜ੍ਹ 'ਤੇ ਜਿੱਤ ਪ੍ਰਾਪਤ ਕਰ ਲਈ। ਬਾਬਾ ਜੀ ਜੰਮੂ ਦੀਆਂ ਪਹਾੜੀਆਂ ਵਿਚ ਚਲੇ ਗਏ। ਸੰਨ 1715 ਵਿਚ ਕਲਾਨੌਰ 'ਤੇ ਬਟਾਲਾ ਜਿੱਤ ਲਏ। ਮੁਗਲਾਂ ਨੇ ਲਾਹੌਰ ਵਿਖੇ ਵੱਡੀ ਸੈਨਾ ਇਕੱਠੀ ਕਰ ਲਈ। ਕਾਂਗੜੇ ਦਾ ਕਟੋਚ ਰਾਜਾ ਅਤੇ ਜਸਰੋਟਾ ਦੇ ਰਾਜੇ ਵੱਲੋਂ ਸੈਨਿਕ ਭੇਜੇ। ਬਾਬਾ ਜੀ ਨੇ ਕੋਟ ਮਿਰਜਾ ਜਾਨ ਪਿੰਡ ਤੋਂ ਮੁਗਲਾਂ ਦਾ ਟਾਕਰਾ ਕੀਤਾ। ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬਾਬਾ ਜੀ ਸ਼ਾਹੀ ਫੌਜਾਂ ਨੂੰ ਹਾਰ ਦੇਣ ਦੇ ਬਿਲਕੁਲ ਨੇੜੇ ਸਨ ਕਿ ਮੁਗਲਾਂ ਦੀ ਹੋਰ ਭਾਰੀ ਫੌਜ ਆਣ ਪਹੁੰਚੀ। ਇਸ ਲਈ ਸਿੰਘਾਂ ਨੂੰ ਗੁਰਦਾਸ-ਨੰਗਲ ਪਿੰਡ ਵੱਲ ਪਿੱਛੇ ਹਟਣਾ ਪਿਆ। ਉਥੇ ਭਾਈ ਦੁਨੀ ਚੰਦ ਦੀ ਹਵੇਲੀ ਵਿਚ ਠਹਿਰੇ। ਹਵੇਲੀ ਦੇ ਗਿਰਦ ਮੋਰਚੇ ਬਣਾਏ। ਦੋਹੀਂ ਪਾਸੀ ਖਾਈ ਪੁੱਟ ਕੇ ਪਾਣੀ ਭਰ ਲਿਆ ਤੇ ਖੋਭੇ ਵਾਲੀ ਥਾਂ ਬਣਾ ਲਈ ਤਾਂ ਜੋ ਵਾਰੀ ਅਗਾਂਹ ਨਾ ਵਧਣ।

ਸ਼ਾਹੀ ਫੌਜਾਂ ਨੇ ਅਪ੍ਰੈਲ 1715 ਈ: ਵਿਚ ਗੁਰਦਾਸ-ਨੰਗਲ ਆ ਘੇਰਿਆ। ਸਿੰਘਾਂ ਨੇ ਗੁਰੀਲਾ ਯੁੱਧ ਨੀਤੀ ਅਪਣਾਈ। ਚਾਲੀ ਪੰਜਾਹ ਸਿੱਖ ਬਾਹਰ ਨਿਕਲਦੇ ਪਸ਼ੂਆਂ ਲਈ ਘਾਹ-ਪੱਠਾ ਲੈਂਦੇ, ਸ਼ਾਹੀ ਫੌਜਾਂ ਟਾਕਰਾ ਕਰਦੀਆਂ ਤਾਂ ਉਹਨਾਂ ਦਾ ਖਾਤਮਾ ਕਰਕੇ ਅਲੋਪ ਹੋ ਜਾਂਦੇ। ਘੇਰੇ ਦੇ ਲੰਮੇਰੇ ਹੋ ਜਾਣ ਕਰਕ ਆਟਾ ਦਾਣਾ ਮੱਕ ਗਿਆ। ਬਾਬਾ ਬਿਨੋਦ ਸਿੰਘ ਆਪਣੇ ਪੁੱਤਰ ਨੂੰ ਨਾਲ ਲੈ ਕੇ ਕਿਲਾ ਛੱਡ ਗਿਆ। ਸਿੰਘਾਂ ਨੂੰ ਘੋੜਿਆਂ, ਖੋਤਿਆਂ ਤੇ ਪਸ਼ੂਆਂ ਦਾ ਮਾਸ ਖਾਣਾ ਪਿਆ। ਉਹਨਾਂ ਨੇ ਘਾਹ ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰੀ ਕੀਤਾ। ਬਹੁਤ ਸਾਰੇ ਬਿਮਾਰੀਆਂ ਕਰਕੇ ਮਰਦੇ ਗਏ। ਸਿੰਘ 8 ਮਹੀਨੇ ਤੱਕ ਮੁਗਲਾਂ ਦੀ ਫੌਜ ਦਾ ਟਾਕਰਾ ਕਰਦੇ ਰਹੇ। ਜਿਸ ਵਿਚ 8000 ਸਿੰਘ ਸ਼ਹੀਦੀ ਪਾ ਗਏ। ਦਸੰਬਰ 7, 1715 ਨੂੰ ਮੁਗਲ ਫੌਜ ਨੇ ਹਵੇਲੀ 'ਤੇ ਕਬਜ਼ਾ ਕਰ ਲਿਆ। ਬਾਬਾ ਜੀ ਅਤੇ ਸਿੰਘਾਂ ਨੂੰ ਕੈਦ ਕਰ ਲਿਆ ਗਿਆ।

ਮੁਗਲਾਂ ਨੇ ਲਗਭਗ 300 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਸਿੰਘਾਂ ਦੇ ਮ੍ਰਿਤਕ ਸਰੀਰਾਂ ਦੀ ਚੀਰ-ਫਾੜ ਕਰ ਦਿੱਤੀ ਕਿ ਉਹਨਾਂ ਨੇ ਸੋਨੇ ਦੇ ਸਿੱਕੇ ਨਿਗਲੇ ਹੈ ਹਨ। ਸ਼ਹੀਦ ਸਿੰਘਾਂ ਦੇ ਸਿਰ ਨੇਜਿਆਂ, ਬਰਛਿਆਂ ਤੇ ਟੰਗੇ ਗਏ। ਬਾਬਾ ਜੀ ਸੁਪਤਨੀ ਤੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੀ ਫੜ ਲਿਆ। ਗੁਰਦਾਸ ਨੰਗਲ ਤੋਂ ਬਾਬਾ ਜੀ ਅਤੇ ਸਾਥੀਆਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਬਾਬਾ ਜੀ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਿੰਜਰਾ ਹਾਥੀ ਉਪਰ ਬੰਨ੍ਹ ਦਿੱਤਾ। ਦੋ ਮੁਗਲ ਸੈਨਿਕ ਖੰਜਰ ਲੈ ਕੇ ਪਹਿਰਾ ਦੇ ਰਹੇ ਸਨ। ਸਾਥੀਆਂ ਨੂੰ ਵੀ ਜ਼ੰਜੀਰਾਂ ਨਾਲ ਬੰਨ੍ਹ ਕੇ ਖੱਚਰਾਂ-ਖੋਤਿਆਂ ਉਪਰ ਬਿਠਾਇਆ।

ਬੰਦਾ ਸਿੰਘ ਬਹਾਦਰ ਜੀ ਨਾਲ 200 ਸਾਥੀਆਂ ਨੂੰ ਜਕਰੀਆ ਖਾਂ ਨੇ ਜਲੂਸ ਦੀ ਸ਼ਕਲ ਵਿਚ ਦਿੱਲੀ ਤੋਰਿਆ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਸਨੇ ਕੈਦੀਆਂ ਨੂੰ ਵਧਾਉਣ ਦੀ ਸੋਚੀ ਰਾਹ ਵਿਚ ਹੋਰ ਸਿੱਖ ਫੜਨੇ ਸ਼ੁਰੂ ਕਰ ਦਿੱਤੇ। ਕੁਝ ਨੂੰ ਕੈਦੀ ਬਣਾ ਲਿਆ, ਕੁਝ ਦੇ ਸਿਰ ਵੱਢ ਕੇ ਹੋਰ ਨੇਜ਼ਿਆਂ ਤੇ ਟੰਗ ਲਏ। ਇਸ ਤਰ੍ਹਾਂ ਕੈਦੀਆਂ ਦੀ ਗਿਣਤੀ 740 ਅਤੇ ਟੰਗੇ ਹੋਏ ਸਿਰਾਂ ਦੀ ਗਿਣਤੀ 2000 ਹੋ ਗਈ। ਇਸ ਤੋਂ ਇਲਾਕਾ ਸਿੱਖਾਂ ਦੇ ਸਿਰ ਗੱਡਿਆਂ ਤੇ ਵੀ ਲੱਦੇ ਹੋਏ ਸਨ। ਇਹ ਜਲੂਸ 29 ਫਰਵਰੀ 1716 ਨੂੰ ਦਿੱਲੀ ਪੁੱਜਾ। ਜਲੂਸ ਦੇ ਅੱਗੇ ਟੰਗੇ ਹੋਏ ਸਿਰ ਸਨ। ਉਹਨਾਂ ਨਾਲ ਇਕ ਬਿੱਲੀ ਵੀ ਟੰਗੀ ਸੀ। ਇਹ ਦੱਸਣ ਲਈ ਕਿ ਗੁਰਦਾਸ-ਨੰਗਲ ਵਿਚ ਸਿੱਖ ਤਾਂ ਇਕ ਪਾਸੇ ਬਿੱਲੀ ਤੱਕ ਵੀ ਮਾਰ ਦਿੱਤੀ ਹੈ। ਇਸ ਤੋਂ ਬਾਅਦ ਬਾਬਾ ਜੀ ਸਨ, ਜੋ ਹਾਥੀ 'ਤੇ ਇਕ ਪਿੰਜਰੇ ਵਿਚ ਸਨ। ਮਖੌਲ ਉਡਾਉਣ ਲਈ ਤਿਲੇ ਗੋਟੇ ਵਾਲੇ ਕੀਮਤੀ ਕੱਪੜੇ ਪਾਏ ਹੋਏ ਸਨ। ਉਹਨਾਂ ਦੇ ਪਿੱਛੇ ਇਕ ਸੈਨਿਕ ਨੰਗੀ ਤਲਵਾਰ ਲੈ ਕੇ ਖੜ੍ਹਾ ਸੀ। ਪਿੱਛੇ ਬਾਕੀ ਕੈਦੀ ਆ ਰਹੇ ਸਨ। ਜੋ ਦੋ-ਦੋ ਬੰਨ ਕੇ ਬਿਨਾਂ ਕਾਠੀ ਵਾਲੇ ਊਠਾਂ ਉਤੇ ਬੰਨ੍ਹੇ ਹੋਏ ਸਨ। ਜਿਹਨਾਂ ਦੇ ਸਿਰਾਂ ਉਤੇ ਭੇਡ ਦੀ ਖੱਲ ਦੀਆਂ ਨੋਕਦਾਰ ਸ਼ੀਸ਼ੇ ਜੜੀਆਂ ਟੋਪੀਆਂ ਸਨ। ਅਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜ਼ੇ ਦੇ ਵਿਚਕਾਰ ਮੀਲਾਂ ਲੰਮੀ

**(ਬਾਕੀ ਅਗਲੇ ਸਫੇ 'ਤੇ)**

## ਟੋਕੀਓ ਓਲੰਪਿਕ ਖੇਡਾਂ 2021

# ਪੰਜਾਬ ਦੇ ਖਿਡਾਰੀਆਂ ਦਾ ਜੇਤੂ ਤਗ਼ਮਿਆਂ ਵਿੱਚ ਕਿੰਨਾ ਕੁ ਹੋਵੇਗਾ ਯੋਗਦਾਨ?


ਟੋਕੀਓ ਓਲੰਪਿਕ ਖੇਡਾਂ ਜੋ 23 ਜੁਲਾਈ ਤੋਂ 8 ਅਗਸਤ ਤੱਕ ਜਾਪਾਨ ਦੇ ਸ਼ਹਿਰ ਟੋਕੀਓ ਵਿਖੇ ਹੋ ਰਹੀਆਂ ਹਨ ਉਸ ਵਾਸਤੇ ਭਾਰਤ ਦਾ 190 ਮੈਂਬਰੀ ਵਫ਼ਦ ਜਿਸ ਵਿੱਚ 125 ਦੇ ਕਰੀਬ ਅਥਲੀਟ ਹੋਣਗੇ ਵਿੱਚ ਹਿੱਸਾ ਲੈਣਗੇ ।ਟੋਕੀਓ ਓਲੰਪਿਕ ਖੇਡਾਂ 2021 ਵਿੱਚ ਭਾਰਤ ਕੁੱਲ 16 ਪ੍ਰਤੀਯੋਗਤਾਵਾਂ ਚ ਹਿੱਸਾ ਲਵੇਗਾ ਜਿਸ ਵਿੱਚ ਹਾਕੀ ਮਰਦ ਅਤੇ ਇਸਤਰੀਆਂ, ਕੁਸ਼ਤੀਆਂ ,ਵੇਟਲਿਫਟਿੰਗ , ਨਿਸ਼ਾਨੇਬਾਜ਼ੀ, ਬਾਕਸਿੰਗ,ਬੈਡਮਿੰਟਨ, ਅਰਚਰੀ, ਟੇਬਿਲ ਟੈਨਿਸ ਫੈਨਸਿੰਗ ਗੋਲਫ਼ ਜਿਮਨਾਸਟਿਕ, ਜੂਡੋ, ਰੋਇੰਗ, ਸੇਲਿੰਗ ਆਦਿ ਖੇਡਾਂ ਹਨ ਜਿੱਥੋਂ ਤਕ ਭਾਰਤ ਨੂੰ ਤਗ਼ਮਿਆਂ ਦੀ ਆਸ ਹੈ ਉਹ ਹਾਕੀ ਮਰਦ, ਬਾਕਸਿੰਗ ਨਿ-ਸ਼ਾਨੇਬਾਜ਼ੀ, ਬੈਡਮਿੰਟਨ ,ਅਰਚਰੀ ਕੁਸ਼ਤੀਆਂ ਅਤੇ ਵੇਟਲਿ-ਫਟਿੰਗ ਆਦਿ ਖੇਡਾਂ ਤੋਂ ਹੈ ਕਿ ਜਦ ਕਿ ਬਾਕੀ ਖੇਡਾਂ ਵਿੱਚ ਤਾਂ ਭਾਰਤ ਦੀ ਸਿਰਫ਼ ਖਾਨਾਪੂਰਤੀ ਹੀ ਹੋਵੇਗੀ, ਜੇਕਰ ਇੰਨਾ ਖੇਡਾਂ ਦਰਪਾਲ ਸਿੰਘ ਤੂਰ, ਡਿਸਕਸ ਥ੍ਰੋਅ ਵਿੱਚ ਕਮਲਪ੍ਰੀਤ ਕੌਰ, ਜਦਕਿ ਮੁੱਕੇਬਾਜ਼ੀ ਸਿਮਰਨਜੀਤ ਕੌਰ ਚਕਰ ਆਦਿ ਖਿਡਾਰੀਆਂ ਦੇ ਨਾਮ ਵਰਨਣਯੋਗ ਹਨ ਜੇਕਰ ਹਾਕੀ ਖੇਡ ਵਿੱਚ ਭਾਰਤ ਨੂੰ ਕੋਈ ਤਗ਼ਮਾ ਆਉਂਦਾ ਹੈ ਤਾਂ ਪੰਜਾਬ ਦੀ ਪੂਰੇ ਮੁੱਲਕ ਵਿੱਚ ਬੱਲੇ ਬੱਲੇ ਹੋਵੇਗੀ ਜਦਕਿ ਅਥਲੈਟਿਕਸ ਤੋਂ ਸੰਭਾਵਨਾਵਾਂ ਬਹੁਤ ਘੱਟ ਹਨ ਕਿਉਂਕਿ ਆਲਮੀ ਪੱਧਰ ਦੇ ਅਥਲੀਟ ਸਾਡੇ ਨਾਲੋਂ ਬਹੁਤ ਅੱਗੇ ਹਨ , ਪੰਜਾਬ ਦੀ ਧੀ ਸਿਮਰਨਜੀਤ ਕੌਰ ਚਕਰ ਮੁੱਕੇਬਾਜ਼ੀ ਵਿੱਚ ਕੋਈ ਵੱਡਾ ਕੈਰਿਸ਼ਮਾ ਦਿਖਾ ਸਕਦੀ ਹੈ। ਪੰਜਾਬ ਤੋਂ ਇਲਾਵਾ ਗੁਆਂਢੀ ਸੂਬਾ ਹਰਿਆਣਾ ਦੇ ਖਿਡਾਰੀ ਵੱਡੀ ਗਿਣਤੀ ਵਿੱਚ ਓਲੰਪਿਕ ਖੇਡਾਂ ਦਾ ਹਿੱਸਾ ਬਣਨ ਜਾ ਰਹੇ ਹਨ ਉਹਨਾਂ ਦੀ ਖੇਡ ਨੀਤੀ ਅਤੇ ਅਤੇ ਖਿਡਾਰੀਆਂ ਦੇ ਚੰਗੇ ਹੁਨਰ ਮੁਤਾਬਿਕ ਕੁਝ ਤਗ਼ਮੇ ਆਉਣ ਦੀ ਆਸ ਹੈ ਕਿਉਂਕਿ ਹਰਿਆਣਾ ਕੁਸ਼ਤੀ , ਨਿਸ਼ਾਨੇਬਾਜ਼ੀ , ਮੁੱਕੇਬਾਜ਼ੀ ਆਦਿ ਹੋਰ ਪ੍ਰਤੀ ਗੰਭੀਰਤਾ ਨਾ ਦਿਖਾਈ ਤਾਂ ਓਲੰਪਿਕ ਖੇਡਾਂ ਵਿੱਚੋਂ ਤਗ਼ਮੇ ਜਿੱਤਣਾ ਤਾਂ ਦੂਰ ਦੀ ਗੱਲ ਅਗਲੀਆਂ ਓਲੰਪਿਕ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਥੋੜੈਹੀ ਬਹੁਤੀ ਐਂਟਰੀ ਵੀ ਮੁਸ਼ਕਿਲ ਨਾਲ ਹੀ ਹੋਵੇਗੀ ਦੂਸਰੇ ਪਾਸੇ ਭਾਰਤੀ ਓਲੰਪਿਕ ਐਸੋਸੀਏਸ਼ਨ ਜੋ ਟੋਕੀਓ ਓਲੰਪਿਕ ਖੇਡਾਂ ਵਿੱਚ ਅੱਜ ਤੋਂ 4 ਵਰੈਹੇ ਪਹਿਲਾਂ 25 ਤਗਮੇ ਜਿੱਤਣ ਦੇ ਟੀਚੇ ਦੀਆਂ ਗੱਲਾਂ ਕਰਦੀ ਸੀ ਪਰ ਹੁਣ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰ ਬਤਰਾ ਭਾਵੇਂ 2 ਡਿਜਟ ( ਦੋ ਅੱਖਰੀ) ਵਿੱਚ ਤਗ਼ਮੇ ਜਿੱਤਣ ਦੀ ਗੱਲ ਤਾਂ ਕਹਿੰਦੇ ਹਨ ਪਰ ਨਿਰਾਸ਼ਤਾ ਉਹਨਾਂ ਦੇ ਚਿਹਰੇ ਤੋਂ ਸਾਫ਼ ਝਲਕਦੀ ਦਿਸ ਰਹੀ ਹੈ ਕਿ ਅਸੀਂ ਓਲੰਪਿਕ ਮੁਕਾਬਲੇ ਮੁਤਾਬਿਕ ਤਿਆਰੀ ਨਹੀਂ ਕਰ ਸਕੇ ਹਾਂ । ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਭਾਰਤ ਦੀ ਵਧੀਆ ਕਾਰਗੁਜ਼ਾਰੀ ਲੰਡਨ ਓਲੰਪਿਕ ਵਿੱਚ ਰਹੀ ਸੀ ਜਿਸ ਵਿੱਚ ਭਾਰਤ ਨੇ 6 ਤਗ਼ਮੇ




ਕੇ ਪੰਜਾਬ ਦੇ ਖਿਡਾਰੀਆਂ ਤੋਂ ਕੋਈ ਵੱਡੀ ਆਸ ਨਹੀਂ ਕੀਤੀ ਜਾ ਸਕਦੀ ਸਿਰਫ਼ ਕੋਈ ਕੈਰਿਸ਼ਮਾ ਹੀ ਪੰਜਾਬ ਦੇ ਖਿਡਾਰੀਆਂ ਨੂੰ ਤਗਮਾ ਜਿੱਤਾ ਸਕਦਾ ਹੈ, ਬਾਕੀ ਓਲੰਪਿਕ ਖੇਡਾਂ ਤੋਂ ਬਾਅਦ

















ਵਿੱਚ ਕੋਈ ਤਗ਼ਮਾ ਆਉਂਦਾ ਹੈ ਤਾਂ ਕਿਸੇ ਕੈਰਿਸ਼ਮੇ ਤੋਂ ਘੱਟ ਨਹੀਂ ਹੋਵੇਗਾ। ਜੇਕਰ ਟੋਕੀਓ ਓਲੰਪਿਕ ਖੇਡਾਂ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਸ਼ਮੂਲੀਅਤ ਦੀ ਗੱਲ ਕਰੀਏ ਪੰਜਾਬ ਦਾ ਸਭ ਤੋਂ ਵੱਡਾ ਦਬਦਬਾ ਹਾਕੀ ਮਰਦਾਂ ਵਿੱਚ ਹੀ ਹੈ ਜਿਸ ਵਿੱਚ ਪੰਜਾਬ ਨਾਲ ਸੰਬੰਧਤ 8 ਖਿਡਾਰੀ ਭਾਰਤੀ ਟੀਮ ਦਾ ਹਿੱਸਾ ਬਣੇ ਹਨ ਜਿਨੈਹਾਂ ਵਿੱਚ ਰੁਪਿੰਦਰਪਾਲ ਸਿੰਘ, ਹਰਮਨਪੈਰੀਤ ਸਿੰਘ ,ਮਨਦੀਪ ਸਿੰਘ ,ਕਪਤਾਨ ਮਨਪੈਰੀਤ ਸਿੰਘ ,ਸ਼ਮਸ਼ੇਰ ਸਿੰਘ ,ਦਿਲਪੈਰੀਤ ਸਿੰਘ, ਹਾਰਦਿਕ ਸਿੰਘ, ਗੁਰਜੰਟ ਸਿੰਘ ਵਿਰਕ ਤੋਂ ਇਲਾਵਾ ਕੁੜੀਆਂ ਦੀ ਹਾਕੀ ਵਿੱਚ ਗੁਰਜੀਤ ਕੌਰ ਚੁਣੀ ਗਈ ਹੈ ਜਦਕਿ ਅਥਲੈਟਿਕਸ ਵਿੱਚ ਸ਼ਾਟਪੁੱਟਰ ਤਜਿੰ-ਵਿਅਕਤੀਗਤ ਖੇਡਾਂ ਵਿੱਚ ਪੰਜਾਬ ਨਾਲੋਂ ਕਾਫੀ ਅੱਗੇ ਹੈ ਭਾਰਤੀ ਹਾਕੀ ਟੀਮ ਵਿਚ ਹਰਿਆਣਾ ਦੀਆਂ 9 ਖਿਡਾਰਨਾਂ ਚੁਣੀਆਂ ਗਈਆਂ ਹਨ, ਸ਼ਾਹਬਾਦ ਮਾਰਕੰਡਾ ਅਤੇ ਸੋਨੀਪਤ ਸੈਂਟਰ ਕੁ-ੜੀਆਂ ਦੀ ਹਾਕੀ ਦਾ ਗੜੈਹ ਬਣ ਚੁੱਕੇ ਹਨ ਜਦਕਿ ਪੰਜਾਬ ਦੀ ਸਿਰਫ਼ ਇੱਕ ਖਿਡਾਰਨ ਗੁਰਜੀਤ ਕੌਰ ਆਪਣੇ ਦਮ ਤੇ ਟੀਮ ਵਿੱਚ ਆਈ ਹੈ। ਸੱਚ ਇਹ ਹੈ ਕਿ ਪੰਜਾਬ ਦਾ ਓਲੰਪਿਕ ਖੇਡਾਂ ਵਿਚ ਪਹਿਲਾਂ ਵਾਲਾ ਜਲਵਾ ਨਹੀ ਰਿਹਾ ਕਿਉਂਕਿ ਪੰਜਾਬ ਸਰਕਾਰ ਦੀਆਂ ਖੇਡਾਂ ਪ੍ਰਤੀ ਵੱਡੀਆਂ ਅਣਦੇਖੀਆਂ ਅਤੇ ਖੇਡ ਨੀਤੀ ਦਾ ਖਿਡਾਰੀਆਂ ਦੇ ਹਿੱਤ ਵਿੱਚ ਨਾ ਹੋਣਾ ਪੰਜਾਬ ਲਈ ਬੜਾ ਵੱਡਾ ਘਾਤਕ ਹੋ ਰਿਹਾ । ਜੇਕਰ ਪੰਜਾਬ ਸਰਕਾਰ ਨੇ ਖੇਡਾਂ ਜਿੱਤੇ ਸਨ ਇਸ ਤੋਂ ਇਲਾਵਾ ਕੁੱਲ 31 ਐਡੀਸ਼ਨਾਂ ਵਿੱਚ ਭਾਰਤ ਨੇ ਹੁਣ ਤਕ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ 28 ਤਗ਼ਮੇ ਜਿੱਤੇ ਹਨ ਜਿਨੈਹਾਂ ਵਿੱਚੋਂ 11 ਤਗ਼ਮੇ ਹਾਕੀ ਵਿੱਚ ਹੀ ਜਿੱਤੇ ਹਨ ਜਿਸ ਵਿਚ 8 ਸੋਨ ਤਗ਼ਮੇ ਇਕ ਚਾਂਦੀ ਦਾ ਅਤੇ 2 ਕਾਂਸੀ ਦੇ ਤਗ਼ਮੇ ਹਨ, ਪੰਜਾਬ ਨੇ ਆਖ਼ਰੀ ਵਾਰ 2008 ਬੀਜਿੰਗ ਓਲੰਪਿਕ ਖੇਡਾਂ ਵਿੱਚ ਆਪਣਾ ਆਖਰੀ ਤਗ਼ਮਾ ਜਿੱਤਿਆ ਸੀ ਉਹ ਵੀ ਅਭਿਨਵ ਬਿੰਦਰਾ ਦੇ ਸੋਨ ਤਗ਼ਮੇ ਦੀ ਜਿੱਤ ਵਿਚ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਦੀ ਕੋਈ ਭੂਮਿਕਾ ਨਹੀਂ ਸੀ। ਕੁੱਲ ਮਿਲਾ ਕੇ ਟੋਕੀਓ ਓਲੰਪਿਕ ਖੇਡਾਂ ਵਿਚ ਜੇਕਰ ਪੰਜਾਬ ਦੀ ਕਾਰਗੁਜ਼ਾਰੀ ਦੀ ਘੋਖ ਕਰੀਏ ਤਾਂ ਮਰਦਾਂ ਦੀ ਹਾਕੀ ਨੂੰ ਛੱਡ ਫਿਰ ਉਹੀ ਰੋਣਾ ਧੋਣਾ ਹੋਵੇਗਾ ਅਤੇ ਅਗਲੀਆਂ ਓਲੰਪਿਕ ਖੇਡਾਂ ਨੂੰ ਸਾਡਾ ਮੁੱਖ ਟੀਚਾ ਦੱਸ ਕੇ ਸਾਡੇ ਖੇਡ ਪੈਰਬੰਧਕ ਅਤੇ ਰਾਜਨੀਤਕ ਲੋਕ ਖਹਿੜਾ ਛੁਡਾਉਣ ਗਏ। ਤਗ਼ਮਿਆਂ ਦਾ ਟੀਚਾ ਛੱਡ ਕੇ ਪੰਜਾਬ ਸਰਕਾਰ ਖਿਡਾਰੀਆਂ ਅਤੇ ਖੇਡਾਂ ਪ੍ਰਤੀ ਸੁਹਿਰਦ ਹੋਵੇ ਉਹਨਾਂ ਨੂੰ ਬਣਦੀਆਂ ਸਹੂਲਤਾਂ ਅਤੇ ਖਿਡਾਰੀਆਂ ਲਈ ਰੋਜ਼ਗਾਰ ਦਾ ਪੈਰਬੰਧ ਕਰੇ ਇਕ ਅਜਿਹੀ ਠੋਸ ਖੇਡ ਨੀਤੀ ਬਣੇ ਜਿਸ ਨਾਲ ਅਪਣੇ ਆਪ ਖੇਡ ਸੱਭਿਆਚਾਰ ਪੈਰਫੁੱਲਤ ਹੋਣ ਵੱਲ ਵਧੇ ਫੇਰ ਹੀ ਕਿਸੇ ਨਤੀਜੇ ਦੀ ਆਸ ਰੱਖ ਸਕਦੇ, ਪ੍ਰਮਾਤਮਾ ਸਾਡੇ ਖੇਡ ਆਕਾ ਨੂੰ ਸੁਮੱਤ ਬਖ਼ਸ਼ੇ, ਪੰਜਾਬ ਦੇ ਖਿਡਾਰੀਆਂ ਦਾ ਟੋਕੀਓ ਓਲੰਪਿਕ ਖੇਡਾਂ 2021 ਵਿਚ ਹੋਵੇਗਾ, ਰੱਬ ਰਾਖਾ।

# ਬਾਬਾ ਬੰਦਾ ਸਿੰਘ ਬਹਾਦਰ (1670-1716)

(ਸਫਾ 19 ਦੀ ਬਾਕੀ)

ਸੜਕ ਦੇ ਦੋਵੇਂ ਪਾਸੇ ਤਮਾਸ਼ਬੀਨ ਖੜ੍ਹੇ ਸਨ।

ਮਿਰਜ਼ਾ ਮੁਹੰਮਦ ਹਰੀਸੀ ਜੋ ਇਸ ਨੂੰ ਦੇਖਿਆ ਤਮਾਸ਼ਾ ਕਹਿੰਦਾ ਹੈ ਗਲੀਆਂ-ਬਜ਼ਾਰਾਂ ਵਿਚ ਇਤਨਾ ਭਾਰੀ ਇਕੱਠ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ। ਮੁਸਲਮਾਨ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ, ਪਰ ਸਿੱਖ ਵੀ ਭਾਣੇ ਨੂੰ ਮੰਨਦੇ ਹੋਏ ਸ਼ਾਂਤ ਸਨ। ਗੁਰਬਾਣੀ ਦਾ ਜਾਪ ਕਰਦੇ ਰਹੇ। ਤਮਾਸ਼ਬੀਨ ਆਖਦੇ ਕਿ ਤੁਹਾਡੀਆਂ ਕੀਤੀਆਂ ਨੇ ਇਹ ਦਿਨ ਦਿਖਾਏ ਹਨ। ਸਿੰਘ ਕਹਿੰਦੇ ਸਭ ਕੁਝ ਰੱਬ ਦੀ ਰਜ਼ਾ ਵਿਚ ਹੋ ਰਿਹਾ ਹੈ। ਭੀੜ ਨੇ ਕਿਹਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਿੰਘ ਕਹਿੰਦੇ ਅਸੀਂ ਮੌਤ ਤੋਂ ਕਦ ਡਰੇ ਹਾਂ? ਜੇਕਰ ਅਸੀਂ ਡਰਦੇ ਹੁੰਦੇ ਤਾਂ ਇੰਨੀਆਂ ਜੰਗਾਂ ਕਿਵੇਂ ਲੜ ਸਕਦੇ ਸੀ। ਅਸੀਂ ਤਾਂ ਮਜਬੂਰੀ ਵੱਸ ਤੁਹਾਡੇ ਕਾਬੂ ਆ ਗਏ। ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਕਿਹੋ ਜਿਹੇ ਹੱਥ ਵਿਖਾ ਸਕਦੇ ਹਾਂ।

ਜਦੋਂ ਸ਼ਾਹੀ ਕਿਲ੍ਹੇ ਕੋਲ ਪਹੁੰਚੇ ਤਾਂ ਬਾਬਾ ਜੀ ਦੇ ਪ੍ਰਮੁੱਖ ਸਾਥੀ ਜਿਵੇਂ ਬਾਜ਼ ਸਿੰਘ, ਫਤਿਹ ਸਿੰਘ, ਬਾਬਾ ਕਾਨ੍ਹ ਸਿੰਘ ਆਦਿ ਨੂੰ ਬੰਦੀਖਾਨੇ ਭੇਜ ਦਿੱਤਾ। ਬਾਬਾ ਜੀ ਦੇ ਤਿੰਨ ਵਰ੍ਹਿਆਂ ਦੇ ਪੁੱਤਰ ਅਜੈ ਸਿੰਘ, ਉਸਦੀ ਮਾਤਾ ਤੇ ਖਿਡਾਵੀ ਨੂੰ ਸ਼ਾਹੀ ਜਲਾਲਖਾਨਾਂ ਵਿਚ ਰੱਖਿਆ। ਮਾਰਚ 5, 1716 ਨੂੰ ਕੋਤਵਾਲੀ ਦੇ ਸਾਹਮਣੇ ਸਿੱਖ ਕੈਦੀਆਂ ਦੇ 100-100 ਕਰਕੇ ਕਤਲ ਸ਼ੁਰੂ ਹੋਏ। ਵਾਰ-ਵਾਰ ਐਲਾਨ ਕੀਤਾ ਜਾਂਦਾ ਕਿ ਜਿਹੜਾ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣ ਜਾਵੇ, ਉਸਦੀ ਜਾਨ ਬਖਸ਼ ਦਿੱਤੀ ਜਾਵੇ। ਜਾਨ ਸਰਮਾਨ ਸ਼ਟੀਫਨਸਨ ਜੋ ਸ਼ਾਹੀ ਦਰਬਾਰ ਵਿਚ ਸਨ ਦਾ ਕਥਨ ਹੈ ਕਿ ਕੋਈ ਵੀ ਸਿੱਖ ਆਪਣੇ ਧਰਮ ਤੋਂ ਨਹੀਂ ਫਿਰਿਆ। ਸੱਤ ਦਿਨਾਂ ਵਿਚ ਸਾਰੇ ਸਿੱਖ ਸ਼ਹੀਦ ਹੋ ਗਏ। ਰਾਤ ਨੂੰ ਸ਼ਹੀਦਾਂ ਦੇ ਸਰੀਰ ਗੱਡਿਆਂ ਉਤੇ ਲੱਦ ਕੇ ਸ਼ਹਿਰੋਂ ਬਾਹਰ ਦਰਖਤਾਂ ’ਤੇ ਟੰਗ ਦਿੱਤੇ ਜਾਂਦੇ।

ਇਸ ਕਤਲੇਆਮ ਤੋਂ ਤਿੰਨ ਮਹੀਨੇ ਤੱਕ ਬਾਬਾ ਜੀ ਅਤੇ ਸਾਥੀਆਂ ਨੂੰ ਸਖ਼ਤ ਤਸੀਹੇ ਦਿੱਤੇ ਗਏ ਕਿ ਉਹ ਆਪਣੇ ਦੱਬੇ ਹੋਏ ਖਜ਼ਾਨੇ ਅਤੇ ਉਹਨਾਂ ਦੇ ਮਦਦਗਾਰ ਕੌਣ ਸਨ, ਦਾ ਪਤਾ ਦੇਣ ਅਤੇ ਬਾਬਾ ਜੀ ਅਤੇ ਉਹਨਾਂ ਦੇ 16 ਸਾਥੀਆਂ ਨੂੰ 9 ਜੂਨ 1716 ਨੂੰ ਸ਼ਹੀਦ ਕਰਨ ਲਈ ਖਵਾਜ਼ਾ ਕੁਤਬਣੀਨ ਬਖਤਿਆਰ ਕਾਕੀ ਦੇ ਮਕਬਰੇ ਦੀ ਪ੍ਰਕਿਰਿਆ ਕਰਵਾਈ ਗਈ। ਫਿਰ ਦੁਹਰਾਇਆ ਕਿ ਇਸਲਾਮ ਕਬੂਲ ਕਰੋ ਜਾਂ ਫਿਰ ਮੌਤ। ਦਸਮੇਸ਼ ਪਿਤਾ ਦੇ ਸਿਦਕੀ ਸੰਤ ਸੂਰਮਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ।

ਬਾਬਾ ਜੀ ਦੇ ਤਿੰਨ ਸਾਲਾ ਪੁੱਤਰ ਅਜੈ ਸਿੰਘ ਨੂੰ ਬਾਬਾ ਜੀ ਦੀ ਗੋਦ ਵਿਚ ਬਿਠਾਇਆ ਅਤੇ ਆਪਣੇ ਪੁੱਤਰ ਨੂੰ ਖੁਦ ਵੱਢਣ ਲਈ ਕਿਹਾ। ਬਾਬਾ ਜੀ ਨੇ ਇਨਕਾਰ ਕੀਤਾ ਤਾਂ ਜਲਾਦ ਨੇ ਬੱਚੇ ਦੇ ਟੋਟੇ ਕਰ ਦਿੱਤੇ। ਬੱਚੇ ਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁੰਨਿਆ ਗਿਆ। ਬਾਬਾ ਜੀ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਅਡੋਲ ਰਹੇ।

ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਇਤਮਾਦਲ ਦੌਲਾ ਮੁਹੰਮਦ ਅਮੀਨ ਖਾਂ ਜੋ ਬਾਬਾ ਜੀ ਦੇ ਕੋਲ ਖੜ੍ਹਾ ਸੀ। ਇਸ ਸ਼ਹੀਦੀ ਦਾ ਉਸਦੇ ਮਨ ’ਤੇ ਅਸਰ ਹੋਇਆ ਤਾਂ ਉਹ ਕਹਿ ਉਠਿਆ ਕਿ ਅਜਿਹੀ ਸਿਆਣਪ, ਸਾਊਪੁਣੇ ਤੇ ਉਚਿਤਾ ਦੇ ਮਾਲਕ ਨੇ ਦੁਨੀਆਂ ਨੂੰ ਅਜਿਹੇ ਵਖਤਾਂ ਵਿਚ ਕਿਉਂ ਪਾਇਆ ਅਤੇ ਆਪਣੀ ਜਾਨ ਨੂੰ ਇਸ ਬਿਪਤਾ ਵਿਚ ਫਸਾਇਆ।

ਜਲਾਦ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ ਪੈਰ ਵੱਢਣ ਉਪਰੰਤ ਭਖਦੇ ਹੋਏ ਨਾਲ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅਜਿਹੇ ਅਣਮਨੁੱਖੀ ਤਸੀਹੇ ਸਹਿੰਦਿਆਂ ਬਬਾ ਜੀ ਜੂਨ 9, 1716 ਨੂੰ ਸ਼ਹੀਦੀ ਪਾ ਗਏ।

ਬਾਬਾ ਜੀ ਦੇ 6 ਸਾਲ ਦੇ ਰਾਜ ਪ੍ਰਬੰਧ ਦੀਆਂ ਵਿਸ਼ੇਸ਼ਤਾਈਆਂ ਹਨ ਕਿ ਬਾਬਾ ਜੀ ਸਿੱਖ ਕੌਮ ਦੇ ਉਹ ਸਿਪਾਹੀ ਹਨ, ਜਿਹਨਾਂ ਸਿੱਖ ਧਰਮ ਵਿਚ ਬਹਾਦਰੀ ਦੇ ਸਿਧਾਂਤ ਨੂੰ ਅਗਾਂਹ ਤੋਰਿਆ। ਖਾਲਸੇ ਨੇ ਬਰਾਬਰਤਾ ਦੇ ਸਿਧਾਂਤ ’ਤੇ ਪਹਿਰਾ ਦਿੰਦਿਆਂ ਪਹਿਲੀ ਵਾਰ ਰਾਜਸੀ ਸੱਤਾ ਦੇ ਕਬਜ਼ਾ ਕੀਤਾ। ਉਹਨਾਂ ਨੇ ਨੀਚਾਂ ਵਿਚੋਂ ਨੀਚ ਨੂੰ ਹਾਕਮ ਬਣਾਇਆ। ਖਾਲਸੇ ਨੇ ਜਿਸ ਇਲਾਕੇ ’ਤੇ ਕਬਜ਼ਾ ਕੀਤਾ, ਉਸ ਸੂਬੇ ਦਾ ਪਹਿਲਾ ਹਾਕਮ ਭਾਈ ਬੀਰ ਸਿੰਘ ਨੂੰ ਥਾਪਿਆ ਜੋ ਇਕ ਨੀਵੀਂ ਜਾਤ ਵਿਚੋਂ ਸਨ। ਉਹਨਾਂ ਦੇ ਰਾਜ ਵਿਚ ਸਿੱਖ ਇਕ ਅਜਿੱਤ ਕੌਮ ਦੇ ਰੂਪ ਵਿਚ ਸਾਹਮਣੇ ਆਏ।

ਉਹਨਾਂ ਦੇ ਰਾਜ ਕਾਲ ਵਿਚ ਹਰ ਇਕ ਨੂੰ ਬਰਾਬਰ ਆਜ਼ਾਦੀ ਸੀ। ਉਹ ਕਿਸੇ ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀ ਸਨ। ਉਹਨਾਂ ਤੋਂ ਬਾਅਦ 1717-1748 ਤੱਕ ਮੁਗਲਾਂ ਦੇ ਅਕਹਿ ਜ਼ੁਲਮ ਸਹਿ ਕੇ ਵੀ ਖਾਲਸੇ ਦੀਆਂ ਬਾਰਾਂ ਮਿਸਾਲਾਂ ਹੋਂਦ ਵਿਚ ਆਈਆਂ, ਫਿਰ 1801 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਵਿਸ਼ਾਲ ਖਾਲਸਾ ਰਾਜ ਸਥਾਪਤ ਕੀਤੇ।

ਬਾਬਾ ਜੀ ਨੇ ਜਨਤੰਤਰ ਦੀ ਨੀਂਹ ਰੱਖੀ। ਡਾ. ਗੰਡਾ ਸਿੰਘ ਜੀ ਅਨੁਸਾਰ ਬਾਬਾ ਜੀ ਦੀ ਅਗਵਾਈ ਹੇਠ ਖਾਲਸੇ ਨੇ ਜ਼ਿਮੀਦਾਰਾ ਪ੍ਰਬੰਧ ਖਤਮ ਕੀਤਾ। ਜ਼ਮੀਨ ਤੇ ਉਹਨਾਂ ਕਿਸਾਨਾਂ ਦੀ ਮਾਲਕੀ ਕੀਤੀ ਜੋ ਖੁਦ ਹੱਲ ਵਾਹੁੰਦੇ ਸਨ। ਅਜਿਹੇ ਲੋਕਾਂ ਨੂੰ ਉਘਾ ਕੀਤਾ ਜੋ ਬੇਜ਼ਮੀਨੇ ਅਤੇ ਨਿਖਿੱਧ ਸਨ।

ਬਾਬਾ ਜੀ ਇਕ ਸੂਰਬੀਰ ਯੋਧਾ, ਸਫਲ ਪ੍ਰਬੰਧਕ, ਸਿਦਕੀ ਅਤੇ ਧਰਮੀ ਸਿੱਖ ਸਨ। ਉਹਨਾਂ ਦੀ ਸਿੱਖ ਕੌਮ ਨੂੰ ਦੇਣ ਬੇਮਿਸਾਲ ਹੈ। ਉਹਨਾਂ ਦੀ ਵਿਲੱਖਣ ਸ਼ਹੀ ਅਤੇ ਉਹਨਾਂ ਦਾ ਸਿੱਖ ਪੰਥ ਦੀ ਸਥਾਪਤੀ ਵਿਚ ਪਾਏ ਯੋਗਦਾਨ ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ। ਕੌਮ ਦਾ ਪ੍ਰਮਾਣ ਹੈ।

ਅੰਤਿਕਾ:- ਜੋ ਮਨੁੱਖ ਜਗਤ-ਰੂਪ ਰਣਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ’ਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ ਜਦੋਂ ਇਹਨਾਂ ਨਾਲ ਲੜਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ। ਉਸਦੇ ਦਸਮ ਦੁਆਰ ਵਿਚ ਧੌਂਸਾ ਵੱਜਦਾ ਹੈ। ਉਸਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸਦਾ ਮਨ ਪ੍ਰਭੂ ਚਰਨਾਂ ਵਿਚ ਉਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿਚ ਪ੍ਰਭੂ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇਕ ਸੂਰਮਾ ਹੋਰ ਵੀ ਹੈ। ਉਸ ਮਨੁੱਖ ਨੂੰ ਵੀ ਸੂਰਮਾ ਸਮਝਣਾ ਚਾਹੀਦਾ ਹੈ। ਜੋ ਗਰੀਬ ਦੀ ਖਾਤਰ ਲੜਦਾ ਹੈ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ-ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਰ ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ।

ਅੰਗ 1105- ਭਗਤ ਕਬੀਰ ਜੀ।

# ਦੌੜਾਕ ਮੱਖਣ ਸਿੰਘ ਜਿਸ ਨੇ ਹਰਾਇਆ ਸੀ ਮਿਲਖਾ ਸਿੰਘ ਨੂੰ



ਹਰਦੀਪ ਸਿੰਘ ਚੁੰਬਰ
91-94636-01616

ਮੱਖਣ ਸਿੰਘ ਦਾ ਜਨਮ 20 ਅਕਤੂਬਰ 1938 ਨੂੰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬਠੂਲਾ ਵਿੱਚ ਹੋਇਆ ਸੀ। 1955 ਵਿਚ ਭਾਰਤੀ ਫੌਜ ਵਿਚ ਭਰਤੀ ਹੋਣ ਤੋਂ ਬਾਅਦ, ਸਿੰਘ ਨੇ ਅਥਲੈਟਿਕਸ ਵਿਚ ਭਾਗ ਲੈਣਾ ਸੁਰੂ ਕੀਤਾ। ਉਸਦੀ ਪਹਿਲੀ ਜਿੱਤ 1959 ਵਿੱਚ ਹੋਈ ਜਦੋਂ ਉਸਨੇ ਕਟਕ ਰਾਸ਼ਟਰੀ ਖੇਡਾਂ ਵਿੱਚ ਭਾਗ ਲੈਂਦੇ ਹੋਏ ਕਾਂਸੀ ਦਾ ਤਗਮਾ ਜਿੱਤਿਆ ਸੀ। ਉਹ ਬਹੁਤ ਮਿਹਨਤੀ ਦੌੜਾਕ ਸੀ।

1960 ਵਿਆਂ ਦੌਰਾਨ ਇੱਕ ਭਾਰਤੀ ਟ੍ਰੈਕ ਅਤੇ ਫੀਲਡ ਅਥਲੀਟ ਸੀ। ਅਗਲੇ ਸਾਲ 1960 ਵਿੱਚ, ਦਿੱਲੀ ਵਿੱਚ ਨੈਸ਼ਨਲ ਖੇਡਾਂ ਵਿੱਚ, ਸਿੰਘ ਨੇ ਸ਼ਾਰਟ ਸਪ੍ਰਿੰਟ ਵਿੱਚ ਇੱਕ ਸੋਨ ਤਗਮਾ ਅਤੇ 300 ਮੀਟਰ ਵਿੱਚ ਇੱਕ ਚਾਂਦੀ ਦਾ ਤਗਮਾ ਜਿੱਤਿਆ। ਮਹਾਨ 'ਫਲਾਇੰਗ ਸਿੱਖ' ਪਹਿਲਾਂ ਹੀ 1960 ਵਿਚ ਰੋਮ ਵਿਚ ਇਕ ਓਲੰਪਿਕ ਤਗਮਾ ਗੁਆ ਚੁੱਕਾ ਸੀ। ਉਸਦੀ ਪ੍ਰਸਿੱਧੀ ਦਾ ਸਿਖਰ ਕਲਕੱਤਾ ਵਿੱਚ 1962 ਦੀਆਂ ਭਾਰਤ ਦੀਆਂ ਰਾਸ਼ਟਰੀ ਖੇਡਾਂ ਸਨ ਜਿਸ ਵਿੱਚ ਉਸ ਨੇ ਮਿਲਖਾ ਸਿੰਘ ਨੂੰ ਦੌੜ ਵਿੱਚ ਪਿੱਛੇ ਛੱਡ ਦਿਤਾ ਸੀ। ਉਸਨੇ ਰਾਸ਼ਟਰੀ ਖੇਡਾਂ ਵਿੱਚ ਕਈ ਸੋਨੇ ਦੇ ਤਗਮੇ ਜਿੱਤੇ, ਅਤੇ 1962 ਦੀਆਂ ਏਸ਼ੀਆਈ ਖੇਡਾਂ ਅਤੇ 1964 ਦੇ ਸਮਰ ਓਲੰਪਿਕ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ।



ਬਾਅਦ ਵਿੱਚ ਆਪਣੇ ਇੱਕ ਇੰਟਰਵਿਊ ਵਿੱਚ, ਮਿਲਖਾ ਸਿੰਘ ਨੇ ਕਿਹਾ, "ਜੇਕਰ ਟਰੈਕ ਉੱਤੇ ਕੋਈ ਅਜਿਹਾ ਵਿਅਕਤੀ ਸੀ ਜਿਸ ਤੋਂ ਮੈਨੂੰ ਡਰ ਲਗਦਾ ਸੀ, ਉਹ ਸੀ ਮੱਖਣ ਸਿੰਘ। ਉਹ ਇਕ ਬਹੁਤ ਤੇਜ ਅਥਲੀਟ ਸੀ ਜਿਸਨੇ ਮੇਰੇ ਨਾਲੋਂ ਵਧੀਆ ਪ੍ਰਦਰਸ਼ਨ ਦਿਖਾਇਆ। ਮੈਂ ਉਸ ਨੂੰ ਪਾਕਿਸਤਾਨ ਦੇ ਅਬਦੁੱਲ ਖਾਲਿਕ ਤੋਂ ਉੱਚਾ ਰੁਤਬਾ ਦਿਆਂਗਾ।"

ਉਸਦੀ ਸਫਲਤਾ ਦਾ ਪਹਿਲਾ ਸਵਾਦ 1959 ਵਿਚ ਕਟਕ ਵਿਚ ਆਯੋਜਿਤ ਰਾਸ਼ਟਰੀ ਖੇਡਾਂ ਵਿਚ ਇਕ ਕਾਂਸੀ ਮੈਡਲ ਸੀ। ਅਗਲੇ ਸਾਲ ਉਸਨੇ ਦਿੱਲੀ ਵਿੱਚ ਨੈਸ਼ਨਲ ਖੇਡਾਂ ਨਾਲ ਖਤਮ ਕੀਤਾ, ਜਦੋਂ ਉਸਨੇ ਸ਼ੌਰਟ ਸਪ੍ਰਿੰਟ ਵਿੱਚ ਇੱਕ ਸੋਨ ਅਤੇ 300 ਮੀਟਰ ਵਿੱਚ ਇੱਕ ਚਾਂਦੀ ਦਾ ਤਗਮਾ ਜਿੱਤਿਆ ਸੀ। ਉਸ ਨੇ ਅਗਲੀਆਂ ਰਾਸ਼ਟਰੀ ਖੇਡਾਂ ਵਿਚ ਇਸ ਸਫਲਤਾ ਨੂੰ ਜਾਰੀ ਰੱਖਣਾ ਸੀ, 1960 ਵਿਚ ਮਦਰਾਸ ਵਿਚ ਇਕ ਸੋਨੇ ਦਾ ਅਤੇ ਇਕ ਚਾਂਦੀ ਦਾ, 1962 ਵਿਚ ਜਬਲਪੁਰ ਵਿਚ ਚਾਰ ਸੋਨੇ ਅਤੇ 1963 ਵਿਚ ਤ੍ਰਿਵੰਦ੍ਰਮ ਵਿਚ ਦੋ ਸੋਨੇ ਅਤੇ ਇਕ ਚਾਂਦੀ ਦੋ ਮੈਡਲ ਜਿੱਤੇ ਸਨ। ਉਸਦੀ ਸਭ ਤੋਂ ਵੱਡੀ ਜਿੱਤ ਕਲਕੱਤਾ ਵਿੱਚ 1962 ਦੀਆਂ ਰਾਸ਼ਟਰੀ ਖੇਡਾਂ ਵਿੱਚ ਹੋਈ ਸੀ ਜਿੱਥੇ ਉਸਨੇ ਮਿਲਖਾ 'ਤੇ ਸਨਸਨੀਖੇਜ਼ ਜਿੱਤ ਤੋਂ ਇਲਾਵਾ ਚਾਰ ਸੋਨ ਤਗਮੇ ਜਿੱਤੇ। ਉਸਨੇ ਜਕਾਰਤਾ ਵਿਚ 1962 ਦੀਆਂ ਏਸ਼ੀਅਨ ਖੇਡਾਂ ਵਿਚ ਭਾਰਤ ਦੀ ਨੁਮਾਇੰਦਗੀ ਕੀਤੀ ਜਿਥੇ ਉਸਨੇ 4 400 ਮੀਟਰ ਵਿਚ ਇਕ ਰਿਲੇ ਸੋਨਾ ਅਤੇ 400 ਮੀਟਰ ਵਿਚ ਇਕ ਚਾਂਦੀ ਦਾ ਮੈਡਲ ਜਿੱਤਿਆ ਸੀ।

ਤੋਪਖਾਨੇ ਦਾ ਗਨਰ ਮੱਖਣ ਸਿੰਘ ਲਈ ਰਾਸ਼ਟਰੀ ਖੇਡਾਂ ਦਾ ਵਿਸ਼ੇਸ਼ ਮਹੱਤਵ ਸੀ। ਉਸਨੇ 1959 ਤੋਂ 1964 ਤੱਕ ਦੀਆਂ ਸਾਰੀਆਂ ਖੇਡਾਂ ਵਿੱਚ ਹਿੱਸਾ ਲਿਆ ਅਤੇ ਕੁਲ 12 ਸੋਨੇ, ਤਿੰਨ ਚਾਂਦੀ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ, ਜਿਹੜਾ ਕਿ ਆਖਰੀ ਮੈਚ ਕਲਕੱਤਾ ਵਿੱਚ ਰਿਹਾ ਜਿਥੇ ਉਸਨੇ ਆਪਣੀ ਸਰਵਉੱਚ ਪੇਸ਼ਕਾਰੀ ਕੀਤੀ। ਉਸਨੇ 1964 ਦੇ ਟੋਕਿਓ ਓਲੰਪਿਕ ਵਿੱਚ ਹਿੱਸਾ ਲਿਆ, ਜਿੱਥੇ ਉਹ ਭਾਰਤੀ ਪੁਰਸ਼ਾਂ ਦੀ 4100 ਮੀਟਰ ਰਿਲੇਅ ਟੀਮ ਦੇ ਨਾਲ ਨਾਲ 4400 ਮੀਟਰ ਰਿਲੇਅ ਟੀਮ ਦਾ ਹਿੱਸਾ ਸੀ। ਉਸਨੂੰ 1964 ਵਿੱਚ ਅਰਜੁਨ ਪੁਰਸਕਾਰ ਨਾਲ ਸਨਮਾਮਿਤ ਕੀਤਾ ਗਿਆ ਸੀ।

1972 ਵਿਚ ਸੂਬੇਦਾਰ ਵਜੋਂ ਸੇਵਾਮੁਕਤ ਹੋਣ ਬਾਅਦਓਲੰਪਿਅਨ ਲਈ ਜ਼ਿੰਦਗੀ ਸੌਖੀ ਨਹੀਂ ਸੀ। ਵਿਸ਼ਵ ਦੇ ਸਭ ਤੋਂ ਵੱਡੇ ਖੇਡਾਂ ਦੇ ਖੇਤਰ ਵਿੱਚ ਦੇਸ਼ ਦੀ ਨੁਮਾਇੰਦਗੀ ਕਰਨ ਤੋਂ ਬਾਅਦ ਵੀ, ਸਿੰਘ ਨੇ ਜਿੰਦਗੀ ਵਿੱਚ ਗਰੀਬੀ ਤੰਗੀਆਂ-ਤੁਰਸੀਆਂ ਦਾ ਮੁਕਾਬਲਾ ਕਰਨ ਲਈ ਸਾਰੀ ਉਮਰ ਸੰਘਰਸ਼ ਕੀਤਾ। ਸੇਵਾਮੁਕਤੀ ਤੋਂ ਬਾਅਦ, ਮੱਖਣ ਸਿੰਘ ਨੇਟਰੱਕ ਚਲਾਉਣਾ ਸੁਰੂ ਕਰ ਦਿਤਾ ਸੀ। ਉਹ ਮੁੰਬਈ, ਪੁਣੇ, ਨਾਗਪੁਰ ਅਤੇ ਹੋਰ ਬਹੁਤ ਸਾਰੀਆਂ ਥਾਵਾਂ 'ਤੇ ਮਾਲ ਚੁੱਕਣ ਅਤੇ ਮਾਲ ਪਹੁੰਚਾਉਣ ਦੇ ਕੰਮ ਕਰਨ ਲਗਾ ਸੀ। ਆਪਣੀ ਕਿਤਾਬ ਭੁੱਲੇ ਹੀਰੋ: ਕਿੰਗ ਆਫ਼ ਰੇਸਿੰਗ ਪਾਥਜ਼ ਵਿਚ ਲੇਖਕ ਪ੍ਰਤੀਕ ਸ਼ਰਮਾ ਲਿਖਦਾ ਹੈ ਕਿ ਜਦੋਂ ਸਿੰਘ ਨੂੰ ਉਸਦੇ ਸਾਥੀਆਂ ਨੇ ਪੁੱਛਿਆ ਕਿ ਉਹ ਉੱਚੇ ਪੱਧਰ 'ਤੇ ਦੇਸ਼ ਦੀ ਨੁਮਾਇੰਦਗੀ ਕਰਨ ਦੇ ਬਾਵਜੂਦ ਕਿਉਂ ਟਰੱਕ ਚਲਾ ਰਿਹਾ ਹੈ, ਤਾਂ ਉਸਨੇ ਕਿਹਾ, "ਜੇ ਤੁਸੀ ਆਪਣੀ ਸਫਲਤਾ ਬਾਰੇ ਸ਼ੇਖੀ ਮਾਰੋ, ਉਹ ਸਫਲਤਾ ਵੱਡੀ ਨਹੀਂ ਹੈ। ਜੇ ਦੁਨੀਆ ਤੁਹਾਡੀ ਸਫਲਤਾ ਨੂੰ ਮਾਨਤਾ ਦਿੰਦੀ ਹੈ, ਤਾਂ ਇਹ ਇਕ ਅਸਲ ਪ੍ਰਾਪਤੀ ਹੈ।"



1974 ਵਿੱਚ, ਸਿੰਘ ਨੇ 21 ਸਾਲਾ ਸਲਿੰਦਰ ਕੌਰ ਨਾਲ ਵਿਆਹ ਕਰਵਾ ਲਿਆ ਅਤੇ ਉਸਦੇ ਨਾਲ ਤਿੰਨ ਬੱਚੇ ਹੋਏ- ਇੰਦਰਪਾਲ ਸਿੰਘ, ਗੁਰਵਿੰਦਰ ਸਿੰਘ ਅਤੇ ਪਰਮਿੰਦਰ ਸਿੰਘ। ਜਦੋਂ ਕਿ ਛੋਟਾ ਇੰਦਰਪਾਲ ਅਤੇ ਗੁਰਵਿੰਦਰ ਦੀ ਬਿਮਾਰੀ ਅਤੇ ਡਾਕਟਰੀ ਸਹਾਇਤਾ ਦੀ ਘਾਟ ਕਾਰਨ 2013 ਵਿੱਚ ਦਿਹਾਂਤ ਹੋ ਗਿਆ, ਸਭ ਤੋਂ ਵੱਡਾ ਪਰਮਿੰਦਰ ਸਰੀਰਕ ਤੌਰ 'ਤੇ ਪੂਰਾ ਤੰਦਰੁਸਤ ਨਹੀਂ।

ਸੇਵਾ-ਮੁਕਤੀ ਦੇ ਤਕਰੀਬਨ ਦੋ ਦਹਾਕਿਆਂ ਬਾਅਦ 1990 ਵਿਚ ਇਸ ਦੌੜਾਕ ਨਾਲ ਇਕ ਮੰਦਭਾਗਾ ਹਾਦਸਾ ਹੋਇਆ, ਉਸਦੀ ਸੱਜੀ ਸ਼ੀਸ਼ੇ ਦੇ ਟੁਕੜੇ ਨਾਲ ਜਖਮੀ ਹੋ ਗਈ ਸੀ। ਉਸ ਨੇ ਸੱਟ ਨੂੰ ਗੰਭੀਰਤਾ ਨਾਲ ਨਹੀਂ ਲਿਆ ਅਤੇ ਬਾਅਦ ਵਿਚ ਉਸ ਨੂੰ ਗੈਂਗਰੇਨ ਹੋਣ ਦਾ ਪਤਾ ਲੱਗਿਆ। ਉਸਨੂੰ ਸੂਗਰ ਸੀ, ਡਾਕਟਰਾਂ ਨੇ ਉਸਦੀ ਲੱਤ ਕੱਟਣ ਦਾ ਸੁਝਾਅ ਦਿੱਤਾ ਸੀ। ਮੱਖਣ ਸਿੰਘ ਆਪਣੇ ਅੰਗ ਕੱਟਣ ਲਈ ਮਜ਼ਬੂਰ ਹੋ ਗਿਆ, ਲੱਤ ਕਟਵਾਉਣੀ ਪਈ। ਮਾਮਲਿਆਂ ਨੂੰ ਹੋਰ ਵਿਗੜਣ ਲਈ, ਸਰਕਾਰ ਕੋਲੋਂ ਕੋਈ ਵਿੱਤੀ ਸਹਾਇਤਾ ਨਹੀਂ ਮਿਲੀ। ਸ਼ਰਮਾ ਆਪਣੀ ਕਿਤਾਬ ਵਿਚ ਲਿਖਦਾ ਹੈ ਕਿ ਇਕ ਸਵੈਮਾਣ ਵਾਲੇ ਆਦਮੀ, ਸਿੰਘ ਨੇ ਆਪਣੀ ਭੈਣ ਸੁਰਜੀਤ ਕੌਰ ਤੋਂ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ, ਪਰ ਆਖਰਕਾਰ, ਉਸ ਨੂੰ ਨਕਲੀ ਲੱਤ ਪਾਉਣ ਲਈ ਪਿੰਡ ਦੇ ਇਕ ਗੁਆਂਢੀ ਤੋਂ ਉਧਾਰ ਲੈਣਾ ਪਿਆ। ਜਦੋਂ ਉਸ ਲਈ ਟਰੱਕ ਚਲਾਉਣਾ ਅਸੰਭਵ ਹੋ ਗਿਆ, ਤਾਂ ਸਿੰਘ ਨੇ ਚੱਬੇਵਾਲ ਪਿੰਡ ਵਿਚ ਇਕ ਸਟੇਸ਼ਨਰੀ ਦੀ ਦੁਕਾਨ ਖੋਲ੍ਹੀ ਅਤੇ 3 ਕਿਲੋਮੀਟਰ ਸਾਈਕਲ ਚਲਾ ਕੇ ਪਹੁੰਚਦਾ ਸੀ।

21 ਜਨਵਰੀ 2002 ਵਿੱਚ, 65 ਸਾਲ ਦੀ ਉਮਰ ਵਿੱਚ, ਸਿੰਘ ਚੱਬੇਵਾਲ ਵਿੱਚ ਹਾਰਟ ਅਟੈਕ ਨਾਲ ਉਹਨਾ ਦੀ ਮੌਤ ਹੋ ਗਈ।

ਉਸਦਾ ਪਰਿਵਾਰ ਗਰੀਬੀ ਵਿਚ ਰਹਿੰਦਾ ਸੀ। ਸ਼ਰਮਾ ਨੇ ਲਿਖਿਆ, "ਮੱਖਣ ਸਿੰਘ ਦੀ ਦੁਖਦਾਈ ਢੰਗ ਨਾਲ ਮੌਤ ਹੋ ਗਈ ਸੀ ਅਤੇ ਉਸ ਦਾ ਪਰਿਵਾਰ ਗਰੀਬੀ ਨਾਲ ਜੂਝਦਾ ਅਤਿ ਦੀ ਗਰੀਬੀ ਦੀ ਸਥਿਤੀ ਵਿੱਚ ਪਹੁੰਚ ਗਿਆ ਸੀ ਕਿ ਉਹਸਿਰਫ ਲੋੜਾਂ ਨੂੰ ਪੂਰਾ ਕਰਨ ਲਈ ਆਪਣੇ ਇਨਾਮਾਂ ਦੇ ਨਾਲ-ਨਾਲ ਖੇਡਾਂ ਦੇ ਬਲੇਜ਼ਰ ਵੇਚਣ ਤਕ ਦੀ ਨੌਬਤ ਆਈ।"

****

# ਮਰਨ ਵਰਤ ਦੀਆਂ ਧਮਕੀਆਂ ਬੇਅਸਰ- ਸ੍ਰੀ ਗਾਂਧੀ



ਹਰਦੀਪ ਸਿੰਘ ਚੁੰਬਰ
+91-94636-01616

ਬ੍ਰਿਟਿਸ਼-ਭਾਰਤ ਵਿੱਚ 1906 ਤੋਂ ਲੈਕੇ 1932 ਤਕ ਸਮਾਜਿਕ ਸੁਧਾਰ ਲਈ ਕਈ ਕੰਮ ਕੀਤੇ। ਪੁਰਾਣੀ ਬ੍ਰਾਹਮਣੀ ਵਿਵਸਤਾ ਦਾ ਬਹੁਤ ਕੁਝ ਬਦਲਿਆ। ਸ੍ਰੀ ਗਾਂਧੀ ਅਤੇ ਉਹਨਾ ਦੇ ਸਹਿਯੋਗੀ ਬ੍ਰਾਹਮਣਵਾਦ ਦੇ ਸ਼ਬਦ ਤੋਂ ਬਦਲ ਹਿੰਦੂਵਾਦ ਦਾ ਪ੍ਰਚਾਰ, ਪਸਾਰ ਕਰਨ ਲਗੇ। ਕਾਰਨ ਵੋਟ ਪ੍ਰਨਾਲੀ ਵਿੱਚ ਬਹੁਮਤ ਜੁਟਾਉਣ ਦਾ ਸੀ। "ਡੀਪਰੈਸਡ ਵਰਗਾਂ" ਲਈ ਕਮਿਊਨਲ ਅਵਾਰਡ ਦਾ ਮਤਲਵ "ਡੀਪਰੈਸਡ ਵਰਗਾਂ" ਨੂੰ ਬ੍ਰਾਹਮਣਵਾਦੀ ਸਮਾਜ ਦੇ ਪੰਜੇ ਵਿੱਚੋ ਕੱਢਕੇ ਅਜਾਦ ਕਰਨ ਜਾ ਰਿਹਾ ਸੀ।

ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੱਘ ਜੀ ਨੇ ਸਮਾਜ ਦੇ ਦੱਬੇ ਕੁਚਲੇ ਗਰੀਬ ਲੋਕਾਂ ਨੂੰ ਖਾਲਸਾ ਵੀ ਸਜਾਕੇ ਕਿਹਾ ਸੀ। "ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ, ਯਿਹ ਯਾਦ ਰਖੈਂ ਹਮਰੀ ਗੁਰਿਆਈ"। ਉਹਨਾ ਦੀ ਜੋ ਸਮਾਜ ਨੂੰ ਦੇਣ ਹੈ ਕੋਈ ਨਹੀਂ ਦੇ ਸਕਦਾ। ਬ੍ਰਾਹਮਣੀ ਵਰਣ ਅਤੇ ਜਾਤੀ ਵੰਡ ਨੇ ਸਮਾਜ ਦਾ ਮੂਲਨਿਵਾਸੀ ਵਰਗ ਹਜਾਰਾਂ ਸਾਲਾਂ ਤੋਂ ਬੇਦਖਲ ਵੰਚਿਤ ਕਰ ਉਸ ਦੇ ਜੀਵਨ ਵਿੱਚ ਹਨੇਰਾ ਭਰ ਦਿਤਾ ਸੀ। ਉਹ ਸਾਰੀ ਉਮਰ ਜੁਲਮ ਦੇ ਖਿਲਾਫ ਲੜਦੇ ਰਹੇ। ਸਿੱਖ ਧਰਮ ਮਾਨਵ ਬਰਾਬਰੀ ਨੂੰ ਅਧਾਰ ਮੰਨਦਾ ਹੈ। ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥1॥ (ਗੁਰੂ ਗ੍ਰੰਥ ਸਾਹਿਬ ਪੰਨਾ 1127-28)।




ਜਦੋਂ 16 ਅਗਸਤ 1932 ਨੂੰ "ਡੀਪਰੈਸਡ ਵਰਗਾਂ"ਲਈ ਕਮਿਊਨਲ ਅਵਾਰਡ ਦੇਣ ਦੀ ਘੋਸ਼ਣਾ ਕੀਤੀ ਗਈ ਦਾ ਪਤਾ ਲਗਿਆ। 17 ਅਗਸਤ ਨੂੰ ਪੜ੍ਹਕੇ ਸ੍ਰੀ ਗਾਂਧੀ ਨੂੰ ਪਤਾ ਲਗਿਆ ਕਿ ਉਨ੍ਹਾਂ ਦੀਆਂ ਧਮਕੀਆਂ ਦਾ ਕੋਈ ਅਸਰ ਨਹੀਂ ਹੋਇਆ। ਇਹ ਚੇਤਾਵਨੀ ਦੇਣ ਤੋਂ ਬਾਅਦ, ਸ੍ਰੀ ਗਾਂਧੀ ਉਸ ਰਾਤ ਇਹ ਸੋਚਦਿਆਂ ਸੌਂ ਗਏ ਕਿ ਉਨ੍ਹਾਂ ਦੇ ਮਰਨ ਵਰਤ ਦੀਆਂ ਧਮਕੀਆਂ ਬਾਰ ਬਾਰ ਦੁਹਰਾਓ ਤੋਂ ਬਾਅਦ ਵੀ ਇਹ ਬ੍ਰਿਟਿਸ਼ ਸਰਕਾਰ ਨੂੰ "ਅਨਟਚਏਬਲਾਂ ਦੇ ਲਈ ਵਿਸ਼ੇਸ਼ ਪ੍ਰਤੀਨਿਧਤਾ ਦੀ ਮੰਗ ਨੂੰ ਸਵੀਕਾਰ ਕਰਨ ਤੋਂ ਰੋਕਣ"ਲਈ ਕਾਫ਼ੀ ਨਹੀਂ ਸੀ। ਉਸਨੇ ਸਭ ਤੋਂ ਪਹਿਲਾਂ ਕਮਿਊਨਲ ਅਵਾਰਡ ਦੀਆਂ ਸ਼ਰਤਾਂ ਨੂੰ ਸੋਧਕੇ ਬਦਲਾਉਂ ਦੀ ਕੋਸ਼ਿਸ਼ਿ ਕੀਤੀ। ਅਗਲੇ ਦਿਨ 18 ਅਗਸਤ 1932 ਨੂੰ ਉਸਨੇ ਪ੍ਰਧਾਨ ਮੰਤਰੀ ਨੂੰ ਹੇਠ ਲਿਖੀ ਚਿੱਠੀ ਨੂੰ ਸੰਬੋਧਿਤ ਕੀਤਾ:

ਯਰਵਦਾ ਕੇਂਦਰੀ ਜੇਲ,
18 ਅਗਸਤ, 1932.
ਪਿਆਰੇ ਦੋਸਤ,

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਰ ਸੈਮੂਅਲ ਹੋਅਰ ਨੇ ਤੁਹਾਨੂੰ ਅਤੇ ਕੈਬਨਿਟਨੂੰ, ਮੇਰਾ 11 ਮਾਰਚ ਦਾ ਪੱਤਰ "ਡੀਪਰੈਸਡ ਵਰਗਾਂ" ਦੀ ਨੁਮਾਇੰਦਗੀ ਦੇ ਸਵਾਲ 'ਤੇ ਵਿੱਚ ਦਿਖਾਇਆ ਹੈ। ਇਹ ਚਿੱਠੀ ਵੀਉਸਚਿੱਠੀ ਦੇ ਹਿੱਸੇ ਵਜੋਂ ਪੜ੍ਹਨੀ ਚਾਹੀਦੀ ਹੈ।

**ਵਰਤ ਰੱਖਣ ਦਾ ਫੈਸਲਾ**

ਮੈਂ ਘੱਟ ਗਿਣਤੀਆਂ ਦੀ ਨੁਮਾਇੰਦਗੀ ਬਾਰੇ ਬ੍ਰਿਟਿਸ਼ ਸਰਕਾਰ ਦੇ ਫੈਸਲੇ ਨੂੰ ਪੜ੍ਹ ਲਿਆ ਹੈ ਅਤੇ ਇਸ ਤੇ ਮੈਂ ਹੈਰਾਨ ਹੋ ਗਿਆ ਹਾਂ। ਸਰ ਸੈਮੂਅਲ ਹੋਅਰ ਨੂੰ ਮੇਰੀ ਲਿਖੀ ਚਿੱਠੀ ਅਤੇ 13 ਨਵੰਬਰ 1931 ਨੂੰ ਗੋਲ ਟੇਬਲ ਕਾਨਫਰੰਸ ਦੀ ਘੱਟਗਿਣਤੀ ਕਮੇਟੀ ਦੀ ਮੀਟਿੰਗ ਵਿੱਚ ਮੇਰੇ ਐਲਾਨ ਦੇ ਬਾਅਦ, ਮੈਨੂੰ ਤੁਹਾਡੇ ਫੈਸਲਿਆਂ ਦਾ ਵਿਰੋਧ ਸੇਂਟ ਜੇਮਜ਼ ਪੈਲੇਸ ਵਿਖੇ ਆਪਣੀਜਾਨ ਗੁਆ ਕੇ ਕਰਨਾ ਪਏਗਾ। ਇਕੋ ਇਕ ਤਰੀਕਾ ਹੈ ਮੈਂ ਇਹ ਕਰ ਸਕਦਾ ਹਾਂ ਕਿ ਮਰਨ ਵਰਤ ਰੱਖਣਾ। ਪਾਣੀ ਨੂੰ ਛਡ ਕੇ, ਲੂਣ ਅਤੇ ਸੋਡੇ ਦੇ ਬਿਨਾਂ ਕਿਸੇ ਵੀ ਤਰ੍ਹਾਂ ਦੇ ਖਾਣੇ ਨਾਲ ਮਰਨ ਵਰਤ ਰੱਖਣਾ।

... (ਸੇਂਟ ਜੇਮਜ਼ ਪੈਲੇਸ ਯੂਨਾਈਟਿਡ ਕਿੰਗਡਮ ਦਾ ਸਭ ਤੋਂ ਸੀਨੀਅਰ ਸ਼ਾਹੀ ਮਹਿਲ ਹੈ। ਇਸ ਨੂੰ ਸੇਂਟ ਜੇਮਜ਼ ਦਾ ਦਰਬਾਰ ਵਿ ਕਿਹਾ ਜਾਂਦਾ ਹੈ। ਜੋ ਕਿ ਰਾਜੇ ਦੀ ਸ਼ਾਹੀ ਦਰਬਾਰ ਹੈ ਅਤੇ ਲੰਡਨ ਦੇ ਸ਼ਹਿਰ ਵੈਸਟਮਿੰਸਟਰ ਵਿੱਚ ਸਥਿਤ ਹੈ।)

ਜੇ ਇਸ ਦੀ ਮਰਨ ਵਰਤ ਦੇ ਚਲਦੇ ਸਮੇਂ ਵਿੱਚ ਬ੍ਰਿਟਿਸ਼ ਸਰਕਾਰ ਆਪਣੇ ਫੈਸ਼ਲੇ ਨੂੰ ਬਦਲਣ ਲਈ ਲੋਕ ਰਾਏ ਦੇ ਦਬਾਅ ਹੇਠ ਆਉਂਦੀ ਹੈ, ਤਾਂ ਇਹ ਵਰਤ ਖਤਮ ਹੋ ਜਾਵੇਗਾ। ਆਪਣੇ ਫੈਸਲਿਆਂ ਨੂੰ ਸੋਧੇ ਅਤੇ "ਡੀਪਰੈਸਡ ਵਰਗਾਂ"ਦੇ ਕਮਿਊਨਿਲ ਅਵਾਰਡ ਦੀ ਯੋਜਨਾ ਨੂੰ ਵਾਪਸ ਲਵੇ, ਉਨ੍ਹਾਂ ਦੇ ਨੁਮਾਇੰਦੇ ਆਮ ਵੋਟਰ ਪ੍ਰਨਾਲੀ ਦੁਆਰਾ ਸਾਂਝੀ ਜਨਰਲ ਵੋਟਰਾਂ ਪ੍ਰਨਾਲੀ ਦੁਆਰਾ ਚੁਣੇ ਜਾਣੇ ਹਨ, ਹਾਲਾਂਕਿ ਇਹ ਮਾਮਲਾ ਵੱਡਾ ਹੋ ਸਕਦਾ ਹੈ।

ਪ੍ਰਸਤਾਵਿਤ ਵਰਤ ਅਗਲੇ 20 ਸਤੰਬਰ ਦੀ ਦੁਪਹਿਰ ਤੋਂ ਆਮ ਤੌਰ ਤੇ ਸੁਰੂ ਹੋ ਜਾਵੇਗਾ। ਜਦੋਂ ਤਕ ਉਪਰੋਕਤ ਸੁਝਾਏ ਢੰਗ ਅਨੁਸਾਰ ਉਕਤ ਫੈਸਲੇ ਨੂੰ ਸੰਸ਼ੋਧਿਤ ਨਹੀਂ ਕੀਤਾ ਜਾਂਦਾ, ਮੈਂ ਇੱਥੋਂ ਦੇ ਅਧਿਕਾਰੀਆਂ ਨੂੰ ਕਹਿ ਰਿਹਾ ਹਾਂ ਕਿ ਇਸ ਪੱਤਰ ਦਾ ਟੈਕਸਟ ਤੁਹਾਨੂੰ ਪਹੁੰਚਾਇਆ ਜਾਵੇ ਤਾਂ ਜੋ ਤੁਹਾਨੂੰ ਲੋੜੀਂਦਾ ਨੋਟਿਸ ਦਿੱਤਾ ਜਾ ਸਕੇ। ਪਰ ਜੋ ਵੀ ਹੋਵੇ, ਮੈਂ ਇਸ ਚਿੱਠੀ ਲਈ ਤੁਹਾਡੇ ਸਭ ਨਾਲੋਂਧੀਮੇਂ ਰਸਤੇ ਦੁਆਰਾ ਸਮੇਂ ਸਿਰ ਤੁਹਾਡੇ ਤਕ ਪਹੁੰਚਣ ਲਈ ਕਾਫ਼ੀ ਸਮਾਂ ਛੱਡ ਰਿਹਾ ਹਾਂ। ਮੈਂ ਇਹ ਵੀ ਕਹਿੰਦਾ ਹਾਂ ਕਿ ਮੇਰਾ ਇਹ ਪੱਤਰ ਅਤੇ ਮੇਰੇਪਹਿਲਾਂ ਭੇਜੇ ਗਏ ਪੱਤਰ ਜੋ ਸੈਮੂਅਲ ਹੋਅਰੇ ਨੂਮ ਭੇਜੇਹਨਉਹਨਾ ਨੂੰ ਜਲਦੀ ਤੋਂ ਜਲਦੀ ਪ੍ਰਕਾਸ਼ਤ ਕੀਤਾ ਜਾਵੇ। ਮੈਂ ਵਫ਼ਾਦਾਰੀ ਨਾਲ ਜੇਲ੍ਹ ਦੇ ਸ਼ਾਸਨ ਦਾ ਪਾਲਣ ਕੀਤਾ ਹੈ ਅਤੇ ਆਪਣੇ ਦੋ ਸਾਥੀ ਸਰਦਾਰ ਵੱਲਭਭਾਈ ਪਟੇਲ ਅਤੇ ਸ੍ਰੀ ਮਹਾਦੇਵ ਦੇਸਾਈ ਨੂੰ ਛੱਡ ਕੇ ਕਿਸੇ ਨੂੰ ਵੀ ਆਪਣੀ ਇੱਛਾ ਜਾਂ ਦੋ ਚਿੱਠੀਆਂ ਵਿੱਚ ਲਿਖੇ ਵਿਸ਼ੇ ਦਾ ਖੁਲਾਸਾ ਨਹੀਂ ਕੀਤਾ। ਪਰ ਮੈਂ ਚਾਹੁੰਦਾ ਹਾਂ, ਜੇ ਤੁਸੀਂ ਇਸ ਨੂੰ ਸੰਭਵ ਕਰ ਸਕਦੇ ਹੋ, ਤਾਂ ਕਿ ਮੇਰੀਆਂ ਚਿੱਠੀਆਂ ਜਨਤਕ ਰਾਏ ਨੂੰ ਪ੍ਰਭਾਵਤ ਕਰਨ। ਇਸ ਲਈ, ਮੈਂ ਉਨ੍ਹਾਂ ਦੇ ਜਲਦੀ ਪ੍ਰਕਾਸ਼ਨ ਲਈ ਬੇਨਤੀ ਕਰਦਾ ਹਾਂ।

# ਜਿੰਦਗੀ ਦੇ ਅੰਗ-ਸੰਗ- "ਅਸਲੀ ਪੁੱਤ ਕੌਣ...?"



ਇਕਬਾਲ ਸਿੰਘ ਜੱਬੋਵਾਲੀਆ
(917)-375-6395

ਸ਼ੰਗਾਰਾ ਸੁੰਹ ਪੈਂਤੀ ਕੁ ਸਾਲਾਂ ਤੋਂ ਅਮਰੀਕਾ ਰਹਿ ਰਿਹਾ ਸੀ। ਬਾਪ ਦਾ ਇਲਕੌਤਾ ਪੁੱਤ ਹੋਣ ਕਰਕੇ ਘਰ ਦੀ ਜ਼ਮੀਨ ਵੀ ਵਾਹਵਾ ਸੀ।ਹੋਰ ਨੋਜ਼ਵਾਨਾਂ ਵਾਂਗ ਉਸ ਦੇ ਸਿਰ 'ਤੇ ਅਮਰੀਕਾ ਜਾਣ ਦਾ ਭੂਤ ਸਵਾਰ ਹੋਇਆ ਸੀ। ਖਾਦੇਂ ਪੀਦੇਂ ਘਰ ਦਾ ਹੁੰਦੇ ਹੋਏ ਵੀ ਛੋਟੀਆਂ ਦੋ ਬੇਟੀਆਂ ਤੇ ਘਰ ਵਾਲੀ ਨੂੰ ਮਾਤਾ ਪਿਤਾ ਕੋਲ ਛੱਡ ਏਜੰਟਾਂ ਰਾਹੀਂ ਮੈਕਸੀਕੋ ਦੇ ਜੰਗਲਾਂ ਰਾਹੀਂ ਅਮਰੀਕਾ ਪਹੁੰਚ ਗਿਆ।ਅਮਰੀਕਾ ਆ ਕੇ ਬੜੀ ਮੇਹਨਤ ਕੀਤੀ। ਜਾਨ ਪੱਖੋਂ ਤਕੜਾ ਕਰਕੇ ਕੰਮ ਦੇ ਕਈ ਕਈ ਘੰਟੇ ਲਾ ਜਾਂਦਾ।ਚੰਗੇ ਪੈਸੇ ਜੋੜ ਗੁਆਂਢੀਆਂ ਦੀ ਨਾਲ ਲੱਗਦੀ ਜ਼ਮੀਂਨ ਵੀ ਖਰੀਦ ਲਈ।ਅਮਰੀਕਾ 'ਚ ਪੱਕਾ ਹੋਇਆ ਤਾਂ ਛੋਟੀਆਂ ਤੋਂ ਵੱਡੀਆਂ ਹੋ ਗਈਆਂ ਦੋਵੇਂ ਬੇਟੀਆਂ ਅਤੇ ਰਿਸ਼ਤੇਦਾਰਾਂ ਦੇ ਦੋ ਪੁੱਤ, ਸਕੇ ਪੁੱਤ ਬਣਾ ਪੱਕੇ ਤੌਰ 'ਤੇ ਕੋਲ ਅਮਰੀਕਾ ਸੱਦ ਲਏ। ਛੇ ਜੀਅ ਅਮਰੀਕਾ 'ਚ 'ਕੱਠੇ ਹੋ ਗਏ ਸਨ ਤੇ ਘਰ 'ਚ ਲਹਿਰਾਂ ਬਹਿਰਾਂ ਲੱਗ ਗਈਆਂ।

ਦੋਵੇਂ ਬੇਟੀਆਂ ਵਿਆਹੁਣ ਦੀ ਉਮਰੇ ਹੋਈਆਂ ਤਾਂ ਚੰਗੇ ਘਰਾਂ ਦੇ ਮੁੰਡੇ ਲੱਭ ਕੇ ਹੱਥ ਪੀਲੇ ਕਰ ਦਿਤੇ। ਬਣਾ ਕੇ ਲਿਆਂਦੇ ਪੁੱਤ ਕਈ ਸਾਲ ਬੜੇ ਸਾਊ ਬੀਬੇ ਪੁੱਤ ਬਣ ਕੇ ਨਾਲ ਰਹਿੰਦੇ ਰਹੇ।ਬੜੇ ਕਹਿਣੇਂਕਾਰ। ਉਹਨੂੰ ਪੁਛੇ ਬਿਨਾਂ ਸਾਹ ਨਾ ਭਰਦੇ।ਪੈਰ ਨਾ ਪੁੱਟਦੇ। ਹਰ ਕੰਮ ਉਹਦੀ ਸਲਾਹ ਨਾਲ ਕਰਦੇ। ਉਹਦੇ ਪੈਰ ਦੀ ਜਗ੍ਹਾ ਆਪਣਾ ਸਿਰ ਧਰਦੇ। ਸ਼ੰਗਾਰਾ ਸੁੰਹ ਵੀ ਖੁਸ਼ੀ 'ਚ ਖੀਵਾ ਹੋਇਆ ਰਹਿੰਦਾ।ਧਰਤੀ 'ਤੇ ਪੈਰ ਨਾ ਲੱਗਦੇ। ਉਹਨਾਂ 'ਤੇ ਜਾਨ ਵਾਰਦਾ। ਕੁਝ ਸਾਲਾਂ ਪਹਿਲਾਂ ਸ਼ੰਗਾਰਾ ਸੁੰਹ ਦੀ ਮਾਤਾ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ ਸੀ ਤੇ ਹੁਣ ਪਿਤਾ ਜੀ ਇਸ ਜਹਾਨੋਂ ਕੂਚ ਕਰ ਗਏ। ਉਹਦਾ ਸਭ ਕੁਝ ਲੁਟਿਆ ਗਿਆ ਸੀ। ਪਿਛਲਾ ਕੋਈ ਫਿਕਰ ਨਹੀਂ ਸੀ। ਹੁਣ ਫਿਕਰਾਂ ਦੀ ਪੰਡ ਸਿਰ ਪੈ ਗਈ ਸੀ। ਪਿਤਾ ਨੂੰ ਆਪਣੇਂ ਕੋਲ ਸੱਦਣ ਲਈ ਕਈ ਵਾਰ ਜੋਰ ਪਾਇਆ ਸੀ, ਗੇੜਾ ਮਾਰ ਕੇ ਮਿਲ ਜਾਵੇ। ਪਰ ਪਿਤਾ ਦਾ ਜ਼ਮੀਨ ਛੱਡ ਕੇ ਕਿਤੇ ਜਾਣ ਨੂੰ ਦਿਲ ਨਾ ਕਰਦਾ।

ਪਿਤਾ ਦੇ ਤੁਰ ਜਾਣ ਨਾਲ ਉਹਨੂੰ ਵੱਡਾ ਝਟਕਾ ਲੱਗਾ।ਫਿਕਰਾਂ 'ਚ ਘਿਰ ਗਿਆ।ਕੀ ਕਰੇ ਕੀ ਨਾ ਕਰੇ।ਮੇਹਨਤਾਂ ਨਾਲ ਬਣਾਈ ਜ਼ਮੀਂਨ ਵੇਚਣੀਂ ਨਹੀਂ ਸੀ ਚਾਹੁੰਦਾ। ਬਜ਼ੁਰਗਾਂ ਦੀਆਂ ਨਿਸ਼ਾਨੀਆਂ।ਮਿੱਟੀ ਨਾਲ ਜੁੜੀਆਂ ਯਾਦਾਂ। ਜਿਉਂਦਾ ਬਾਪ ਤਾਂ ਸਾਰੀ ਖੇਤੀ ਖੁਦ ਸਾਂਭੀ ਫਿਰਦਾ ਸੀ ਪਰ ਹੁਣ ਔਖਾ ਹੋ ਗਿਆ ਸੀ। ਘਰੇਲੂ ਕੰਮਾਂ-ਕਾਰਾਂ 'ਚ ਬਿਜ਼ੀ ਹੋਣ ਦੇ ਬਾਵਜੂਦ ਵੀ ਸਮਾਂ ਕੱਢ ਕੇ ਘਰ ਵਾਲੀ ਨਾਲ ਸਲਾਹ ਕੀਤੀ ਤੇ ਹਫ਼ਤੇ ਦੇ ਵਿੱਚ ਵਿੱਚ ਉਹ ਪੰਜਾਬ ਜਾ ਪਹੁੰਚਿਆ। ਰਿਸ਼ਤੇਦਾਰਾਂ ਨੂੰ ਮਿਲਿਆ। ਪਿਤਾ ਜੀ ਦਾ ਸਾਰਾ ਕਿਰਿਆ-ਕ੍ਰਮ ਹੱਥੀਂ ਕੀਤਾ। ਰਿਸ਼ਤੇਦਾਰਾਂ ਨਾਲ ਜ਼ਮੀਨ ਵਾਹੁਣ ਦੀ ਹੌਲੀ ਹੌਲੀ ਗੱਲ ਤੋਰੀ ਤੇ ਵਾਹੁਣ ਲਈ ਰਾਜ਼ੀ ਕਰ ਲਏ। ਜੋ ਠੇਕਾ ਚਲਦਾ ਸੀ, ਰਿਸ਼ਤੇਦਾਰੀ ਦੀ ਲਿਹਾਜ਼ ਕਰਕੇ ਉਸ ਤੋਂ ਵੀ ਘੱਟ ਭਾਅ 'ਤੇ ਵਾਹੁੰਣ ਨੂੰ ਦੇ ਦਿਤੀ।ਪੈਸੇ ਨਾਲ ਦੀ ਨਾਲ ਬੈਂਕ ਵਿੱਚ ਜਮ੍ਹਾਂ ਕਰਾਉਂਦੇ ਰਹਿਣ ਦੀ ਗੱਲ ਪੱਕੀ ਹੋ ਗਈ।

ਸਾਰਾ ਕੰਮ ਰਿਸ਼ਤੇਦਾਰਾਂ ਦੇ ਯਕੀਨ 'ਤੇ ਛੱਡ ਵਾਪਸ ਅਮਰੀਕਾ ਆ ਪਹੁੰਚਿਆ।ਸਾਰੀ ਗੱਲ ਘਰ ਵਾਲੀ ਨਾਲ ਆ ਕੇ ਸਾਂਝੀ ਕਰ ਲਈ। ਦੋਵੇਂ ਕੁੜੀਆਂ ਆਪਣੇਂ ਘਰ-ਪਰਿਵਾਰਾਂ 'ਚ ਖੁਸ਼ ਸਨ। ਸਮਾਂ ਕੱਢ ਕੇ ਕਦੇ ਕਦਾਈਂ ਮਿਲਣ ਆ ਜਾਂਦੀਆਂ। ਮਿਲ ਮਿਲਾ ਕੇ ਫਿਰ ਘਰੇ ਵਾਪਸ ਚਲੇ ਜਾਂਦੀਆਂ। ਪੁੱਤ ਬਣਾ ਕੇ ਲਿਆਂਦੇ ਮੁੰਡੇ ਚੰਗੇ ਪਰਿਵਾਰਾਂ ਦੀਆਂ ਕੁੜੀਆਂ ਲੱਭ ਕੇ ਵਿਆਹ ਦਿਤੇ ਗਏ। ਕੰਮਾਂ ਕਾਰਾਂ 'ਚ ਲੱਗ ਗਏ।ਦੋ ਕੁ ਸਾਲ ਲੰਘੇ ਤਾਂ ਸ਼ੰਗਾਰਾ ਸੁੰਹ ਨੇ ਘਰ ਵਾਲੀ ਨਾਲ ਸਲਾਹ ਕਰਕੇ ਦੋਵਾਂ ਪੁੱਤਾਂ ਨੂੰ ਪਿੰਡ ਗੇੜਾ ਮਾਰਨ ਲਈ ਪੰਜਾਬ ਭੇਜ ਦਿਤਾ। ਜਿਨ੍ਹਾਂ ਰਿਸ਼ਤੇਦਾਰਾਂ ਦੇ ਪੁੱਤਾਂ ਨੂੰ ਆਪਣੇਂ ਬਣਾ ਕੇ ਲਿਆਇਆ ਸੀ, ਜ਼ਮੀਂਨ ਵੀ ਉਨ੍ਹਾਂ ਦੇ ਮਾਪਿਆਂ ਦੀ ਜ਼ੁੰਮੇਂਵਾਰੀ 'ਤੇ ਛੱਡ ਆਇਆ ਸੀ। ਦੋਵੇਂ ਪੁੱਤ ਪੰਜਾਬ ਆ ਗਏ। ਕੁਝ ਦਿਨ ਠੀਕ-ਠਾਕ ਰਹਿਣ ਤੋਂ ਬਾਅਦ ਜ਼ਮੀਂਨ 'ਚੋਂ ਹਿੱਸਾ ਲੈਣ ਲਈ ਮਾਪੇ ਮੁੰਡਿਆਂ ਨੂੰ ਚੁੱਕ ਥੱਲ ਕਰਨ ਲੱਗੇ।" ਕੁੜੀਆਂ ਤਾਂ ਆਪੋ ਆਪਣੇਂ ਘਰੀਂ ਵਸਦੀਆਂ ਨੇ। ਕਾਨੂੰਨੀ ਤੌਰ 'ਤੇ ਉਹਨੇਂ ਤੁਹਾਨੂੰ ਆਪਣੇਂ ਪੁੱਤ ਬਣਾਇਐ। ਜ਼ਮੀਂਨ ਦੇ ਪੱਕੇ ਹੱਕਦਾਰ ਓ ਤੁਸੀਂ।" ਹੋਰ ਪਤਾ ਨ੍ਹੀ ਕੀ ਕੀ ਚੁੱਕਣਾ ਦੇ ਛੱਡੀ। ਪੰਜਾਬ ਤੋਂ ਵਾਪਸ ਆਂਉਦਿਆਂ ਦੋਵਾਂ ਨੇ ਗਿਰਗਿਟ ਵਾਂਗ ਰੰਗ ਬਦਲਨਾ ਸ਼ੁਰੂ ਕਰ ਦਿਤਾ।ਉਪਰਲੀ ਹਵਾ 'ਚ ਤੁਰੇ ਫ਼ਿਰਨ। ਧਰਤੀ 'ਤੇ ਪੈਰ ਨਾ ਲਾਉਂਣ।ਨਿਗ੍ਹਾ ਬਦਲੀ ਹੋਈ। ਪਿੰਡੇਂ 'ਤੇ ਹੱਥ ਨਾ ਧਰਨ ਦੇਣ।ਤੁਸੀ ਕੌਣ ਓ? ਕੌਣ ਕੇਹਦਾ? ਉਨ੍ਹਾਂ ਦਾ ਬਨਦਾ ਹਿੱਸਾ ਦਿਤਾ ਜਾਵੇ। ਮੁੰਡਿਆਂ ਦੇ ਬਦਲੇ ਤੇਵਰ ਵੇਖ ਸ਼ੰਗਾਰਾ ਸੁੰਹ ਤੇ ਘਰਵਾਲੀ ਦਾ ਮੱਥਾ ਠਣਕਿਆ।ਉਹ ਦੋਵੇਂ ਪਰੇਸ਼ਾਨ ਰਹਿਣ ਲੱਗੇ।ਤੀਵੀਂ ਆਦਮੀਂ ਨੇ ਸਕੇ ਪੁੱਤਾਂ ਵਾਂਗ ਦੋਵਾਂ ਦੇ ਸਾਰੇ ਕਾਰਜ਼ ਕੀਤੇ ਸਨ। ਸਕੇ ਮਾਂ-ਬਾਪ ਵਾਂਗ ਸਾਰੀਆਂ ਰਸਮਾਂ ਨਿਭਾਈਆਂ।ਹੁਣ ਤਾਂ ਪਾਸਾ ਪੁੱਠਾ ਪੈ ਰਿਹਾ ਸੀ। ਦੋਵੇਂ ਬੇਟੀਆਂ ਘਰ 'ਚ ਆਏ ਇਸ ਭੁਚਾਲ ਤੋਂ ਬੇਖ਼ਬਰ ਸਨ।


ਮੁੰਡਿਆਂ ਦੀ ਇਸ ਘਟਨਾ ਨੇ ਘਰ ਦੀਆਂ ਖੁਸ਼ੀਆਂ ਖੋਹ ਲਈਆਂ।ਮੁੰਡੇ ਆਪੋ ਆਪਣੀਆਂ ਘਰਵਾਲੀਆਂ ਲੈ ਕੇ ਅੱਡ ਕਿਰਾਏ ਦੇ ਘਰਾਂ 'ਚ ਰਹਿਣ ਲੱਗੇ।ਇਹ ਕੀ ਹੋ ਗਿਆ? ਉਹ ਤੇ ਘਰਵਾਲੀ ਸੋਚਦੇ।ਦੋਵੇਂ ਮੁੰਡੇ ਮੁੜ ਮੁੜ ਪੰਜਾਬ ਜਾਣ ਲੱਗੇ। ਗ਼ਲਤ ਲੋਕਾਂ ਦੇ ਢੱਕੇ ਚੜ੍ਹ ਗਏ।ਜ਼ਮੀਂਨ ਹੜੱਪਣ ਦੀ ਸਕੀਮ ਚੱਲ ਰਹੀ ਸੀ।ਜ਼ਮੀਂਨ ਦੀ ਵਾਹੀ ਹੁੰਦੀ ਰਹੀ।ਫ਼ਸਲਾਂ ਦੀ ਪੈਦਾਵਾਰ ਹੁੰਦੀ ਰਹੀ ਤੇ ਵੇਚੀ ਜਾਂਦੀ ਰਹੀ ਪਰ ਬੈਂਕ ਵਿੱਚ ਪੈਸੇ ਜਮ੍ਹਾਂ ਹੋਣੇਂ ਬੰਦ ਹੋ ਗਏ। ਸ਼ੰਗਾਰਾ ਸੁੰਹ ਫਿਕਰਾਂ 'ਚ ਦਿਨੋਂ ਦਿਨ ਬੀਮਾਰੀਆਂ ਦਾ ਸ਼ਿਕਾਰ ਹੁੰਦਾ ਗਿਆ।ਇਕ ਦਿਨ ਜਿਆਦਾ ਢਿੱਲਾ ਹੋ ਗਿਆ ਤਾਂ ਦੋਵੇਂ ਮੁੰਡੇ ਘਰਵਾਲੀਆਂ ਤੇ ਬੱਚਿਆਂ ਸਮੇਤ ਲੋਕ-ਲੱਜਾ ਰੱਖਦੇ ਖਬਰ ਲੈਣ ਆਏ। ਸ਼ੰਗਾਰਾ ਸੁੰਹ ਦੇ ਗੁਆਂਢੀ ਮਿੱਤਰ ਕ੍ਰਿਪਾ ਸ਼ੰਕਰ ਦਾ ਬੇਟਾ ਜੱਸ਼ ਦੂਜੇ ਤੀਜੇ ਗੇੜਾ ਮਾਰ ਜਾਂਦਾ। ਕ੍ਰਿਪਾ ਸ਼ੰਕਰ ਪੰਜਾਬ ਜਾ ਕੇ ਕਈ ਕਈ ਮਹੀਨੇ ਰਹਿ ਆਉਂਦਾ। ਪਿਤਾ ਦਾ ਦੋਸਤ ਹੋਣ ਕਰਕੇ ਜੱਸ਼ ਆਪਣਾ ਕਰਮ ਧਰਮ ਨਿਭਾ ਰਿਹਾ ਸੀ। ਰੋਜ਼ਾਨਾਂ ਇਕ ਦੋ ਵਾਰ ਗੇੜਾ ਮਾਰ ਜਾਂਦਾ। ਗਰਮੀਆਂ 'ਚ ਬੂਟਿਆਂ ਨੂੰ ਪਾਣੀ ਲਾ ਦਿੰਦਾਂ। ਯਾਰਡ ਸਾਫ਼ ਸਫ਼ਾਈ ਕਰ ਜਾਂਦਾ।ਬਰਫ਼ਾਂ ਦੇ ਦਿਨਾਂ 'ਚ ਬਰਫ਼ ਸਾਫ਼ ਕਰਾ ਜਾਂਦਾ। ਉਹ ਦੋਵੇਂ ਜੀਅ ਵੀ ਉਹਦੇ ਨਾਲ ਕੋਈ ਫ਼ਰਕ ਨਾ ਕਰਦੇ। ਘਰ 'ਚ ਖਾਣ-ਪੀਣ ਦੀ ਹਰ ਚੀਜ਼ ਉਹਦੇ ਲਈ ਸਾਂਭ ਰੱਖਦੇ। ਕੁਦਰਤੀ ਜੱਸ਼ ਅੱਜ ਵੀ ਆਇਆ ਹੋਇਆ ਸੀ। ਦੋਵੇਂ ਮੁੰਡੇ ਘਰਵਾਲੀਆਂ ਤੇ ਬੱਚਿਆਂ ਨਾਲ ਖਬਰ ਲੈਣ ਆਏ ਹੋਏ ਸਨ। ਘਰ 'ਚ ਰੌਣਕ ਵਰਗਾ ਮਾਹੌਲ ਸੀ। ਪਰ ਸ਼ੰਗਾਰਾ ਸੁੰਹ ਅੰਦਰੋਂ ਦੁੱਖੀ ਸੀ। ਕੀ ਨੀ ਕੀਤਾ ਉਨ੍ਹਾਂ ਲਈ? ਰਹਿ ਰਹਿ ਕੇ ਸੋਚਦਾ, ਜੇਹੜੇ ਆਪਣੇਂ ਬਣਾ ਕੇ ਲਿਆਂਦੇ ਸੀ, ਬਿਗ਼ਾਨੇਂ ਹੋ ਗਏ। ਬੇਗ਼ਾਨਾਂ ਆਪਣਿਆਂ ਨਾਲੋਂ ਕਿਤੇ ਵੱਧ।ਜੱਸ਼ ਹਰ ਤਰ੍ਹਾਂ ਨਾਲ ਸ਼ੰਗਾਰਾ ਸੁੰਹ ਦਾ ਖਿਆਲ ਰੱਖਦਾ। ਸਰੀਰ ਦੀ ਮਾਲਿਸ਼ ਕਰ ਜਾਂਦਾ। ਲੱਤਾਂ, ਬਾਹਾਂ ਘੁੱਟ ਜਾਂਦਾ। ਹੱਥਾਂ, ਪੈਰਾਂ ਦੀ ਮਾਲਸ਼ ਬਗੈਰਾ ਕਰ ਜਾਂਦਾ। ਅੱਜ ਫਿਰ ਮਾਲਸ਼ ਕਰ ਰਿਹਾ ਸੀ। ਦੋਵੇਂ ਪੁੱਤ ਤੇ ਬੱਚੇ ਵੀ ਉਸ ਕੋਲ ਕਮਰੇ 'ਚ ਬੈਠੇ ਸਨ।ਉਨ੍ਹਾਂ ਦੀਆਂ ਖੱਚਰੀਆਂ ਨਜ਼ਰਾਂ ਮਾਲਸ਼ ਕਰਦੇ ਜੱਸ਼ ਵੱਲ੍ਹ ਵਾਰ ਵਾਰ ਜਾ ਰਹੀਆਂ ਸਨ। ਸ਼ੰਗਾਰਾ ਸੁੰਹ ਸੋਚਦਾ ਜੱਸ਼ ਨਾਲ ਉਹਦਾ ਕੀ ਰਿਸ਼ਤਾ/ਨਾਤਾ ਹੈ? ਆਪਣੇਂ ਤਾਂ ਜੜ੍ਹੀਂ ਬਹਿ ਜਾਂਦੇ ਨੇ। ਸਾਰਾ ਕੁਝ ਲੁੱਟ ਕੇ ਖਾਣ ਨੂੰ ਤਿਆਰ ਹੋ ਜਾਂਦੇ ਨੇ।ਹਮਦਰਦੀ ਦੀ ਬਾਂਹ ਅੱਗੇ ਕਰੋ ਤਾਂ ਬਾਂਹ ਖਾਣ ਨੂੰ ਤਿਆਰ ਹੋ ਜਾਂਦੇ ਨੇ। ਬੜਾ ਭੈੜਾ ਜ਼ਮਾਨਾ ਆ ਗਿਆ। ਭੈਣ-ਭਾਈ ਰਿਸ਼ਤੇਦਾਰ ਸਭ ਚਲਦੀਆਂ ਨੇ। ਕੋਈ ਨੀ ਕਿਸੇ ਦਾ। ਸਭ ਖਾਣ ਦੇ ਯਾਰ ਨੇ। ਅਜੇਹੀਆਂ ਸੋਚਾਂ ਦੇ ਫਸੇ ਸ਼ੰਗਾਰਾ ਸੁੰਹ ਦੀ ਲੜੀ ਉਦੋਂ ਟੁੱਟੀ ਜਦੋਂ ਦੋਵਾਂ ਪੁੱਤਾਂ ਨੇ ਸਲਾਹ ਨਾਲ ਕਿਹਾ,"ਚੰਗਾ ਜੀ ਫਿਰ ਚੱਲੀਏ, ਕੱਲ੍ਹ ਨੂੰ ਕੰਮਾਂ ਕਾਰਾਂ 'ਤੇ ਵੀ ਜਾਣੈ।" ਕਹਿ ਕੇ ਬੂਹਿਉਂ ਬਾਹਰ ਹੋ ਗਏ। ਸ਼ੰਗਾਰਾ ਸੁੰਹ ਹੁਣ ਕਦੇ ਜੱਸ਼ ਵੱਲ੍ਹ ਵੇਖੇ ਤੇ ਕਦੇ ਉਨ੍ਹਾਂ ਦੋਵਾਂ ਨੂੰ ਬਾਹਰ ਜਾਂਦਿਆਂ ਵੱਲ੍ਹ ਤੇ ਬੁੜ ਬੁੜਾਇਆ-"ਅਸਲੀ ਪੁੱਤ ਕੌਣ ਆਹ ਜੱਸ਼ ਕਿ ਔਹ ਲੰਡਰ....?"

# ਕੰਵਰ ਦੀਪ ਦਾ ਮਨ ਰੰਗੀਆਂ ਚਿੜੀਆਂ: ਵਿਸਮਾਦੀ ਕਵਿਤਾਵਾਂ ਦਾ ਕਾਵਿ ਸੰਗ੍ਰਹਿ



ਉਜਾਗਰ ਸਿੰਘ

ਕੰਵਰ ਦੀਪ ਦਾ ਪਲੇਠਾ ਕਾਵਿ ਸੰਗ੍ਰਹਿ ਮਨ ਰੰਗੀਆਂ ਚਿੜੀਆਂ ਦੀਆਂ ਕਵਿਤਾਵਾਂ ਇਨਸਾਨ ਦੀ ਮਾਨਸਿਕਤਾ ਦੇ ਦਵੰਦ ਦਾ ਪ੍ਰਗਟਾਵਾ ਕਰਦੀਆਂ ਹਨ। ਇਸ ਸੰਗ੍ਰਹਿ ਦੀਆਂ ਬਹੁਤੀਆਂ ਨਿੱਕੀਆਂ ਕਵਿਤਾਵਾਂ ਵੱਡੇ ਅਰਥਾਂ ਦੀਆਂ ਲਖਾਇਕ ਹਨ। ਇਹਨਾਂ ਕਵਿਤਾਵਾਂ ਦੀ ਭਾਵਨਾ ਨੂੰ ਸਮਝਣ ਲਈ ਤੀਖਣ ਬੁੱਧੀ ਦੀ ਲੋੜ ਹੈ। ਹਰ ਕਵਿਤਾ ਅਰਥ ਭਰਪੂਰ ਹੈ। ਜ਼ਿੰਦਗੀ ਦੇ ਅਰਥ ਸਮਝਾਉਣ ਵਾਲੀ ਕਵੀ ਦੀ ਕਵਿਤਾ 'ਸਮੇਂ ਦਾ ਅਰਘ' ਬਹੁਤ ਹੀ ਭਾਵ ਪੂਰਨ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਜ਼ਿੰਦਗੀ ਸਾਲਾਂ ਬੱਧੀ ਵੀ ਬੇਅਰਥ ਹੈ, ਜੇਕਰ ਅਸੀਂ ਲੰਮੇ ਸਮੇਂ ਵਿਚੋਂ ਇਕ ਪਲ ਦੀ ਵੀ ਕਦਰ ਨਹੀਂ ਕੀਤੀ। ਸਮਾਂ ਬਹੁਤ ਕੀਮਤੀ ਹੈ ਕਵੀ ਉਸਦੀ ਅਹਿਮੀਅਤ ਨੂੰ ਸਮਝਣ 'ਤੇ ਜ਼ੋਰ ਦਿੰਦਾ ਹੈ। ਭਾਵ ਸਮਾਂ ਵਿਅਰਥ ਗੁਆਉਣਾ ਨਹੀਂ ਚਾਹੀਦਾ। ਹਰ ਪਲ ਦਾ ਸਦਉਪਯੋਗ ਕਰਨਾ ਚਾਹੀਦਾ ਹੈ। ਕੰਵਰ ਦੀਪ ਦੀਆਂ ਬਹੁਤੀਆਂ ਕਵਿਤਾਵਾਂ ਚੰਗਾ ਇਨਸਾਨ ਬਣਨ ਦੀ ਪਰੇਰਨਾ ਦਿ-ਦੀਆਂ ਹਨ। ਜੇਕਰ ਅਸੀਂ ਇਕ ਪਲ ਲਈ ਵੀ ਸੁਚੱਜੇ ਢੰਗ ਨਾਲ ਜ਼ਿੰਦਗੀ ਜੀਅ ਲਈਏ ਅਰਥਾਤ ਸਮਾਜ ਦੇ ਲੇਖੇ ਲਾ ਦਈਏ ਤਾਂ ਵੀ ਉਹ ਪਲ ਵੀ ਅਰਥ ਭਰਪੂਰ ਹੈ। ਇਕ ਕਿਸਮ ਨਾਲ ਕਵੀ ਸਮਾਜ ਦੇ ਤਾਣੇ ਬਾਣੇ ਵਿਚ ਮਨੁੱਖਤਾ ਦੇ ਡਿਗ ਰਹੇ ਮਿਆਰ ਤੇ ਕਿੰਤੂ ਪਰੰਤੂ ਕਰਦਾ ਹੋਇਆ ਟਕੋਰਾਂ ਮਾਰ ਰਿਹਾ ਹੈ। ਪੂਰੀ ਪੁਸਤਕ ਪੜਨ ਤੋਂ ਬਾਅਦ ਇਹ ਸਪਸ਼ਟ ਹੁੰਦਾ ਹੈ ਕਿ ਕਵੀ ਨੇ ਸਮਾਜਿਕ ਬਿਮਾਰੀਆਂ ਦੇ ਦਰਦ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਉਹਨਾਂ ਨੇ ਬਹੁਤੀਆਂ ਲੰਬੀਆਂ ਕਵਿਤਾਵਾਂ ਨਹੀਂ ਲਿਖੀਆਂ ਸਗੋਂ ਬਹੁਤ ਹੀ ਥੋੜੇ ਸ਼ਬਦਾਂ ਵਿਚ ਆਪਣੇ ਮਨ ਦੇ ਭਾਵ ਲਿਖਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਨੇ ਸੰਕੇਤਕ ਢੰਗ ਨਾਲ ਭਰਿਸ਼ਟਾਚਾਰ, ਹੇਰਾ ਫ਼ੇਰੀ, ਵਿਹਤਪੁਣਾ, ਨੈਤਿਕ ਕਦਰਾਂ ਕੀਮਤਾਂ ਵਿਚ ਗਿਰਾਵਟ ਆਦਿ ਨੂੰ ਆਪਣੀਆਂ ਕਵਿਤਾਵਾਂ ਦੇ ਮੌਜੂ ਬਣਾਇਆ ਹੈ। ਕੰਵਰ ਦੀਪ ਸੰਵੇਦਨਸ਼ੀਲ ਕਵੀ ਹਨ, ਜਿਹੜੇ ਧੁਰ ਅੰਦਰ ਤੱਕ ਇਨਸਾਨ ਦੀਆਂ ਕਰਤੂਤਾਂ ਨੂੰ ਫਟਕਾਰ ਪਾ ਰਹੇ ਹਨ। ਇਸ ਕਾਵਿ ਸੰਗ੍ਰਹਿ ਦੀ ਪਹਿਲੀ ਹੀ ਕਵਿਤਾ 'ਜੰਗਲ 'ਚੋਂ ਲੰਘਦਿਆਂ' ਸੰਕੇਤਕ ਕਵਿਤਾ ਹੈ, ਜਿਸ ਵਿਚ ਕਵੀ ਵਰਤਮਾਨ ਸਮਾਜ ਦੀ ਤੁਲਨਾ ਜੰਗਲ ਨਾਲ ਕਰ ਰਿਹਾ ਹੈ। ਸਮਾਜ ਨੂੰ ਉਹ ਜੰਗਲ ਕਹਿ ਰਿਹਾ ਹੈ। ਇਸ ਸਮਾਜ ਵਿਚ ਹਰ ਤਰਾਂ ਦੇ ਲੋਕ ਹਨ, ਇਹ ਤੁਹਾਡੀ ਮਾਨਸਿਕਤਾ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਹੜਾ ਰੂਪ ਅਖ਼ਤਿਆਰ ਕਰਨਾ ਚਾਹੁੰਦੇ ਹੋ। ਕਵੀ ਆਪਣੀਆਂ ਕਵਿਤਾਵਾਂ ਵਿਚ ਭਾਸ਼ਾ ਦੀ ਵਰਤੋਂ ਵੀ ਸੰਜਮ ਨਾਲ ਕਰਦਾ ਹੈ, ਪਰੰਤੂ ਜਿਹੜੀ ਗੱਲ ਉਹ ਕਹਿਣੀ ਚਾਹੁੰਦੇ ਹਨ, ਉਹ ਵੀ ਸੰਕੇਤਾਂ ਵਿਚ ਹੀ ਕਹਿੰਦੇ ਹਨ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਇਨਸਾਨ ਹਰ ਸਮੇਂ ਮਾਨਸਿਕਤਾ ਦੀ ਉਲਝਣ ਵਿਚ ਉਲਝਿਆ ਵਿਖਾਇਆ ਗਿਆ ਹੈ। ਸਾਈਡਪੋਜ਼ ਕਵਿਤਾ ਵਿਚ ਕਵੀ ਦੱਸਣਾ ਚਾਹੁੰਦਾ ਹੈ ਕਿ ਜਿਹੜੇ ਲੋਕ ਸਮਾਜ ਵਿਚ ਪਰਿਵਰਤਨ ਲਿਆਉਣਾ ਚਾਹੁੰਦੇ ਹਨ, ਆਮ ਲੋਕ ਉਹਨਾਂ ਨੂੰ ਸਮਝ ਹੀ ਨਹੀਂ ਰਹੇ। ਇਨਕੋਰ ਸਿਰਲੇਖ ਵਾਲੀ ਕਵਿਤਾ ਵਿਚ ਹਰ ਵਿਅਕਤੀ ਆਪਣੇ ਆਪ ਨੂੰ ਦੂਜੇ ਨਾਲੋਂ ਵੱਡਾ ਸਮਝਦਾ ਹੈ, ਪਰੰਤੂ ਇਨਸਾਨ ਨਹੀਂ ਸਮਝਦਾ। ਭਾਵ ਇਨਸਾਨ ਹਉਮੈ ਦੇ ਚੱਕਰ ਵਿਚ ਫਸਿਆ ਫਿਰਦਾ ਹੈ ਪਰੰਤੂ ਇਨਸਾਨ ਸਾਰੇ ਬਰਾਬਰ ਹੁੰਦੇ ਹਨ। ਕੋਈ ਵੱਡਾ ਛੋਟਾ ਨਹੀਂ। ਬਾਈ ਸਿਆਂ ਸਿਰਲੇਖ ਵਾਲੀ ਕਵਿਤਾ ਦਾ ਭਾਵ ਵੀ ਇਹੋ ਹੈ ਕਿ ਬੰਦਾ ਇਨਸਾਨ ਨਹੀਂ ਬਣ ਸਕਿਆ। ਬੁੱਧ ਬਣਨ ਦੀ ਲੋੜ ਨਹੀਂ, ਗ੍ਰਹਿਸਤ ਵਿਚ ਰਹਿ ਕੇ ਹੀ ਇਨਸਾਨ ਬਣਿਆਂ ਜਾ ਸਕਦਾ ਹੈ। ਸਮੇਂ ਦੇ ਹਾਣੀ ਕਵਿਤਾ ਵਿਚ ਵੀ ਪੋਟਿਆਂ ਅਤੇ ਘੜੀ ਦੀ ਆਂ ਉਦਾਹਰਣਾਂ ਦੇ ਕੇ ਸੰਕੇਤਾਂ ਨਾਲ ਇਨਸਾਨੀਅਤ ਦਾ ਪੱਲਾ ਫੜਨ ਦੀ ਪਰੇਰਨਾ ਦਿੱਤੀ ਹੈ। ਭਾਵ ਪੁਰਾਣੇ ਜ਼ਮਾਨੇ ਭਲੇ ਸਨ, ਜਦੋਂ ਲੋਕ ਨੈਤਿਕਤਾ ਵਾਲਾ ਜੀਵਨ ਬਤੀਤ ਕਰਦੇ ਸਨ। ਰੱਬ ਨਾਲ ਗੱਲਾਂ ਵਿਚ ਵੀ ਲੋਕਾਂ ਦੀ ਪ੍ਰਵਿਰਤੀ ਫ਼ਰਜ਼ਾਂ ਨਾਲੋਂ ਹੱਕਾਂ ਦੀ ਤਰਜੀਹ ਦਿੰਦੀ ਵਿਖਾਈ ਹੈ, ਪਰੰਤੂ ਸਾਡੇ ਸਮਾਜ ਵਿਚ ਹੱਕਾਂ ਲਈ ਜ਼ਿਆਦਾ ਰਾਮ ਰੌਲਾ ਹੈ। ਆਧੁਨਿਕਤਾ ਦੇ ਨਾਮ ਤੇ ਇੰਟਰਨੈਟ ਦੀ ਵਰਤੋਂ ਇਤਨੀ ਕੀਤੀ ਜਾ ਰਹੀ ਹੈ ਕਿ ਘਰਾਂ ਦੇ



ਕਮਰਿਆਂ ਵਿਚ ਬੈਠੇ ਪਰਿਵਾਰਾਂ ਦੇ ਮੈਂਬਰ ਇਕੱਠੇ ਬੈਠ ਕੇ ਗੱਲਾਂ ਨਹੀਂ ਕਰਦੇ ਸਗੋਂ ਪਰਵਾਸੀਆਂ ਦੀ ਤਰਾਂ ਫੋਨਾਂ ਤੇ ਸੰਦੇਸ਼ ਦੇ ਕੇ ਹੀ ਗੱਲਾਂ ਕਰਦੇ ਹਨ। ਇਹ ਕੌਣ ਨੇ? ਕਵਿਤਾ ਵਿਚ ਕਵੀ ਲਿਖਦੇ ਹਨ-

ਘਰੋਂ ਨਿਕਲਣ ਤੋਂ ਪਹਿਲਾਂ ਮੌਸਮ ਪਰਖਣ ਵਾਲੇ
ਅਸੀਂ
ਵਕਤ ਦੇ ਗ਼ੁਲਾਮ ਬਣ ਗਏ ਹਾਂ।
ਜ਼ਿਹਨ 'ਚ ਵਧਦੀ ਅਸੁਰੱਖਿਅਤਾ
ਦਿਲਾਂ ਦੀਆਂ ਦੂਰੀਆਂ
ਚਾਰ ਕੰਧਾਂ ਦੇ ਕੈਦੀ 'ਘਰਾਂ' 'ਚ ਬੈਠੇ ਈ
ਪਰਵਾਸੀ ਹੋ ਗਏ ਹਾਂ।

ਕਵੀ ਜੋ ਵੀ ਗੱਲ ਆਪਣੀ ਕਵਿਤਾ ਵਿਚ ਕਹਿਣੀ ਚਾਹੁੰਦੇ ਹਨ, ਸਿੱਧੀ ਸਪਾਟ ਨਹੀਂ ਕਰਦੇ ਸਗੋਂ ਸੰਕੇਤਕ ਸ਼ਬਦਾਂ ਵਿਚ ਕਰਦੇ ਹਨ। ਅਮੀਰ ਗ਼ਰੀਬ ਦੇ ਪਾੜੇ ਦੀ ਗੱਲ 'ਓਸ ਬੰਦੇ ਦੀਆਂ ਗੱਲਾਂ ਸਿਰਲੇਖ ਵਾਲੀ ਕਵਿਤਾ ਵਿਚ ਅਸਿੱਧੇ ਢੰਗ ਨਾਲ ਲਿਖਦੇ ਹਨ-

ਓਹਨੂੰ ਥਾਲ-ਸਜੀ ਰੋਟੀ ਖਾਂਦੇ ਨੂੰ, ਆਪਦੇ ਪਿੰਡ ਆਲਾ 'ਮਾੜਾ'
ਯਾਦ ਆ ਗਿਆ।
ਵੀ ਓਹ ਭੁੱਖਾ ਹੋਊ ਏਸ ਵੇਲੇ, ਹੱਥੋਂ ਮੂੰਹ ਨੂੰ ਜਾਂਦੀ ਬੁਰਕੀ,
ਰੱਖ ਲੰਮਾ ਪੈ ਗਿਆ।

ਮੈਂ ਜ਼ਿੰਦਾਬਾਦ ਕਵਿਤਾ ਵਿਚ ਸਮਾਜਿਕ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਬਾਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਵਰਜਿਤ ਪਲ ਓਪਰੀ ਨਜ਼ਰ ਨਾਲ ਪੜ੍ਹਨ ਵਾਲੇ ਨੂੰ ਰੁਮਾਂਟਿਕ ਕਵਿਤਾ ਲੱਗੇਗੀ ਪਰੰਤੂ ਕਵੀ ਨੇ ਇਸ ਵਿਚ ਜ਼ਿੰਦਗੀ ਨੂੰ ਸਹੀ ਲੀਹਾਂ 'ਤੇ ਲਿਆਕੇ ਇਸਦਾ ਸਦਉਪਯੋਗ ਕਰਨ ਦੀ ਤਾਕੀਦ ਕੀਤੀ ਹੈ। ਹੁੰਗਾਰਾ ਅਤੇ ਅੜੇ ਹੋਏ ਖ਼ਿਆਲ ਕਵਿਤਾਵਾਂ ਵਿਚ ਕਵੀ ਕਹਿੰਦਾ ਹੈ ਕਿ ਜਦੋਂ ਇਨਸਾਨ ਬੱਚਾ ਹੁੰਦਾ ਹੈ ਤਾਂ ਉਹ ਮਨ ਦਾ ਸ਼ੀਸ਼ੇ ਦੀ ਤਰਾਂ ਸਾਫ਼ ਹੁੰਦਾ ਹੈ। ਵੱਡਾ ਹੋਕੇ ਸਿਆਣਪ ਦੇ ਕੋਹੜ ਵਿਚ ਗ੍ਰਸਤ ਹੋ ਕੇ ਲਾਭ-ਰਸ ਮਾਨਣ ਲੱਗ ਜਾਂਦਾ ਹੈ। ਭਾਵ ਭਰਿਸ਼ਟ ਹੋ ਜਾਂਦਾ ਹੈ, ਇਸ ਲਈ ਜਵਾਕ




ਰਹਿਣਾ ਹੀ ਠੀਕ ਸਮਝਦਾ ਹੈ, ਇਨਸਾਨ ਲਾਲਚ ਤੋਂ ਰਹਿਤ ਹੀ ਚੰਗਾ ਹੈ। ਉਡੀਕਵਾਨ ਜ਼ਿੰਦਗੀ ਦੇ ਵਿਚ ਕਵੀ ਆਸ਼ਾਵਾਦੀ ਹੈ। ਚੰਗੇ ਦੀ ਆਸ ਛੱਡਣੀ ਨਹੀਂ ਚਾਹੀਦੀ, ਆਤਮ ਹੱਤਿਆ ਕਰਨ ਤੋਂ ਰੋਕਦਾ ਹੈ। ਕਵੀ ਆਸ਼ਾਵਾਦੀ ਹੈ, ਇਸ ਲਈ ਭਾਸ਼ਾ ਸੰਕੇਤਕ ਹੀ ਵਰਤਦਾ ਹੈ। ਕਵੀ ਲਿਖਦਾ ਹੈ-

ਬੇ-ਆਸ ਨਾ ਹੋ
ਜ਼ਿੰਦਗੀ ਕਦੋਂ ਵੀ
ਮਿਲ ਸਕਦੀ ਆ।
ਤੂੰ ਬਸ
ਜਿਉਣਾ ਨਾ ਛੱਡੀਂ।

ਕਵੀ ਆਪਣੀਆਂ ਕਵਿਤਾਵਾਂ ਵਿਚ ਉਸਾਰੂ ਸੋਚ ਨਾਲ ਜ਼ਿੰਦਗੀ ਬਸਰ ਕਰਨ ਲਈ ਕਹਿੰਦਾ ਹੈ। ਜ਼ਿੰਦਗੀ ਵਿਚੋਂ ਕੁੜੱਤਣ ਖ਼ਤਮ ਕਰਕੇ ਆਪਸੀ ਪਿਆਰ ਨਾਲ ਸਮਾਜ ਵਿਚ ਵਿਚਰਨਾ ਬਹੁਤ ਜ਼ਰੂਰੀ ਹੈ। ਜ਼ਿੰਦਗੀ ਖ਼ੂਬਸੂਰਤ ਹੁੰਦੀ ਹੈ, ਉਦਾਸੀ ਜ਼ਿੰਦਗੀ ਨੂੰ ਜਿਉਣ ਨਹੀਂ ਦਿੰਦੀ। ਨ ਐਂਟਰੀ ਸਿਰਲੇਖ ਵਾਲੀ ਕਵਿਤਾ ਵਿਚ ਕੰਵਰ ਦੀਪ ਇਹ ਦੱਸਣਾ ਚਾਹੁੰਦੇ ਹਨ ਕਿ ਇਨਸਾਨ ਬੇਸ਼ਕ ਆਪਣੇ ਘਰਾਂ ਦੇ ਦਰਵਾਜੇ ਉੱਚੇ ਕਰ ਲਵੇ, ਲੋਹੇ ਦੇ ਜਿੰਦਰੇ ਮਾਰ ਲਵੇ ਪਰੰਤੂ ਦਿਲ ਦੇ ਦਰਵਾਜ਼ੇ ਇਨਸਾ-ਨੀਅਤ ਲਈ ਖੋਲ ਕੇ ਰੱਖੋ। ਆਪਣੀ ਗੱਲ ਦਿਲ ਖੋਲ ਕੇ ਕਰਨੀ ਚਾਹੀਦੀ ਹੈ, ਕਿਤੇ ਇਹ ਨਾ ਹੋਵੇ ਸਾਊ ਬਣਨ ਲਈ ਅੰਦਰੋ ਅੰਦਰੀ ਘੁਟੀ ਜਾਓ। ਰਿਸ਼ਤੇ ਨਿਭਾਉਣੇ ਸਿੱਖੋ। ਰਿਸ਼ਤਿਆਂ ਦੀ ਗੰਢ ਪੀਡੀ ਕਰੋ। ਕਵੀ ਦੀਆਂ ਕਵਿਤਾਵਾਂ ਜ਼ਿੰਦਗੀ ਦੇ ਸੁਨਹਿਰੀ ਪਲਾਂ ਨੂੰ ਮਾਨਣ ਲਈ ਸੰਗੀਤ, ਸਾਹਿਤ, ਕੁਦਰਤ ਅਤੇ ਵਾਤਾਵਰਨ ਨੂੰ ਅਪਨਾਉਣ 'ਤੇ ਜ਼ੋਰ ਦਿੰਦੀਆਂ ਹਨ। ਮਾਨਵਤਾ ਦੀ ਮਹਿਕ ਤੋਂ ਬਿਨਾ ਜ਼ਿੰਦਗੀ ਅਧੂਰੀ ਹੁੰਦੀ ਹੈ। ਚੰਗਾ ਮਾੜਾ ਵੇਖਣਾ ਅਤੇ ਸੋਚਣਾ ਇਨਸਾਨ ਦੇ ਆਪਣੇ ਵਸ ਹੁੰਦਾ ਹੈ। ਇਸ ਲਈ ਉਸਨੂੰ ਬਾਹਰ ਵੇਖਣ ਦੀ ਥਾਂ ਆਪਣੇ ਅੰਦਰ ਝਾਕਣ ਦੀ ਲੋੜ ਹੈ। ਨਿੱਕੀਆਂ ਨਿੱਕੀਆਂ ਘਟਨਾਵਾਂ ਅਤੇ ਗੱਲਾਂ ਬਾਰੇ ਅੰਦੇਸ਼ੇ ਲਾਉਣ ਨਾਲ ਹਰ ਰੋਜ਼ ਮਰਨ ਦੇ ਬਰਾਬਰ ਹੁੰਦਾ ਹੈ। ਜ਼ਿੰਦਗੀ ਮਾਨਣ ਲਈ ਹੁੰਦੀ ਹੈ। ਨਾ ਕਿ ਘੁਟ ਘੁਟ ਕੇ ਜੀਣ ਲਈ। ਕਵੀ ਦੀਆਂ ਕਵਿਤਾਵਾਂ ਵਿਚ ਖ਼ਾਹਸ਼ਾਂ ਵਧਾਉਣ ਵਾਲਿਆਂ ਵਾਸਤੇ ਮੁਸ਼ਕਲਾਂ ਮੂੰਹ ਅੱਡੀ ਖੜੀਆਂ ਹੁੰਦੀਆਂ ਹਨ। ਇਨਸਾਨ ਨੂੰ ਆਪਣੇ ਕਿੱਤੇ ਨੂੰ ਧੰਦਾ ਨਹੀਂ ਬਣਾਉਣਾ ਚਾਹੀਦਾ। ਲੋੜਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ, ਇੱਛਾਵਾਂ ਦੀ ਪੂਰਤੀ ਲਈ ਦੌੜ ਨੂੰ ਕਵੀ ਨੇ ਹਲਕੇ ਕੁੱਤੇ ਦੇ ਬਰਾਬਰ ਕਿਹਾ ਹੈ। ਸਵਰਗ ਨਰਕ ਇਕ ਭੁਲੇਖਾ ਹੈ। ਜੋ ਹੈ ਇਸ ਜ਼ਿੰਦਗੀ ਵਿਚ ਹੀ ਹੈ। ਚਾਨਣ ਦੇ ਦੋਖ਼ੀ ਕਵਿਤਾ ਵਿਚ ਕਵੀ ਨੇ ਵਰਤਮਾਨ ਨੂੰ ਮਾਨਣ ਦੀ ਗੱਲ ਕੀਤੀ ਹੈ, ਭਵਿਖ ਕਿਸਨੇ ਵੇਖਿਆ ਹੈ, ਭਾਵ ਅੱਗਾ ਦੌੜ ਪਿੱਛਾ ਚੌੜ ਹੁੰਦਾ ਹੈ। 'ਆਓ ਮੇਲੀ ਹੋਈਏ' ਕਵਿਤਾ ਵਿਚ ਇਨਸਾਨ ਤੇ ਵਿਅੰਗ ਕਰਦਿਆਂ ਕਵੀ ਨੇ ਕਿਹਾ ਹੈ ਕਿ ਅਸੀਂ ਜ਼ਿੰਦਗੀ ਦਾ ਮੇਲਾ ਮਾਣਦੇ ਨਹੀਂ, ਸਗੋਂ ਇਸਦੇ ਉਲਟ ਇਨਸਾਨ ਸਾਰੀ ਉਮਰ ਦੁਕਾਨ ਲਾਉਣ ਜੋਗੀ ਥਾਂ ਭਾਲਦਿਆਂ ਮੇਲਾ ਮੁਕਾ ਲੈਂਦੇ ਹਨ। 136 ਪੰਨਿਆਂ ਵਾਲੇ ਇਸ ਕਵਿਤਾ ਸੰਗ੍ਰਹਿ ਵਿਚ 114 ਕਵਿਤਾਵਾਂ, ਕੀਮਤ 175 ਰੁਪਏ ਅਤੇ ਐਟਮਨ ਆਰਟ ਨੇ ਪ੍ਰਕਾਸ਼ਤ ਕੀਤਾ ਹੈ।


ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਕੰਵਰ ਦੀਪ ਮਾਨਵਤਾ ਦੀਆਂ ਕਦਰਾਂ ਕੀਮਤਾਂ ਦਾ ਪੁਜਾਰੀ ਕਵੀ ਹੈ। ਉਹਨਾਂ ਦੀਆਂ ਬਹੁਤੀਆਂ ਕਵਿਤਾਵਾਂ ਇਨਸਾਨੀਅਤ ਦੇ ਆਲੇ ਦੁਆਲੇ ਹੀ ਘੁੰਮਦੀਆਂ ਹਨ। ਭਵਿਖ ਵਿਚ ਉਭਰਦੇ ਕਵੀ ਤੋਂ ਨਵੀਂਆਂ ਪਿਰਤਾਂ ਪਾਉਣ ਦੀ ਉਮੀਦ ਕੀਤੀ ਜਾ ਸਕਦੀ ਹੈ।

# ਹਰਿਆਣੇ ਦੇ ਮੁੱਖ ਮੰਤਰੀ ਸ੍ਰੀ ਖਟੱੜ ਦਾ ਕਿਸਾਨਾਂ ਪ੍ਰਤੀ ਬੇਹੂਦਾ ਬਿਆਨ



ਜੀਗ ਸਿੰਘ
91-94170-95965

ਭਾਜਪਾ ਸਰਕਾਰ ਦਾ ਰੰਗ ਢੰਗ ਨਿਰਾਲਾ ਹੀ ਦਿਸਦਾ ਨਜਰ ਆ ਰਿਹਾ ਹੈ , ਇੰਝ ਅਨੁਭਵ ਹੋ ਰਿਹਾ ਹੈ ਕਿ ਜਿਵੇਂ ਰ.ਸ.ਸ. ਨੇ ਸਾਰੀ ਭਾਜਪਾ ਲੀਡਰਸ਼ਿਪ ਨੂੰ ਇਕੋ ਇਕ ਲਾਈਨ ਦਿੱਤੀ ਹੋਵੇ ਕਿ ਕਿਸਾਨਾਂ ਦੇ ਸੰਘਰਸ਼ ਨੂੰ ਤਾਰਪੀਡੋ ਕਰਨ ਵਾਸਤੇ ਉਹ ਕਿਸਾਨਾਂ ਬਾਰੇ ਬੇਹੂਦੇ, ਬੇਤੁੱਕੇ, ਬੇਦਲੀਲੇ ਤੇ ਹਾਸੋ ਹੀਣੇ ਬਿਆਨ ਦੇਣ। ਮੰਤਰੀਆਂ ਸ਼ੰਤਰੀਆਂ ਦੇ ਅਜਿਹੇ ਬਿਆਨਾਂ ਨੇ ਮੋਦੀ ਸਰਕਾਰ ਦੀ ਸਥਿੱਤੀ ਪਾਣੀ ਤੋਂ ਵੀ ਪੱਤਲੀ ਕਰ ਦਿੱਤੀ ਹੈ।ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖਟੱੜ ਜਿਨਾਂ ਨੂੰ ਹਰਿਆਣੇ ਦੀ ਮੁੱਖ ਮੰਤਰੀ ਦੀ ਕੁਰਸੀ ਇਸ ਕਰਕੇ ਸੌਂਪੀ ਗਈ ਸੀ ਕਿ ਉਹ ਰ. ਸ.ਸ. ਦੇ ਸਿਰ ਕੱਢ ਆਗੂ ਰਹੇ ਹਨ।ਉਨਾਂ ਨੇ ਕਿਸਾਨਾਂ ਬਾਰੇ ਓਕਤ ਬਿਆਨ ਦੇ ਕੇ ਇਹ ਸਾਬਿਤ ਕਰ ਦਿੱਤਾ ਹੈ ਅਖੇ ਊਠ ਨਾ ਕੁੱਦੇ, ਬੋਰੇ ਕੁੱਦੇ ! ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਅਦਿਤਿਆ ਨਾਥ ਯੋਗੀ ਵੀ ਰ.ਸ.ਸ. ਦੇ ਆਗੂ ਹਨ।ਜਿਨਾਂ ਨੇ ਦੇਸ਼ ਦੇ ਨਾਲ ਉੱਤਰ ਪ੍ਰਦੇਸ਼ ਵਿੱਚ ਹਰ ਪਖੋਂ ਨਿਘਾਰ ਲਿਆ ਦਿੱਤਾ ਹੈ। ਜੇ ਇਹ ਆਖ ਲਿਆ ਜਾਵੇ ਕਿ ਦੇਸ਼ ਦੀ ਸਾਰੀ ਵਾਗਡੋਰ ਰ.ਸ.ਸ. ਦੇ ਹੱਥ ਹੈ ਤਾਂ ਇਹ ਵੀ ਗਲਤ ਨਹੀਂ ਹੋਵੇਗਾ। ਸ੍ਰੀ ਖੱਟੜ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਕਿਸਾਨ ਸੰਘਰਸ਼ ਕਰਨ ਦੀ ਥਾਂ ਤੇ ਕਿਸਾਨਾਂ ਦੇ ਕਾਨੂੰਨਾਂ ਨੂੰ ਸਮਝਣ। ਸ਼ਾਬਾਸ਼ੇ, ਖਟੱੜ ਸਾਹਿਬ, ਤੁਹਾਡੀ ਨਿਰਾਲੀ ਸੋਚ ਦੇ! ਜਿਹੜੇ ਕਿਸਾਨ ਪਿਛਲੇ ਕਾਫੀ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ, ਕੀ ਉਨਾਂ ਨੂੰ ਕਿਸਾਨ ਬਿੱਲਾਂ ਦਾ ਹੀ ਪਤਾ ਨਹੀਂ ਜਿਸ ਦੀ ਉਨਾਂ ਨੂੰ ਸਮਝਣ ਦੀ ਜਰੂਰਤ ਹੈ? ਖੱਟੜ ਸਾਹਿਬ, ਕਿਸਾਨਾਂ ਨੂੰ ਸਭ ਪਤਾ ਹੈ ਜੇ ਕਰ ਸਮਝ ਦੀ ਘਾਟ ਹੈ ਤਾਂ ਫਿਰ ਰ.ਸ.ਸ., ਭਾਜਪਾ, ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਖੇਤੀ ਮੰਤਰੀ ਸ੍ਰੀ ਨਰੇਂਦਰ ਸਿੰਘ ਤੋਮਰ ਨੂੰ ! ਜਾਂ ਫਿਰ ਹੁਣ ਤਾਜਾ ਤਾਜਾ ਬਿਆਨ ਦੇਣ ਵਾਲੇ ਹਰਿਆਣੇ ਦੇ ਮੁੱਖ ਮੰਤਰੀ ਖੱਟੜ ਸਾਹਿਬ ਨੂੰ ਹੈ, ਜਿਹੜੇ ਸਭ ਕੁਝ ਜਾਣਦੇ ਹੋਏ ਵੀ ਮਚੱਲੇ ਬਣੇ ਹੋਏ ਹਨ। ਖੱਟੜ ਸਾਹਿਬ ਦੇ ਬਿਆਨ ਤੋਂ ਪਹਿਲਾਂ ਕੇਂਦਰ ਦੇ ਖੇਤੀ ਮੰਤਰੀ ਸ੍ਰੀ ਨਰੇਂਦਰ ਸਿੰਘ ਤੋਮਰ ਵੀ ਅਜਿਹਾ ਬਿਆਨ ਦੇ ਕੇ ਸੰਸਾਰ ਵਿੱਚ ਆਪਣੀ ਚਰਚਾ ਕਰਾ ਚੁੱਕੇ ਹਨ ।ਬਸ ਉਹੀ ਜਿਹੀ ਹਾਸੋ ਹੀਣੀ ਹਾਲਤ ਇਨਾਂ ਨੇ ਬਣਾ ਲਈ ਹੈ। ਭਾਜਪਾ ਨੇ ਭਾਵੇਂ ਭਾਰਤੀ ਹਕੂਮਤ ਦੀ ਗੱਦੀ ਪਿਛਲੇ ਸੱਤ ਸਾਲਾਂ ਤੋਂ ਸਾਂਭੀ ਹੋਈ ਹੈ ਪਰ ਜਿਸ ਤਰਾਂ ਦੇ ਉਨਾਂ ਨੇ ਪਹਿਲੀਆਂ 2012 ਦੀਆਂ ਚੋਣਾਂ ਵਿੱਚ ਵਾਅਦੇ ਕਰਕੇ ਜੰਨਤਾ ਨੂੰ ਜਿਹੜੇ ਜਿਹੜੇ ਸਬਜ ਬਾਗ ਵਿਖਾ ਕੇ ਉਨਾਂ ਦੀਆਂ ਵੋਟਾਂ ਨਾਲ ਰਾਜ ਭਾਗ ਸੰਭਾਲਿਆ ਸੀ। ਉਹ ਸਾਰੇ ਵਾਅਦੇ ਹੁਣ ਤਕ ਜੁੱਮਲੇ ਹੀ ਸਾਬਤ ਹੋਏ ਹਨ । ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿੱਤ ਸ਼ਾਹ ਤਾਂ ਆਪਣੇ ਬਿਆਨਾਂ ਵਿੱਚ ਪਹਿਲਾਂ ਕਈ ਵਾਰ ਸਪਸ਼ਟ ਕਰ ਚੁੱਕੇ ਹਨ ਕਿ ਲੋਕਾਂ ਨਾਲ ਚੋਣਾਂ ਵਿੱਚ ਕੀਤੇ ਵਾਅਦੇ ਸਿਰਫ ਚੋਣਾਂ ਜਿੱਤਣ ਲਈ ਚੋਣ ਜੁੱਮਲੇ ਹੀ ਤਾਂ ਸਨ । 2012 ਤੋਂ ਪਹਿਲਾਂ ਬੇਰੁਜਗਾਰੀ, ਮਹਿੰਗਾਈ ਤੇ ਭ੍ਰਿਸ਼ਟਾਚਾਰ ਆਦਿ ਜਿਹੀਆਂ ਕਈ ਹੋਰ ਅਲਾਮਤਾਂ ਕਾਰਨ ਲੋਕ ਕਾਂਗਰਸ ਪਾਰਟੀ ਦੀ ਸਰਕਾਰ ਤੋਂ ਇੰਨੇ ਦੁੱਖੀ ਹੋ ਚੁੱਕੇ ਸਨ ਕਿ ਉਨਾਂ ਨੇ ਰ.ਸ.ਸ. ਆਗੂ ਜੋ ਕਿ ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਬਣੇ ਬੈਠੇ ਹਨ। ਲੋਕ ਉਨਾਂ ਦੀਆਂ ਗੱਲਾਂ ਵਿੱਚ ਆ ਗਏ ਸਨ ਕਿ 'ਮੈਨੂੰ ਦੇਸ਼ ਦਾ ਪ੍ਰਧਾਨ ਮੰਤਰੀ ਮੱਤ ਬਣਾਈਏ, ਚੋਕੀਦਾਰ ਬਣਾਈਏ', "ਮੈਂ ਦੇਸ਼ ਕੋ ਬਿੱਕਣੇ ਨਹੀਂ ਦੂੰਗਾ"। ਇਨਾਂ ਦੀਆਂ ਗੱਲਾਂ ਤੇ ਕੀਤੇ ਵਿਸ਼ਵਾਸ਼ ਨੇ ਅੱਜ ਭਾਰਤ ਦੇ ਲੋਕਾਂ ਦੇ ਨੱਕ ਵਿੱਚ ਦੱਮ ਕੀਤਾ ਹੋਇਆ ਹੈ। ਬੇਰੁਜਗਾਰੀ ਮਹਿੰਗਾਈ ਭ੍ਰਿਸ਼ਟਾਚਾਰ ਅਸਮਾਨ ਨੂੰ ਛੂਹ ਚੁੱਕਾ ਹੈ। ਮਹਿੰਗਾਈ ਦਾ ਰੌਲਾ ਪਾਉਣ ਵਾਲੀ ਨਾ 'ਸਿਮਰਤੀ ਇਰਾਨੀ' ਹੁਣ ਕੁਸੱਕਦੀ ਹੈ ਤੇ ਨਾ ਹੀ ਸਿਖਰਾਂ ਦਾ ਝੂਠਾ ਇਨਾ ਦਾ ਯੋਗ 'ਗੁਰੂ ਬਾਬਾ ਰਾਮ ਦੇਵ'! ਮੋਦੀ ਸਾਹਿਬ ਭਿੰਨ ਭਿੰਨ ਧਰਮਾਂ, ਬੋਲੀਆਂ, ਪਹਿਰਾਵਿਆ ਵਾਲੇ ਸ਼ਾਨਦਾਰ ਗਲਦਸੱਤੇ ਨੂੰ ਇਕ ਰੰਗ ਵਿੱਚ ਰੰਗ ਕੇ ਭਾਰਤ ਦੀ ਖੂਬਸੂਰਤ ਦਿੱਖ ਨੂੰ ਖਰਾਬ ਕਰ ਰਹੇ ਹਨ। ਕਦੇ ਉਹ ਕਹਿੰਦੇ ਹਨ ਕਿ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਹੈ ਕਦੇ ਇਸ ਰਾਜ ਨੂੰ 'ਰਾਮ ਰਾਜ' ਬਣਾਉਣਾ ਕਹਿੰਦੇ ਹਨ । ਅਸਲ ਵਿੱਚ ਮੋਦੀ ਸਾਹਿਬ ਨਾ ਤਾਂ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦੇ ਹਨ ਤੇ ਨਾ ਹੀ 'ਰਾਮ ਰਾਜ'। ਕਰੋਨਾ ਕਾਲ ਵਿੱਚ ਦੇਸ਼ ਦੇ ਲੋਕਾਂ ਨੇ ਵੇਖ ਲਿਆ ਇਨਾਂ ਦਾ 'ਹਿੰਦੂ ਰਾਸ਼ਟਰ' ਤੇ 'ਰਾਮ ਰਾਜ' ਕਿਹੋ ਜਿਹਾ ਹੁੰਦਾ ਹੈ? ਜਦੋਂ ਦੇਸ਼ ਦੇ ਵੱਖ ਵੱਖ ਕੋਨਿਆਂ ਵਿੱਚ ਉਤੱਰ ਪ੍ਰਦੇਸ਼, ਉੱਤਰਾ ਖੰਡ ਤੇ ਬਿਹਾਰ ਆਦਿ ਕਈ ਪ੍ਰਾਂਤਾਂ ਦੇ ਲੋਕ ਜੋ ਰੁਜਗਾਰ ਕਮਾਉਣ ਲਈ ਦੂਸਰੇ ਪ੍ਰਾਂਤਾਂ ਵਿੱਚ ਗਏ ਸਨ। ਇਹੀ ਹਿੰਦੂਆਂ ਦੀ ਸਰਕਾਰ ਹੋਣ ਦਾ ਦਾਹਵਾ ਕਰਨ ਵਾਲੀ ਭਾਜਪਾ ਸਰਕਾਰ ਨੇ ਉਨਾਂ ਦੇ ਖਾਣ-ਪੀਣ, ਰਹਿਣ ਦਾ ਕੋਈ ਪ੍ਰਬੰਧ ਨਹੀਂ ਸੀ ਕੀਤਾ, ਇਥੋਂ ਤਕ ਕਿ ਉਨਾਂ ਦੇ ਪਿੱਤਰੀ ਪ੍ਰਾਂਤਾਂ ਵਿੱਚ ਜਾਣ ਲਈ ਰੇਲ ਗੱਡੀਆਂ ਤਕ ਵੀ ਮੁਹਈਆ ਨਹੀਂ ਸੀ ਕਰਵਾ ਸਕੀ। ਇਹ ਸਭ ਹਿੰਦੂ ਧਰਮ ਨਾਲ ਸਬੰਧਤ ਲੋਕ ਭੁੱਖੇ, ਤਿਆਹੇ, ਪੈਦਲ ਹੀ ਆਪਣੇ ਘਰਾਂ ਨੂੰ ਚੱਲ ਪਏ ਸਨ। ਰਸਤੇ ਵਿੱਚ ਜਿਹੜੇ ਜੋਖਮ ਭਰੇ ਹਾਲਤਾਂ ਵਿੱਚ ਉਹ ਆਪਣੇ ਘਰਾਂ ਵਿੱਚ ਬਿਨ ਸਰਕਾਰੀ ਮੱਦਦ ਦੇ ਗਏ ਸਨ। ਰਸਤੇ ਵਿੱਚ ਕਈ ਆਪਣੀ ਮੰਜਿਲ ਤੇ ਪਹੁੰਚਣ ਤੋਂ ਪਹਿਲਾਂ ਹੀ ਕਿਸੇ ਨਾ ਕਿਸੇ ਕਾਰਨ ਰੱਬ ਨੂੰ ਪਿਆਰੇ ਹੋ ਗਏ ਸਨ, ਕਈ ਨਾਬਾਲਗ ਬੱਚੀਆਂ ਨੂੰ ਆਪਣੇ ਬਜੁਰਗਾਂ ਨੂੰ ਸਾਈਕਲਾਂ ਤੇ ਬਿਠਾ ਕੇ ਹਜਾਰਾਂ ਮੀਲ ਦਾ ਫਾਸਲਾ ਤਹਿ ਕਰਕੇ ਘਰ ਪੁੱਜਣਾ ਪਿਆ, ਕਈ ਗਰਭਵੱਤੀ ਔਰਤਾਂ ਨੇ ਰਸਤੇ ਵਿੱਚ ਹੀ ਬਿਨਾ ਕਿਸੇ ਮੈਡੀਕਲ ਸਹੂਲਤ ਦੇ ਆਮ ਲੋਕਾਂ ਦੀ ਮਦੱਦ ਨਾਲ ਬੱਚਿਆ ਨੂੰ ਜਨਮ ਦੁਆਉਣਾ ਪਿਆ, ਕਿਵੇਂ ਮਾਸੂਮ ਬੱਚਿਆਂ ਨੂੰ ਰੇੜ੍ਹਣ ਵਾਲੇ ਅਟੈਚੀਕੇਸਾਂ ਤੇ ਮਾਵਾਂ ਵਲੋਂ ਆਪਣੇ ਬੱਚਿਆਂ ਨੂੰ ਸੁਆ ਕੇ ਆਪਣੇ ਵਤਨ ਪਿਤਰੀ ਪ੍ਰਾਂਤ ਜਾਣਾ ਪਿਆ। ਅਣਗਿਣਤ ਇਹੋ ਜਿਹੀਆਂ ਦਿੱਲ ਕੰਬਾਊ ਘਟਨਾਵਾਂ ਸਾਰੇ ਸੰਸਾਰ ਦੇ ਲੋਕਾਂ ਨੇ ਵੇਖ ਸੁਣ ਲਈਆਂ ਸਨ। ਇਹ ਨਾਂ ਨੂੰ ਹੀ ਉਹਿੰਦੂਆਂ ਦੇ ਰਾਜ"



ਦਾ ਰੌਲਾ ਪਾਉਂਦੇ ਹਨ, ਪਰ ਹੈ ਅਸਲ ਵਿੱਚ ਇਹ ਦੇਸ਼ ਦੇ ਚੰਦ ਕੁ ਗੁਜਰਾਤੀ ਕਾਰਪੋਰੇਟਾਂ ਅਬਾਨੀਆਂ ਅਡਾਨੀਆਂ ਆਦਿ ਗਿਣਵੇਂ ਕਾਰਪੋਰੇਟਾਂ ਦੇ ਹਾਮੀਦਾਰ ਹਨ। ਜਿਹਨਾਂ ਨੂੰ ਵੱਡੀਆਂ ਵੱਡੀਆਂ ਰਿਆਇਤਾਂ ਦੇਂਦੇ ਆ ਰਹੇ ਹਨ। ਇਥੋਂ ਤਕ ਕਿ ਵੱਡੇ ਵੱਡੇ ਕਾਰਪੋਰੇਟਾਂ ਨੇ ਜਿਹੜੇ ਲੱਖਾਂ ਕਰੋੜਾਂ ਰੁਪਏ ਦੇ ਬੈਂਕਾਂ ਤੋ ਕਰਜੇ ਲਏ ਸਨ ਇਸ ਸਰਕਾਰ ਨੇ ਮੁਆਫ ਕਰ ਦਿੱਤੇ ਹਨ ਤੇ ਫਿਰ ਮਿਲੀ ਭੁਗੱਤ ਨਾਲ ਵਿਦੇਸ਼ਾਂ ਵਿੱਚ ਭਜਾ ਦਿੱਤੇ ਤਾਂ ਕਿ ਉਨਾਂ ਨੂੰ ਕੋਈ ਪੁੱਛ ਨਾ ਸਕੇ । ਪਰ ਦੇਸ਼ ਨੂੰ ਅਨਾਜ ਪੱਖੋਂ ਸਵੈਨਿਰਭਰ ਕਰਨ ਤੇ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨਾਂ ਦਾ ਕਰਜਾ ਇਸ ਸਰਕਾਰ ਕੋਲੋਂ ਮੁਆਫ ਨਹੀਂ ਹੋ ਸਕਿਆ! ਉਹ ਕਰਜੇ ਹੇਠ ਦੱਬੇ ਹੋਣ ਕਾਰਨ ਨਿੱਤ ਦਿਨ ਖੁਦਕਸ਼ੀਆਂ ਕਰਦੇ ਆ ਰਹੇ ਹਨ। ਲੱਖਾਂ ਕਿਸਾਨ ਖੁਦਕਸ਼ੀਆਂ ਦੀ ਭੇਂਟ ਚੜ੍ਹ ਚੁੱਕੇ ਹਨ। ਦੇਸ਼ ਦੇ ਕਿਸਾਨ ਪਿਛਲੇ 200 ਦਿਨਾਂ ਤੋਂ ਵਧੇਰੇ ਸਮੇਂ ਤੋਂ ਦਿੱਲੀ ਦੇ ਸਾਰੇ ਬਾਰਡਰਾਂ ਨੂੰ ਘੇਰ ਕੇ ਮੰਗ ਕਰਦੇ ਆ ਰਹੇ ਹਨ ਕਿ ਕਿਸਾਨਾਂ ਵਿਰੁੱਧ ਪਾਸ ਕੀਤੇ ਤਿੰਨ ਕਾਲੇ ਕਾਨੂੰਨ ਰੱਦ ਕੀਤੇ ਜਾਣ। ਸਾਰੀਆਂ ਫੱਸਲਾਂ ਤੇ ਸਰਕਾਰ ਵਲੋਂ ਘਟੋ ਘਟ ਭਾਅ ਦੇਣ ਦੀ ਕਾਨੂੰਨੀ ਗਰੰਟੀ ਦੇਵੇ। ਇਸ ਸੰਘਰਸ਼ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨ ਆਪਣੀਆਂ ਜਾਨਾਂ ਗੁਆ ਚੁੱਕੇ ਹਨ ।ਦੇਸ਼ ਦੀ ਭਾਜਪਾ ਸਰਕਾਰ ਇਤਨੀ ਹੈਂਸਿਆਰੀ ਬਣੀ ਹੋਈ ਹੈ ਕਿ ਹਾਲੇ ਤਕ ਇਸ ਸਰਕਾਰ ਦੇ ਮੂੰਹੋਂ ਕਿਸਾਨਾਂ ਪ੍ਰਤੀ ਹਮਦਰਦੀ ਦਾ ਇਕ ਲਫਜ ਨਹੀਂ ਨਿਕਲਿਆ ।ਜਦੋਂ ਕਿ ਜੇ ਭਾਜਪਾ ਜਾਂ ਰ.ਸ.ਸ. ਦਾ ਕੋਈ ਨਿੱਕਾ ਮੋਟਾ ਲੀਡਰ ਜਾਂ ਵਰਕਰ ਅਚਾਨਕ ਮੌਤ ਦੇ ਮੂੰਹ ਵਿੱਚ ਜਾ ਪੈਂਦਾ ਹੈ ਤਾਂ ਇਸ ਪਾਰਟੀ ਦੇ ਲੀਡਰਾਂ ਦੇ ਕੀਰਨੇ ਮੁੱਕਣ ਦਾ ਨਾਂ ਨਹੀਂ ਲੈਂਦੇ। ਦੇਸ਼ ਦੇ ਹਿੰਦੂ ਧਰਮ ਨਾਲ ਸਬੰਧਤ ਲੋਕਾਂ ਨੇ ਇਸ ਸਰਕਾਰ ਦੇ ਖਾਸੇ ਨੂੰ ਵੇਖ ਲਿਆ ਹੈ ਜੋ ਹਿੰਦੂਆਂ ਪ੍ਰਤੀ ਸਿਰਫ 'ਮਗਰਮੱਛ ਦੇ ਅਥਰੂ' ਸੁਟੱਣ ਵਾਲੇ ਹਨ। ਦੇਸ਼ ਦੇ ਲੋਕਾਂ ਦੀ ਭਰਾਤਰੀ ਸਾਂਝ ਜਿੰਨੀ ਇਨਾਂ ਸੱਤਾਂ ਸਾਲਾਂ ਦੇ ਮੋਦੀ ਰਾਜ ਵਿੱਚ ਲੀਰੋ ਲੀਰ ਹੋਈ ਹੈ, ਸ਼ਾਇਦ ਹੋਰ ਕਿਸੇ ਰਾਜ ਵਿੱਚ ਇੰਨੀ ਨਾ ਹੋਈ ਹੋਵੇ । ਕਰਜਿਆਂ ਵਿੱਚ ਲੱਕ ਲੱਕ ਜਕੜਿਆਂ ਗਰੀਬ ਭਾਰਤ ਦਾ ਪ੍ਰਧਾਨ ਮੰਤਰੀ ਜਿਹੜਾ ਆਪ ਲੱਖਾਂ ਰੁਪਏ ਦੇ ਸੂਟ ਪਹਿਨਣ ਵਾਲਾ ਹੋਵੇ ਤੇ 4600-4600 ਕਰੋੜ ਦੇ ਹਵਾਈ ਜਹਾਜ ਖਰੀਦ ਕੇ ਅਮਰੀਕਾ ਦੇ ਰਾਸ਼ਟਰ-ਪਤੀ ਦੀ ਨਕਲ ਕਰਕੇ ਕੋਈ ਐਸ਼ੋ ਅਰਾਮ ਕਰਨ ਵਾਲਾ ਲੀਡਰ ਬਹਿਰੂਪੀਆ ਬਣ ਕੇ ਦਾੜ੍ਹੀ, ਮੁੱਛਾਂ ਜਾਂ ਫਿਰ ਸਿਰ ਦੇ ਵਾਲ ਵਧਾ ਕੇ ਉਟੈਗੋਰ ਨਹੀਂ ਬਣ ਸਕਦਾ" ਉਸ ਵਿੱਚ ਅਜਿਹੇ ਗੁਣ ਵੀ ਹੋਣੇ ਚਾਹੀਦੇ ਹਨ।ਮੋਦੀ ਸਾਹਿਬ ਦੇ ਗੁਣ ਤਾਂ ਦੇਸ਼ ਦੇ ਵਾਸੀ ਹੁਣ ਤਕ ਪੂਰੀ ਤਰਾਂ ਜਾਣ ਚੁੱਕੇ ਹਨ ਕਿ ਇਹ ਕਰ ਕੀ ਕਰ ਰਹੇ ਹਨ? ਸ੍ਰੀ ਰਾਬਿੰਦਰ ਨਾਥ ਟੇਗੋਰ ਨੇ ਕਿਵੇਂ ਸਾਰੇ ਦੇਸ਼ ਦੇ ਪ੍ਰਾਂਤਾਂ ਨੂੰ 'ਰਾਸ਼ਟਰੀ ਗਾਣ' ਵਿੱਚ ਪਰੋ ਕੇ ਭਿੰਨ ਭਿੰਨ ਫੁੱਲਾਂ ਨੂੰ ਇਕਠਿਆਂ ਕਰਕੇ ਉਨਾਂ ਦਾ ਸ਼ਾਨਦਾਰ ਗੁਲਦੱਸਤਾ ਬਣਾ ਕੇ ਉਸ ਦੀ ਖੁਸ਼ਬੋ ਵੰਡੀ ਸੀ। ਪਰ ਮੋਦੀ ਸਾਹਿਬ ਤਾਂ ਕਦੇ 'ਹਿੰਦੂ ਮੁਸਲਿਮ' ਕਦੇ ਹਿੰਦੂਆਂ ਸਿੱਖਾਂ ਵਿੱਚ ਵੰਡੀਆਂ ਪਾ ਕੇ ਦੇਸ਼ ਦੀ ਏਕਤਾ ਨੂੰ ਖੇਰੂੰ ਖੇਰੂੰ ਕਰਦੇ ਆ ਰਹੇ ਹਨ। ਉਦਾਹਰਣ ਦੇਣ ਲਈ ਜੰਮੂ ਕਸਮੀਰ ਰਾਜ ਨੂੰ ਤੋੜ ਕੇ ਕੇਂਦਰ ਸ਼ਾਸ਼ਤ ਪ੍ਰਾਂਤ ਬਣਾਉਣਾ । ਸਿਰਫ ਕਾਰਪੋਰੇਟਾਂ ਨੂੰ ਜੰਮੂ ਕਸ਼ਮੀਰ ਦਾ ਵਿਉਪਾਰ ਹਵਾਲੇ ਕਰਨ ਲਈ ਦੇਸ਼ ਦੀ ਅਜਾਦੀ ਤੋਂ ਬਾਅਦ ਜੰਮੂ ਕਸ਼ਮੀਰ ਨੂੰ ਸਵਿੰਧਾਨਕ ਤੌਰਤੇ ਧਾਰਾ 370 ਅਤੇ 35 ਏ ਦੀ ਮਿਲੀ ਸਹੂਲਤ ਨੂੰ ਫਿਰਕੂ ਸੋਚ ਤਹਿਤ ਭਾਜਪਾ ਸਰਕਾਰ ਵਲੋਂ ਤੋੜਣਾ ਤੇ ਉਸ ਨੂੰ ਦੋ ਹਿਸਿਆਂ ਵਿੱਚ ਵੰਡਣਾ, ਉਸ ਪ੍ਰਾਂਤ ਦੇ ਲੋਕਾਂ ਦੀਆਂ ਟੈਲੀਫੋਨ ਤੇ ਇੰਟਰਨੈਟ ਆਦਿ ਵਰਗੀਆਂ ਜਰੂਰੀ ਸਹੂਲਤਾਂ ਤੋਂ ਵੰਚਿਤ ਕਰਕੇ ਮੁਸਲਮਾਨਾਂ ਦੇ ਵਿਉਪਾਰ ਨੂੰ ਤਹਿਸ ਨਹਿਸ ਕਰਨਾ ਇਸ ਤੋਂ ਵੱਧ ਸਰਕਾਰ ਦੀ ਮਾੜੀ ਤੇ ਸੌੜੀ ਸੋਚ ਹੋਰ ਕੀ ਹੋ ਸਕਦੀ ਹੈ? ਕੁਝ ਦਿਨ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਵਲੋਂ ਜੰਮੂ ਕਸ਼ਮੀਰ ਦੀਆਂ ਵੱਖ ਵੱਖ ਪਾਰਟੀਆਂ ਦੇ ਆਗੂਆਂ ਨਾਲ ਮੀਟਿੰਗ ਕੀਤੀ ਸੀ। ਜਿਸ ਵਿੱਚ ਜੰਮੂ ਕਸ਼ਮੀਰ ਦੀਆਂ ਸਮੂਹ ਪਾਰਟੀਆਂ ਨੇ ਇਕੋ ਸੁਰ ਵਿੱਚ ਆਖਿਆ ਸੀ ਕਿ ਪ੍ਰਾਂਤ ਵਿੱਚ ਚੋਣਾਂ ਕਰਾਉਣ ਤੋਂ ਪਹਿਲਾਂ ਜੰਮੂ ਕਸ਼ਮੀਰ ਸੂਬੇ ਦੀ ਪਹਿਲੀ ਹਾਲਤ ਨੂੰ ਬਹਾਲ ਕਰਨਾ ਜਰੂਰੀ ਹੈ। ਉਸ ਵਿੱਚ ਅਣ ਐਲਾਨੀ ਐਮਰਜੈਂਸੀ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ। ਪਰ ਅਫਸੋਸ ਭਾਰਤ ਦੇ ਪ੍ਰਧਾਨ ਮੰਤਰੀ ਨੇ ਉਸ ਦਾ ਗੋਲ ਮੋਲ ਜੁਆਬ ਦੇਂਦਿਆਂ ਇਹ ਕਹਿਣਾ ਕਿ "ਸਮਾਂ ਆਉਣ ਤੇ ਜੰਮੂ ਕਸ਼ਮੀਰ ਦੇ ਦਰਜੇ ਨੂੰ ਬਹਾਲ ਕਰ ਦਿਤਾ ਜਾਵੇਗਾ"। ਸਮਾਂ ਪਤਾ ਨਹੀਂ ਕਦੋਂ ਆਉਣਾ ਵੀ ਹੈ ਕਿ ਨਹੀਂ? ਜੋ ਦੱਸ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜੰਮੂ ਕਸ਼ਮੀਰ ਦੇ ਆਗੂਆਂ ਨਾਲ ਮੀਟਿੰਗ ਕਰਨੀ ਸਿਰਫ "ਮਗਰਮੱਛ ਦੇ ਹੰਝੂ ਸੁੱਟਣ ਤੋਂ ਵੱਧ ਹੋਰ ਕੋਈ ਗੱਲ ਨਹੀਂ ਹੋ ਸਕਦੀ! ਭਾਜਪਾ ਦੇ ਜੰਮੂ ਵਿੱਚ ਬੈਠੇ ਆਗੂ ਮੁਸਲਮਾਨਾਂ ਨੂੰ ਚਿੜ੍ਹਾਉਣ ਵਾਲੀਆਂ ਖਬਰਾਂ ਲੁਆ ਰਹੇ ਹਨ । ਜਿਸ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਹਾਲੇ ਵੀ ਮੁਸਲਮਾਨ ਧਾਰਾ 370 ਹਟਾਉਣ ਦੇ ਖਿਆਲੀ ਪਲਾਓ ਬਣਾ ਰਹੇ ਹਨ ਜੋ ਕਿ ਉਹ ਉਨਾਂ ਦੀ ਖਿਆਲੀ ਸੋਚ ਹੈ ,ਹੁਣ ਭਾਰਤ ਵਿੱਚੋਂ ਧਾਰਾ 370 ਅਤੇ 35 ਏ ਹਟਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ! ਇਸ ਸਮੇਂ ਦੇਸ਼ ਵਿੱਚ ਅਣ ਐਲਾਨੀ ਤਾਨਾਸ਼ਾਹੀ ਚੱਲ ਰਹੀ ਹੈ । ਜਦੋਂ ਤੋਂ ਮੋਦੀ ਦੀ ਭਾਜਪਾ ਸਰਕਾਰ ਬਣੀ ਹੈ ਉਦੋਂ ਤੋਂ ਹੀ ਦੇਸ਼ ਵਿੱਚ ਲੋਕ ਤੰਤਰ ਦਾ ਭੋਗ ਪੈ ਗਿਆ ਹੈ ਕਿਉਂ ਕਿ ਲੋਕ ਤੰਤਰ ਵਿੱਚ ਤਾਂ ਲੋਕਾਂ ਦੀ ਸੁਣੀ ਜਾਂਦੀ ਹੈ। ਜੇਕਰ ਦੇਸ਼ ਵਿੱਚ ਲੋਕ ਤੰਤਰ ਹੁੰਦਾ ਤਾਂ ਕੀ ਪਿਛਲੇ ਸੱਤ ਮਹੀ-ਨਿਆ ਤੋਂ ਦੇਸ਼ ਦੇ ਕਿਸਾਨਾਂ ਜਿਹੜੇ ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਦੇ ਆ ਰਹੇ ਹਨ ਉਨਾਂ ਨੂੰ ਇੰਨਾ ਸਮਾਂ ਸੰਘਰਸ਼ ਕਰਨਾ ਪੈਂਦਾ! ਮੋਦੀ ਸਾਹਿਬ ਸਿਰਫ ਨਾਂ ਦੇ ਹੀ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਸਾਰਾ ਕੰਮ ਕਾਜ ਅੰਬਾਨੀਆਂ ਅਡਾਨੀਆਂ ਆਦਿ ਕਾਰਪੋਰੇਟਾਂ ਦੀਆਂ ਹਦਾਇਤਾਂ ਤੇ ਹੋ ਰਿਹਾ ਹੈ। 26 ਜੂਨ ਨੂੰ ਕਿਸਾਨਾਂ ਕੇ ਉਖੇਤੀ ਬਚਾਓ, ਲੋਕ ਤੰਤਰ ਬਚਾਓ" ਦੇ ਦਿੱਤੇ ਪ੍ਰੋਗਰਾਮ ਤਹਿਤ ਸਾਰੇ ਦੇਸ਼ ਵਿੱਚ ਰਾਜਪਾਲਾਂ ਨੂੰ ਰਾਸ਼ਟਰਪਤੀ ਦੇ ਨਾਂ ਤੇ ਮੰਗ ਪੱਤਰ ਦਿੱਤੇ ਹਨ ।' ਚੰਡੀਗੜ੍ਹ ਵਰਗੇ ਕਈ ਪ੍ਰਾਂਤਾਂ ਵਿੱਚ ਸਰਕਾਰ ਨੇ ਆਪਣੇ ਸੂਬਿਆਂ ਨੂੰ ਸੀਲ ਕਰਨ ਦਾ ਵੀ ਐਲਾਨ ਕਰ ਰਖਿਆ ਸੀ ਤਾਂ ਕਿ ਕਿਸਾਨ ਮੰਗ ਪੱਤਰ ਦੇਣ ਨਾ ਆ ਸਕਣ । ਪਰ ਕਿਸਾਨਾਂ ਤੇ ਉਨਾਂ ਦੇ ਸਹਿਯੋਗੀਆਂ ਦੇ ਭਾਰੀ ਇਕੱਠਾਂ ਤੋਂ ਘਬਰਾਅ ਕੇ ਸੀਲ ਕਰਨ ਦੇ ਹੁਕਮ ਸਰਕਾਰਾਂ ਨੂੰ ਵਾਪਿਸ ਲੈਣੇ ਪਏ ।ਕਿਸਾਨਾਂ ਨੇ ਸਰਕਾਰਾਂ ਦੀਆਂ ਸਾਰੀਆਂ ਰੋਕਾਂ ਤੋੜ੍ਹ ਕੇ ਸਰਕਾਰੀ ਤਸ਼ਦੱਦ ਸਹਿਣ ਕਰਕੇ , ਅਧਿਕਾਰੀਆਂ ਨੂੰ ਮੰਗ ਪੱਤਰ ਦੇ ਕੇ ਆਪਣੀ ਏਕਤਾ ਦਾ ਪ੍ਰਗਟਾਵਾ ਕੀਤਾ ਹੈ। ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕੇਂਦਰ ਦੇ ਖੇਤੀ ਮੰਤਰੀ ਸ੍ਰੀ ਨਰੇਂਦਰ ਸਿੰਘ ਤੋਮਰ ਨੇ ਅੱਜ ਫਿਰ ਹਾਸੋ ਹੀਣਾ ਬਿਆਨ ਦਾਗਿਆ ਹੈ ਕਿ ਕਿਸਾਨ ਆਪਣਾ ਅੰਦੋਲਨ ਵਾਪਿਸ ਲੈ ਲੈਣ, ਸਰਕਾਰ ਉਨਾਂ ਨਾਲ ਮੁੜ੍ਹ ਤੋਂ ਗਲ ਬਾਤ ਕਰਨ ਲਈ ਤਿਆਰ ਹੈ। ਇਸ ਖੇਤੀ ਮੰਤਰੀ ਨੂੰ ਕੋਈ ਪੁੱਛੇ ਕਿ ਜੇ ਕਰ ਕਿਸਾਨ ਆਪਣਾ ਅੰਦੋਲਨ ਹੀ ਵਾਪਿਸ ਲੈ ਲੈਂਦੇ ਹਨ ਫਿਰ ਕਾਹਦੀ ਗੱਲ ਤੁਹਾਡੇ ਨਾਲ ਕਰਨ ਆਉਣ। ਇਹ ਹੰਕਾਰੀ ਸਰਕਾਰ ਪਿਛਲੇ ਸੱਤਾਂ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਦੀ ਗੱਲ ਤਾਂ ਸੁਣ ਨਹੀਂ ਰਹੀ, ਅੰਦੋਲਨ ਵਾਪਿਸ ਲੈਣ ਉਪਰੰਤ ਉਹ ਕਿਸਾਨਾਂ ਨਾਲ ਕਿਹੋ ਜਿਹਾ ਵਿਉਹਾਰ ਕਰੇਗੀ? ਜੇਕਰ ਖੇਤੀ ਮੰਤਰੀ ਸਾਹਿਬ ਵਿੱਚ ਥ੍ਹੋੜੀ ਜਿਹੀ ਵੀ ਇਨਸਾਨੀਅੱਤ ਤੇ ਸਿਆਣਪ ਹੁੰਦੀ ਤਾਂ ਉਹ ਇਹ ਬਿਆਨ ਦੇਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜਾ ਕੇ ਕਹਿੰਦੇ ਕਿ ਹੁਣ ਤਾਂ ਵੱਖ ਵੱਖ ਪ੍ਰਾਂਤਾਂ ਦੇ ਭਾਜਪਾ ਦੇ ਆਗੂ ਵੀ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਨਿਤਰਣ ਲਗ ਪਏ ਹਨ।ਇਸ ਲਈ ਜਰੂਰੀ ਬਣ ਗਿਆ ਹੈ ਕਿ ਕਿਸਾਨਾਂ ਦੀਆਂ ਮੰਗਾਂ ਤਿੰਨੇ ਕਾਨੂੰਨ ਰੱਦ ਕਰਨ ਦੇ ਨਾਲ ਫਸਲਾਂ ਤੇ ਐਮ.ਐਸ .ਪੀ. ਦੇਣ ਦੀ ਕਾਨੂੰਨੀ ਗਾਰੰਟੀ ਦੇ ਕੇ ਦੇਸ਼ ਦੇ ਵਿਗੜ੍ਹ ਰਹੇ ਮਾਹੋ.ਲ ਨੂੰ ਸੁਖਾਵਾਂ ਬਣਾਉਂਦੇ। ਪਰ ਉਹ ਕੋਈ ਹੱਲ ਕਰਨ ਦੇ ਬਿਨਾ ਹੀ ਕਿਸਾਨਾਂ ਨੂੰ ਚਿੜਾਉਣ ਵਾਲੇ ਬਿਆਨ ਦੇ ਕੇ ਆਪਣੀ ਤੇ ਭਾਜਪਾ ਸਰਕਾਰ ਦੀ ਸੰਸਾਰ ਵਿੱਚ ਖਿੱਲੀ ਉਡਾਉਂਦੇ ਆ ਰਹੇ ਹਨ।

ਅਸਲ ਵਿੱਚ ਮੋਦੀ ਦੀ ਭਾਜਪਾ ਸਰਕਾਰ ਦੇਸ਼ ਵਿੱਚ ਤਾਨਾਸ਼ਾਹ ਹਕੂਮਤ ਸਥਾਪਤ ਕਰਕੇ, ਦੇਸ਼ ਦੇ ਲੋਕਾਂ ਨੇ ਕੀ ਪਹਿਨਣਾ, ਕੀ ਖਾਣਾ, ਕੀ ਪੜਣਾ ਹੈ, ਕੀ ਬੋਲਣਾ ਹੈ ਸਭ ਕੁਝ ਡੰਡੇ ਦੇ ਜੋਰ ਨਾਲ ਲਾਗੂ ਕਰਨਾ ਚਾਹੁੰਦੀ ਹੈ। ਸਮਾਂ ਮੰਗ ਕਰ ਰਿਹਾ ਕਿ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕ ਮੱਤ ਹੋ ਕੇ ਲੋਕ ਤੰਤਰ ਨੂੰ ਬਚਾਉਣ ਲਈ ਮੈਦਾਨ ਵਿੱਚ ਨਿਤਰਣਾ ਚਾਹੀਦਾ। ਜਿੰਨਾ ਚਿਰ ਇਸ ਫਾਸੀ ਬਣੀ ਸਰਕਾਰ ਦਾ ਦੇਸ਼ ਵਿੱਚੋਂ ਭੋਗ ਨਹੀਂ ਪਾਇਆ ਜਾਂਦਾ, ਕਿਸਾਨਾਂ ਦੇ ਮਸੱਲੇ ਹੱਲ ਨਹੀਂ ਹੋ ਸਕਦੇ। ਇਸ ਕਰਕੇ ਆਉਣ ਵਾਲੀਆਂ ਸਾਰੀਆਂ ਚੋਣਾਂ ਚਾਹੇ ਉਹ ਵਿਧਾਨ ਸਭਾ ਦੀਆਂ ਹੋਣ ਜਾਂ ਫਿਰ ਲੋਕ ਸਭਾ ਦੀਆਂ ਹੋਣ ਈ. ਵੀ. ਐਮ. ਦੀ ਥਾਂ ਤੇ ਬੈਲਟ ਪੇਪਰ ਰਾਹੀਂ ਕਰਵਾ ਕੇ ਭਾਜਪਾ ਨੂੰ ਸ਼ਰਮਨਾਕ ਹਾਰ ਦੇਣ ਦੀ ਜਰੂਰਤ ਹੈ। ਇਸ ਵਿੱਚ ਹੀ ਸਾਡੀ, ਤੁਹਾਡੀ ਤੇ ਸਾਰੇ ਦੇਸ਼ ਦੀ ਭਲਾਈ ਛਿੱਪੀ ਹੋਈ ਹੈ।

# ਬੈਂਸ ਦੀ ਪੁਸਤਕ 'ਜਾਣਾ ਏ ਉਸ ਪਾਰ' ਜਾਰੀ

**ਮਾਹਿਲਪੁਰ–** ਇੰਗਲੈਂਡ ਦੇ ਸ਼ਹਿਰ ਲਿਸਟਰ ਵਿਚ ਵਸਦੀ ਉੱਘੀ ਕਵਿਤਰੀ ਜਸਵੰਤ ਕੌਰ ਬੈਂਸ ਵਲੋਂ ਸੰਪਾਦਿਤ ਕਹਾਣੀ ਅਤੇ ਲੇਖ ਸੰਗ੍ਰਹਿ ਸ਼੍ਰੋਮਣੀ ਬਾਲ ਸਾਹਿਤਕਾਰ ਬਲਜਿੰਦਰ ਮਾਨ ਵਲੋਂ ਕਰੂੰਬਲਾਂ ਭਵਨ ਮਾਹਿਲਪੁਰ ਵਿਚ ਜਾਰੀ ਕੀਤਾ ਗਿਆ। ਉਹਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਬੈਂਸ ਨੇ ਜਿੱਥੇ ਖੁਦ ਪੰਜ ਕਾਵਿ ਪੁਸਤਕਾਂ ਦੀ ਸਿਰਜਣਾ ਕੀਤੀ ਹੈ ਉਥੇ ਨਵੇਂ ਤੇ ਪ੍ਰੋੜ ਲੇਖਕਾਂ ਨੂੰ ਇਸ ਪੁਸਤਕ ਰਾਹੀਂ ਇਕ ਮੰਚ ਤੇ ਇਕੱਠਾ ਕਰ ਦਿੱਤਾ ਹੈ।ਇਸ ਪੁਸਤਕ ਵਿਚ ਅਠਾਰਾਂ ਕਹਾਣੀਆਂ ਅਤੇ ਅਠਾਰਾਂ ਲੇਖ ਕੋਰੋਨਾ ਕਾਲ ਦੀ ਦਾਸਤਾਨ ਦੇ ਭਿੰਨ ਭਿੰਨ ਪਹਿਲੂਆਂ ਤੇ ਝਾਤ ਪੁਆਉਂਦੇ ਹਨ। ਪੁਸਤਕ ਰਿਲੀਜ਼ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਸਾਬਕਾ ਸਿੱਖਿਆ ਅਧਿਕਾਰੀ ਬੱਗਾ ਸਿੰਘ ਆਰਟਿਸਟ,ਕੁਲਦੀਪ ਕੌਰ ਬੈਂਸ, ਸਤਵੰਤ ਕੌਰ ਸਹੋਤਾ ਅਤੇ ਪ੍ਰਿੰ. ਮਨਜੀਤ ਕੌਰ ਨੇ ਕਿਹਾ ਕਿ ਇਸ ਪੁਸਤਕ ਦੇ ਸੰਪਾਦਨ ਕਾਰਜਾਂ ਵਿਚ ਜੱਸੀ ਮਾਨ, ਆਰ ਕੇ ਰਾਣੀ, ਰਾਜਪ੍ਰੀਤ ਕੌਰ, ਮਨਵਿੰਦਰ ਧਾਲੀਵਾਲ ਅਤੇ ਸੁਖਵੰਤ ਕੌਰ ਗਰੇਵਾਲ ਨੇ ਅਹਿਮ ਭੂਮਿਕਾ ਨਿਭਾਈ ਹੈ। ਉਹਨਾਂ ਨਵੇਂ ਲਿਖਾਰੀਆਂ ਲਈ ਇਕ ਮੰਚ ਤਿਆਰ ਕਰ ਦਿੱਤਾ ਹੈ ਜਿਸਦਾ ਲਾਭ ਲੈ ਕੇ ਉਹ ਹੋਰ ਉੱਚੀਆਂ ਉਡਾਰੀਆਂ ਮਾਰ ਸਕਦੇ ਹਨ। ਸੁਰ ਸੰਗਮ ਵਿੱਦਿਅਕ ਟਰੱਸਟ ਮਾਹਿਲਪੁਰ ਵਲੋਂ ਇਸ ਪੁਸਤਕ ਰਿਲੀਜ਼ ਸਮਾਰੋਹ ਦਾ ਆਯੋਜਨ ਕਰੂੰਬਲਾਂ ਭਵਨ ਵਿਚ ਕੀਤਾ ਗਿਆ।



ਜਸਵੰਤ ਕੌਰ ਬੈਂਸ ਦੁਆਰਾ ਸੰਪਾਦਿਤ ਪੁਸਤਕ 'ਜਾਣਾ ਏ ਉਸ ਪਾਰ' ਜਾਰੀ ਕਰਦੇ ਹੋਏ ਸ਼੍ਰੋਮਣੀ ਬਾਲ ਸਾਹਿਤਕਾਰ ਬਲਜਿੰਦਰ ਮਾਨ,ਬੱਗਾ ਸਿੰਘ ਆਰਟਿਸਟ, ਅਵਤਾਰ ਸਿੰਘ ਤਾਰੀ, ਸਤਵੰਤ ਕੌਰ ਸਹੋਤਾ, ਕੁਲਦੀਪ ਕੌਰ ਬੈਂਸ ਅਤੇ ਪ੍ਰਿੰ. ਮਨਜੀਤ ਕੌਰ ਆਦਿ।

ਇਸ ਮੌਕੇ ਗਾਇਕ ਤੇ ਗੀਤਕਾਰ ਪੰਮੀ ਖੁਸ਼ਹਾਲਪੁਰੀ, ਸੁਖਮਨ ਸਿੰਘ, ਰਜਮੀਤ ਕੌਰ ਨੇ ਆਪਣੀਆਂ ਕਲਾਤਮਿਕ ਵੰਨਗੀਆਂ ਨਾਲ ਖੂਬ ਰੌਣਕਾਂ ਲਾਈਆਂ। ਇਸ ਸਮਾਰੋਹ ਵਿਚ ਚੈਂਚਲ ਸਿੰਘ ਬੈਂਸ, ਕੋਚ ਅਵਤਾਰ ਸਿੰਘ ਤਾਰੀ, ਯਾਦਵਿੰਦਰ ਸਿੰਘ,ਸਰਬਜੀਤ ਕੌਰ, ਨਿਧੀ ਅਮਨ ਸਹੋਤਾ, ਰਜਨੀ ਦੇਵੀ, ਰਵਨੀਤ ਕੌਰ, ਹਰਮਨਪ੍ਰੀਤ ਕੌਰ ਸਮੇਤ ਇਲਾਕੇ ਦੇ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ। ਸਭ ਦਾ ਧੰਨਵਾਦ ਕਰਦਿਆਂ ਹਰਵੀਰ ਮਾਨ ਨੇ ਕਿਹਾ ਕਿ ਸਾਨੂੰ ਮਿਆਰੀ ਪੁਸਤਕਾਂ ਨੂੰ ਆਪਣੀਆਂ ਸਾਥੀ ਬਨਾਉਣਾ ਚਾਹੀਦਾ ਹੈ।

# ਕਿਉਂ ਫੇਲ੍ਹ ਹੋ ਰਹੀਆਂ ਹਨ ਪੇਂਡੂ ਵਿਕਾਸ ਸਕੀਮਾਂ?



ਗੁਰਮੀਤ ਪਲਾਹੀ
91-98158-02070

ਪੇਂਡੂ ਅਰਥਚਾਰੇ ਵਿੱਚ ਆਰਥਿਕ ਵਾਧੇ ਜਾਂ ਤਰੱਕੀ ਦੀ ਗੱਲ ਕੀਤੀ ਜਾਵੇ ਤਾਂ ਖੇਤੀਬਾੜੀ ਦਾ ਰੋਲ ਮਹੱਤਵਪੂਰਨ ਹੈ। ਪਸ਼ੂ ਪਾਲਣ ਅਤੇ ਮਗਨਰੇਗਾ (ਜੋ ਪੇਂਡੂਆਂ ਨੂੰ ਰੁਜ਼ਗਾਰ ਦੇਣ ਵਾਲੀ ਅਹਿਮ ਸਕੀਮ ਹੈ) ਜਿਹੀਆਂ ਯੋਜਨਾਵਾਂ ਦੀ ਭੂਮਿਕਾ ਨੂੰ ਵੀ ਪਿੱਛੇ ਨਹੀਂ ਸੁੱਟਿਆ ਜਾ ਸਕਦਾ। ਪਰ ਪਿਛਲੇ ਕੁਝ ਵਰ੍ਹਿਆਂ, ਖ਼ਾਸ ਕਰਕੇ ਕਰੋਨਾ ਮਹਾਂਮਾਰੀ ਦੌਰਾਨ, ਪੇਂਡੂ ਅਰਥਚਾਰੇ ਨੂੰ ਵੱਡਾ ਧੱਕਾ ਲੱਗਿਆ ਹੈ ਅਤੇ ਵੱਡੀ ਗਿਣਤੀ ਪੇਂਡੂ ਲੋਕ ਰੋਟੀ-ਰੋਜ਼ੀ ਅਤੇ ਮਨੁੱਖ ਲਈ ਵਰਤਣਯੋਗ ਘੱਟੋ-ਘੱਟ ਸੁਵਿਧਾਵਾਂ ਲੈਣ ਤੋਂ ਵੀ ਔਖੇ ਹੋ ਗਏ ਹਨ। ਇੱਕ ਰਿਪੋਰਟ ਅਨੁਸਾਰ ਪਿਛਲੇ ਇੱਕ ਸਾਲ ਦੇ ਸਮੇਂ 'ਚ ਜੋ ਦੇਸ਼ ਵਿੱਚ ਮਹਾਂਮਾਰੀ ਦਾ ਦੌਰ ਹੈ, ਜਾਂ ਸੀ ਮਗਨਰੇਗਾ ਅਧੀਨ ਮਿਲਣ ਵਾਲੇ ਕੰਮ 'ਚ 50 ਫ਼ੀਸਦੀ ਦੀ ਗਿਰਾਵਟ ਆਈ। ਪਿੰਡਾਂ 'ਚ ਕਾਮਿਆਂ ਨੂੰ ਰੁਜ਼ਗਾਰ ਮਿਲਣਾ ਬੰਦ ਹੋਇਆ। ਸਿੱਟੇ ਵਜੋਂ ਦੇਸ਼ ਦੀ ਪੇਂਡੂ ਅਰਥ ਵਿਵਸਥਾ ਕਮਜ਼ੋਰ ਪੈ ਗਈ। ਆਖ਼ਰ ਪੇਂਡੂ ਰੁਜ਼ਗਾਰ ਦੇ ਕੰਮ 'ਚ ਗਿਰਾਵਟ ਦਾ ਕੀ ਕਾਰਨ ਹੈ?

ਬਿਨ੍ਹਾਂ ਸ਼ੱਕ ਰੁਜ਼ਗਾਰ 'ਚ ਰੁਕਾਵਟ ਦਾ ਮਹਾਂਮਾਰੀ ਇੱਕ ਕਾਰਨ ਸੀ। ਪਿਛਲੇ ਸਾਲ ਮਈ ਮਹੀਨੇ 'ਚ ਜਿੱਥੇ ਪੰਜਾਹ ਕਰੋੜ ਤਿਰਾਸੀ ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਸੀ, ਉਥੇ ਇਸ ਸਾਲ ਸਿਰਫ਼ ਛੱਬੀ ਕਰੋੜ ਅਠਤਾਲੀ ਲੱਖ ਲੋਕਾਂ ਨੂੰ ਹੀ ਇਸ ਯੋਜਨਾ 'ਚ ਰੁਜ਼ਗਾਰ ਮਿਲਿਆ। ਦੂਜਾ ਵੱਡਾ ਕਾਰਨ ਪੰਚਾਇਤ ਪੱਧਰ ਤੇ ਮਗਨਰੇਗਾ ਜਿਹੀਆਂ ਸਕੀਮਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਰਪੰਚ ਵੋਟ ਬੈਂਕ ਦੀ ਰਾਜਨੀਤੀ ਕਰਦੇ ਹਨ। ਜ਼ਰੂਰਤਮੰਦਾਂ ਨੂੰ ਜਾਬ ਕਾਰਡ ਨਹੀਂ ਮਿਲਦਾ। ਜਿਹਨਾ ਨੂੰ ਸੱਚਮੁੱਚ ਕੰਮ ਦੀ ਲੋੜ ਹੈ, ਉਹਨਾ ਨੂੰ ਕੰਮ ਨਹੀਂ ਮਿਲਦਾ। ਫਿਰ ਮਗਨਰੇਗਾ 'ਚ ਜੋ ਹਰ ਕਾਮੇ ਲਈ 100 ਦਿਨਾਂ ਦਾ ਪੱਕਾ ਰੁਜ਼ਗਾਰ ਨੀਅਤ ਹੈ, ਉਹ ਪੂਰਾ ਨਹੀਂ ਹੁੰਦਾ, ਜਿਸ ਨਾਲ ਇਹ ਸਕੀਮ ਆਪਣੇ ਉਦੇਸ਼ ਤੋਂ ਭਟਕ ਰਹੀ ਹੈ।

ਮਗਨਰੇਗਾ ਜੋ ਅਸਲ 'ਚ ਪੇਂਡੂ ਅਰਥ ਵਿਵਸਥਾ ਦੀ ਰੀੜ ਦੀ ਹੱਡੀ ਹੈ, ਉਸ ਸਬੰਧੀ ਪਿੰਡ ਪੱਧਰ ਤੋਂ ਕੇਂਦਰ ਸਰਕਾਰ ਪੱਧਰ ਤੱਕ ਰਾਜਨੀਤੀ ਕਰਕੇ ਇਸ ਨੂੰ ਕੰਮਜ਼ੋਰ ਬਣਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਪਿਛਲੇ ਸਾਲ ਮਗਨਰੇਗਾ ਵਿੱਚ ਦਸ ਹਜ਼ਾਰ ਕਰੋੜ ਦਾ ਬਜ਼ਟ ਰੱਖਿਆ ਸੀ। ਸਕੀਮ ਵਿੱਚ ਇੱਕ ਸੌ ਬਿਆਸੀ ਰੁਪਏ ਤੋਂ ਵਧਾਏ ਮਜ਼ਦੂਰੀ ਪ੍ਰਤੀ ਦਿਨ ਦੋ ਸੌ ਦੋ ਰੁਪਏ ਕਰ ਦਿੱਤੀ ਗਈ ਸੀ। ਮਈ 2020 ਵਿੱਚ ਚੌਦਾ ਕਰੋੜ ਬਾਹਟ ਲੱਖ ਰੁਜ਼ਗਾਰ ਸਿਰਜੇ ਗਏ। ਇਸਦਾ ਮੰਤਵ ਪਿੰਡਾਂ ਤੋਂ ਮਜ਼ਦੂਰਾਂ ਦੇ ਪ੍ਰਵਾਸ ਨੂੰ ਰੋਕਣਾ ਸੀ, ਜੋ ਸ਼ਹਿਰਾਂ ਤੋਂ ਮਹਾਂਮਾਰੀ ਕਾਰਨ ਪਿੰਡਾਂ ਨੂੰ ਪਰਤ ਆਏ ਸਨ। ਪਰ ਦੂਜੀ ਕਰੋਨਾ ਮਹਾਂਮਾਰੀ ਲਹਿਰ ਕਾਰਨ ਸਰਕਾਰ ਨੇ ਇਸ ਸਕੀਮ ਨੂੰ ਗੰਭੀਰਤਾ ਨਾਲ ਨਹੀਂ ਲਿਆ। ਮਗਨਰੇਗਾ ਸਕੀਮ ਬਸ ਹੁਣ ਜੂੰ ਦੀ ਤੋਰੇ ਤੁਰ ਰਹੀ ਹੈ, ਪਹਿਲਾਂ ਦੀ ਤਰ੍ਹਾਂ ।

ਜਿਵੇਂ ਰੁਜ਼ਗਾਰ ਦੀ ਇਸ ਮਹੱਤਵਪੂਰਨ ਸਕੀਮ ਨੂੰ ਦੇਸ਼ ਦੀ ਅਫ਼ਸਰਸ਼ਾਹੀ ਅਤੇ ਨੌਕਰਸ਼ਾਹੀ ਨੇ ਭ੍ਰਿਸ਼ਟਾਚਾਰ ਦਾ ਅੱਡਾ ਬਣਾ ਦਿੱਤਾ ਹੈ। ਜਿਵੇਂ ਜਾਅਲੀ ਨਾਮ ਦੇ ਮਾਸਟਰ ਰੋਲ ਤਿਆਰ ਕਰਕੇ ਵੱਡੀਆਂ ਰਕਮਾਂ ਸਰਕਾਰੀ ਖ਼ਜ਼ਾਨੇ ਤੋਂ ਕਢਵਾਈਆਂ ਜਾਂਦੀਆਂ ਹਨ, ਉਵੇਂ ਹੀ ਪਿੰਡਾਂ ਦੇ ਵਿਕਾਸ ਵਿੱਚ ਭ੍ਰਿਸ਼ਟਾਚਾਰ ਦੇ ਵਾਧੇ ਕਾਰਨ ਇੱਕ ਵੱਖਰੀ ਕਿਸਮ ਦੀ ਖੜੋਤ ਦੇਖਣ ਨੂੰ ਮਿਲ ਰਹੀ ਹੈ। ਪਿਛਲੇ ਕੁਝ ਵਰ੍ਹਿਆਂ ਵਿੱਚ ਇੰਜ ਜਾਪਣ ਲੱਗ ਪਿਆ ਹੈ ਕਿ ਜਿਵੇਂ ਸਿਆਸਤਦਾਨ ਅਤੇ ਅਫ਼ਸਰਸ਼ਾਹੀ ਨੇ ਸਥਾਨਕ ਸਰਕਾਰਾਂ, ਜਿਹਨਾ ਵਿੱਚ ਪੇਂਡੂ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਸ਼ਾਮਲ ਹਨ, ਨੂੰ ਪੰਗੂ ਬਣਾ ਦਿੱਤਾ ਹੈ ਅਤੇ ਆਪਣੀ ਮਨਮਰਜ਼ੀ ਨਾਲ ਇੱਕ ਇਹੋ ਜਿਹਾ ਪੰਚਾਇਤੀ ਢਾਂਚਾ ਸਿਰਜ ਦਿੱਤਾ ਹੈ, ਜਿਹੜਾ ਘੱਟ ਜਾਂ ਵੱਧ ਇੱਕ ਸਰਕਾਰੀ ਮਹਿਕਮੇ ਵਾਂਗਰ ਕੰਮ ਕਰਨ ਤੇ ਮਜ਼ਬੂਰ ਕਰ ਦਿੱਤਾ ਗਿਆ ਹੈ। ਸਰਪੰਚ ਹੱਥਾਂ 'ਚ ਰਜਿਸਟਰ ਫੜੀ ਬਲਾਕ ਵਿਕਾਸ ਅਫ਼ਸਰਾਂ ਦੇ ਦਫ਼ਤਰਾਂ ਦੇ ਗੇੜੇ ਕੱਢਦੇ, ਹਾਰ ਹੰਭਕੇ ਉਹੀ ਕੁਝ ਕਰਨ ਦੇ ਰਾਹ ਪਾ ਦਿੱਤੇ ਗਏ ਹਨ, ਜਿਹੜਾ ਰਾਹ ਭ੍ਰਿਸ਼ਟਾਚਾਰੀ ਤੰਤਰ ਦਾ ਹਿੱਸਾ ਹੈ, ਜਿਸ ਵਿੱਚ ਹਰ ਕੋਈ ਦਾਗੀ ਹੋਇਆ, ਆਪੋ-ਆਪਣਾ ਹਿੱਸਾ ਲੈ ਕੇ ਚੁੱਪ ਹੈ ਜਾਂ ਪਿੰਡਾਂ ਦੇ ਅੱਧੇ-ਪਚੱਧੇ ਵਿਕਾਸ ਲਈ ਕਰਮਚਾਰੀਆਂ, ਅਫ਼ਸਰਾਂ ਦੀ ਹਾਂ ਵਿੱਚ ਹਾਂ ਮਿਲਾਉਂਦਾ ਤੁਰ ਰਿਹਾ ਹੈ।

ਕਿਸੇ ਵੀ ਬਲਾਕ ਵਿਕਾਸ ਪੰਚਾਇਤ ਦਫ਼ਤਰ ਦਾ



ਨਜ਼ਾਰਾ ਵੇਖ ਲਵੋ। ਕਿਸੇ ਵੀ ਮਗਨਰੇਗਾ ਦਫ਼ਤਰ ਦੇ ਕੰਮ ਕਰਨ ਦੇ ਢੰਗ ਨੂੰ ਗਹੁ ਨਾਲ ਵਾਚ ਲਵੋ। ਸਵੇਰ ਤੋਂ ਸ਼ਾਮ ਜਾ ਤਾਂ ਉਪਰਲੇ ਅਫ਼ਸਰਾਂ ਨਾਲ ਔਨ-ਲਾਈਨ ਮੀਟਿੰਗਾਂ ਦਾ ਦੌਰ ਚਲਦਾ ਹੈ ਜਾਂ ਫਿਰ ਕਰਮਚਾਰੀ ਜਾਂ ਸਬੰਧਤ ਅਫ਼ਸਰ ਪਿੰਡਾਂ 'ਚ ਚੱਲਦੇ ਮਾੜੇ-ਮੋਟੇ ਕੰਮਾਂ ਦੀ ਨਿਗਰਾਨੀ ਕਰਨ ਦੇ ਬਹਾਨੇ ਦਫ਼ਤਰੋਂ ਬਾਹਰ ਤੁਰੇ ਫਿਰਦੇ ਹਨ।

ਉਧਰ ਪੰਚਾਇਤਾਂ ਦੇ ਸਰਪੰਚ ਜਾਂ ਪੰਚ ਪਿੰਡ ਦੀ ਗ੍ਰਾਂਟ ਖ਼ਰਚਾਵਾਉਣ ਲਈ ਸਕੱਤਰਾਂ, ਗ੍ਰਾਮ ਸੇਵਕਾਂ ਦੇ ਗੇੜੇ ਲਾਉਂਦੇ, ਉਹਨਾ ਨੂੰ ਲੱਭਦੇ, ਹਾਰ ਹੁਟ ਕੇ ਘਰਾਂ ਨੂੰ ਪਰਤ ਜਾਂਦੇ ਹਨ।

ਸਿਤਮ ਦੀ ਗੱਲ ਤਾਂ ਇਹ ਹੈ ਕਿ ਪੰਚਾਇਤ ਖਾਤੇ ਵਿੱਚ ਕੋਈ ਵੀ ਪੰਚਾਇਤ ਆਪਣੀ ਮਰਜ਼ੀ ਨਾਲ, ਆਪਣੇ ਕਮਾਏ ਪੈਸਿਆਂ ਜਾਂ ਦਾਨ-ਸਹਾਇਤਾ 'ਚ ਮਿਲੇ ਪੈਸਿਆਂ ਵਿੱਚੋਂ ਵੀ ਮਨਮਰਜ਼ੀ ਨਾਲ ਇੱਕ ਪੈਸਾ ਖ਼ਰਚ ਨਹੀਂ ਸਕਦੀ, ਗ੍ਰਾਂਟਾਂ ਖ਼ਰਚਣ ਦੀ ਗੱਲ ਤਾਂ ਦੂਰ ਦੀ ਹੈ। ਪੰਚਾਇਤ ਸਕੱਤਰ, ਜਾਂ ਗ੍ਰਾਮ ਸੇਵਕ ਤੇ ਪੰਚਾਇਤ ਦੇ ਸਰਪੰਚ ਜਾਂ ਅਧਿਕਾਰਤ ਪੰਚ ਨੂੰ ਦਸਤਖ਼ਤ ਕਰਕੇ ਪੈਸੇ ਕਢਵਾਉਣ ਲਈ ਮਤਿਆਂ ਦੇ ਰਾਹ ਪੈਣਾ ਪੈਂਦਾ ਹੈ, ਅਜੀਬ ਗੱਲ ਤਾਂ ਇਹ ਹੈ ਕਿ ਦੇਸ਼ ਦੀਆਂ 90 ਫ਼ੀਸਦੀ ਪੰਚਾਇਤਾਂ ਆਪਣੇ ਕੰਮ ਦੇ ਮਤੇ ਪਵਾਉਣ ਘਰੋ-ਘਰੀ ਜਾਕੇ ਪੰਚਾਂ, ਮੈਂਬਰਾਂ ਤੋਂ ਦਸਤਖ਼ਤ ਕਰਵਾਕੇ ਮਤਾ ਪੁਆਕੇ ਕੰਮ ਚਲਾਉਂਦੀਆਂ ਹਨ। ਇਸ ਕਿਸਮ ਦੇ ਕੰਮ ਕਾਰ ਨੇ ਪੰਚਾਇਤਾਂ ਦੇ ਕੰਮ ਕਾਰ ਨੂੰ ਵੱਡੀ ਸੱਟ ਮਾਰੀ ਹੈ। ਕਹਿਣ ਨੂੰ ਕੇਂਦਰ ਦੀ ਸਰਕਾਰ ਵਲੋਂ ਦੇਸ਼ ਭਰ ਵਿੱਚ 73ਵੀਂ ਸੋਧ ਦੇ ਅਧੀਨ 18 ਮਹਿਕਮਿਆਂ ਦਾ ਚਾਰਜ ਪੰਚਾਇਤ ਨੂੰ ਦਿੱਤਾ ਗਿਆ ਹੈ, ਪਰ ਅਸਲ ਅਰਥਾਂ 'ਚ ਪੰਚਾਇਤਾਂ ਪੱਲੇ ਕੁਝ ਨਹੀਂ ਅਤੇ ਪੰਚਾਇਤਾਂ ਨੂੰ ਅਜ਼ਾਦ ਹੋਕੇ ਕੰਮ ਕਰਨ ਦੀ ਕੋਈ ਖੁਲ੍ਹ ਹੀ ਨਹੀਂ।

ਉਦਾਹਰਨ ਦੇ ਤੌਰ ਤੇ ਪੰਚਾਇਤਾਂ ਨੂੰ 14ਵੇਂ ਵਿੱਤ ਕਮਿਸ਼ਨ ਜਾਂ 15ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਕੇਂਦਰ ਸਰਕਾਰ ਵਲੋਂ ਮੁਹੱਈਆਂ ਕੀਤੀਆਂ ਜਾਂਦੀਆਂ ਹਨ, ਪਰ ਸੂਬਿਆਂ ਦੀਆਂ ਹਾਕਮ ਧਿਰਾਂ, ਨੌਕਰਸ਼ਾਹਾਂ ਨਾਲ ਰਲਕੇ ਪਿੰਡ ਪੰਚਾਇਤਾਂ ਨੂੰ ਗੁੰਮਰਾਹ ਕਰਕੇ ਇਹ ਦਿਖਾਉਂਦੀਆਂ ਹਨ ਕਿ ਗ੍ਰਾਂਟ ਉਹਨਾ ਵਲੋਂ ਮੁਹੱਈਆ ਕੀਤੀ ਜਾ ਰਹੀ ਹੈ ਤਾਂ ਕਿ ਉਹਨਾ ਦੀ ਵੋਟ ਬੈਂਕ ਬਣੀ ਰਹੇ। ਕੇਂਦਰ ਸਰਕਾਰ ਦਾ ਵਤੀਰਾ ਵੀ ਕਿਸੇ ਤਰ੍ਹਾਂ ਘੱਟ ਨਹੀਂ ਹੈ, ਉਹ ਸੂਬੇ, ਜਿਹਨਾ ਵਿੱਚ ਉਹਨਾ ਦੀ ਆਪਣੀ ਪਾਰਟੀ ਦੀ ਸਰਕਾਰ ਨਹੀਂ ਹੈ,ਉਥੇ ਦੀਆਂ ਪੇਂਡੂ ਵਿਕਾਸ ਦੇ ਹਿੱਸੇ ਦੀਆਂ ਗ੍ਰਾਂਟਾਂ ਕਿਸੇ ਨਾ ਕਿਸੇ ਬਹਾਨੇ ਰੋਕ ਦਿੱਤੀਆਂ ਜਾਂਦੀਆਂ ਹਨ। ਮੌਜੂਦਾ ਸਮੇਂ ਪੰਜਾਬ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ ਜਿਸਦੀ ਪੇਂਡੂ ਵਿਕਾਸ ਦੀ ਗ੍ਰਾਂਟ ਬਿਨ੍ਹਾਂ ਵਜਾਹ ਕੋਈ ਨਾ ਕੋਈ ਇਤਰਾਜ਼ ਲਗਾਕੇ ਰੋਕ ਦਿੱਤੀ ਗਈ। ਇਥੇ ਇਹ ਗੱਲ ਵਰਨਣਯੋਗ ਹੈ ਕਿ ਦੇਸ਼ ਦਾ ਸਿਆਸਤਦਾਨ ਜਾਂ ਹਾਕਮ ਧਿਰ ਆਮ ਲੋਕਾਂ ਨੂੰ ਆਪਣੀ ਵੋਟ ਤੋਂ ਵੱਧ ਕੁਝ ਨਹੀਂ ਸਮਝਦਾ, ਤੇ ਉਸਦੇ ਹੱਕਾਂ ਦਾ ਹਨਨ ਕਰਨਾ ਆਪਣਾ ਅਧਿਕਾਰ ਸਮਝਦਾ ਹੈ। ਆਮ ਲੋਕਾਂ ਨੂੰ ਵਰਗਲਾਉਂਦਾ ਹੈ, ਛੋਟੀਆਂ-ਮੋਟੀਆਂ ਰਿਆਇਤਾਂ ਦੇਂਦਾ ਹੈ ਅਤੇ ਉਹ ਅਸਲ ਸਕੀਮਾਂ, ਜਿਹੜੀਆਂ ਲੋਕ ਭਲੇ ਹਿੱਤ ਹਨ, ਜਿਹੜੀਆਂ ਰੁਜ਼ਗਾਰ ਪੈਦਾ ਕਰਦੀਆਂ ਹਨ,ਉਨ੍ਹਾਂ ਨੂੰ ਨੁਕਰੇ ਲਾਈ ਰੱਖਦਾ ਹੈ ਜਾਂ ਉਹਨਾਂ ਨੂੰ ਫੇਲ੍ਹ ਕਰਨ ਲਈ ਹਰ ਹਰਬਾ ਵਰਤਦਾ ਹੈ। ਤਦੇ ਹੀ ਪਿੰਡਾਂ ਦਾ ਵਿਕਾਸ ਸਹੀਂ ਅਰਥ ਵਿੱਚ ਨਹੀਂ ਹੋ ਰਿਹਾ, ਤਦੇ ਹੀ ਪਿੰਡਾਂ ਦਾ ਅਰਥਚਾਰਾ ਮਜ਼ਬੂਤੀ ਵੱਲ ਨਹੀਂ ਵੱਧ ਰਿਹਾ।

ਪਿੰਡ ਦੇ ਸਮੂਹਿਕ ਵਿਕਾਸ ਦੀ ਜਦੋਂ ਅਸੀਂ ਗੱਲ ਕਰਦੇ ਹਾਂ ਤਾਂ ਇਸ ਦਾ ਭਾਵ ਸਿਰਫ ਪਿੰਡ ਦੇ ਬੁਨਿਆਦੀ ਢਾਂਚੇ ਦਾ ਵਿਕਾਸ ਹੀ ਨਹੀਂ ਹੈ, ਜਿਸ ਵਿੱਚ ਪਿੰਡ ਦੀਆਂ ਗਲੀਆਂ ਨਾਲੀਆਂ ਪੱਕੀਆਂ ਕਰਨਾ ਅਤੇ ਬਨਾਉਣਾ, ਗੰਦੇ ਪਾਣੀ ਦਾ ਨਿਕਾਸ ਆਦਿ ਹੀ ਨਹੀਂ ਹੈ, ਅਸਲ ਵਿੱਚ ਤਾਂ ਪਿੰਡ ਦਾ ਬੁਨਿਆਦੀ ਢਾਂਚਾ ਉਸਾਰਨ ਲਈ ਪਿੰਡ ਦਾ ਬਿਜਲੀਕਰਨ, ਪਿੰਡ ਦੀਆਂ ਸੜਕਾਂ, ਲਿੰਕ ਸੜਕਾਂ, ਹਾਈਵੇ ਤੱਕ ਪਹੁੰਚ, ਹਸਪਤਾਲ ਸਕੂਲਾਂ ਦੀ ਉਸਾਰੀ ਦੇ ਨਾਲ-ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਅਤੇ ਉਹਨਾਂ ਨੂੰ ਸਿਹਤ, ਸਿਖਿਆ ਸਹੂਲਤਾਂ ਦੇਣਾ ਹੈ। ਕਿਸਾਨਾਂ ਦੀ ਖੇਤੀ ਪੈਦਾਵਾਰ ਲਈ ਮੰਡੀਕਰਨ ਸਹੂਲਤਾਂ ਪ੍ਰਾਪਤ ਕਰਨਾ ਹੈ। "ਪਿੰਡਾਂ ਨੂੰ ਪਿੰਡਾਂ" 'ਚ ਹੀ ਰਹਿਣ ਦਈਏ ਤੇ ਇਹਨਾ ਨੂੰ ਮਜ਼ਬੂਤ ਕਰੀਏ ਤਦੇ ਸਫਲ ਹੋ ਸਕਦੀ ਹੈ, ਜੇਕਰ ਪਿੰਡਾਂ ਦੇ ਲੋਕਾਂ ਨੂੰ ਹੱਥੀਂ ਕਿੱਤਾ ਟਰੇਨਿੰਗ ਮਿਲੇ ਭਾਵ ਵੋਕੇਸ਼ਨਲ ਕੋਰਸ ਮਿਲਣ, ਖੇਤੀ ਸੰਦਾਂ ਦੀ ਰਿਪੇਅਰ ਦਾ ਸਾਧਨ ਪਿੰਡ 'ਚ ਹੋਏ, ਜ਼ਰੂਰੀ ਵਸਤਾਂ ਪਿੰਡਾਂ 'ਚ ਮੁਹੱਈਆ ਹੋਣ ਅਤੇ ਇਥੋਂ ਤੱਕ ਕਿ ਉਹਨਾ ਨੂੰ ਖੇਤੀ ਪੈਦਾਵਾਰ ਦੇ ਸਟੋਰੇਜ ਦਾ ਸੁਖਾਵਾਂ ਤੇ ਸਰਲ ਪ੍ਰਬੰਧ ਹੋਵੇ। ਪਿੰਡਾਂ 'ਚ ਖੇਤੀ ਅਧਾਰਤ ਉਦਯੋਗ ਲੱਗਣ।

ਪਰ ਇਹ ਸਭ ਕੁਝ ਸਰਕਾਰਾਂ ਦੀ ਪਹਿਲ ਨਹੀਂ ਰਿਹਾ। ਅਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਪਿੰਡ ਕੁਰਲਾ ਰਿਹਾ ਹੈ, ਰੁਲ ਰਿਹਾ ਹੈ। ਜਿਹੜੀਆਂ ਵੀ ਸਕੀਮਾਂ ਪਿੰਡਾਂ ਦੇ ਵਿਕਾਸ ਲਈ ਬਣੀਆਂ ਉਹ ਸਿਆਸਤ ਦੀ ਭੇਟ ਚੜੀਆਂ। ਨੈਸ਼ਨਲ ਰੂਰਲ ਹੈਲਥ ਮਿਸ਼ਨ ਦੇਸ਼ 'ਚ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਜਿਸ ਤਹਿਤ ਦੇਸ਼ ਦੀ ਪੇਂਡੂ ਅਬਾਦੀ ਨੂੰ ਸਿਹਤ ਸਹੂਲਤਾਂ ਦੇਣ ਦਾ ਸੰਕਲਪ, ਮਿਸ਼ਨ ਸੀ। ਪੇਂਡੂ ਸਕੂਲਾਂ ਦਾ ਹਾਲ ਤਾਂ ਕਿਸੇ ਤੋਂ ਲੁਕਿਆ ਛੁਪਿਆ ਨਹੀਂ। ਸਿਹਤ ਡਿਸਪੈਂਸਰੀਆਂ ਪਸ਼ੂ ਚਕਿਤਸਾ ਕੇਂਦਰ ਨਾਲ ਜੁੜਿਆ ਢਾਂਚਾ ਬੁਰੀ ਤਰ੍ਹਾਂ ਖਰਾਬ ਹੋ ਚੁੱਕਿਆ ਹੈ।

ਪਿਛਲੇ ਕੁਝ ਸਮਾਂ ਪਹਿਲਾਂ ਕੇਂਦਰ ਸਰਕਾਰ ਵਲੋਂ ਪਿੰਡਾਂ ਦੇ ਵਿਕਾਸ ਦੀ ਸਕੀਮ ਬਣਾਈ ਗਈ ਅਤੇ ਦੇਸ਼ ਦੇ ਮੈਂਬਰ ਪਾਰਲੀਮੈਂਟ ਨੂੰ ਆਪੋ-ਆਪਣੇ ਚੋਣ ਹਲਕੇ 'ਚ ਇਕ ਪਿੰਡ ਗੋਦ ਲੈ ਕੇ ਉਸਨੂੰ ਮਾਡਲ ਬਨਾਉਣ ਦਾ ਟੀਚਾ ਦਿਤਾ ਗਿਆ। ਪਰ ਫੰਡ ਕੋਈ ਮੁਹੱਈਆ ਨਾ ਕੀਤੇ ਗਏ। ਸਕੀਮ ਨੂੰ ਦੇਸ਼ ਦੇ ਅੱਧੇ ਤੋਂ ਵੱਧ ਸੰਸਦਾਂ ਨੇ ਅਪਨਾਇਆ ਹੀ ਨਾ। ਜਿਹਨਾ ਨੇ ਪਿੰਡ ਮੀਡੀਆ ਕਵਰੇਜ ਲੈਣ ਲਈ ਅਪਨਾਇਆ ਵੀ, ਉਥੇ ਕੋਈ ਕੰਮ ਹੋ ਹੀ ਨਾ ਸਕੇ।

ਪਿੰਡਾਂ ਨਾਲ ਸਬੰਧਤ ਕੋਈ ਵੀ ਸਕੀਮ ਅਸਲ ਅਰਥਾਂ ਵਿਚ ਸਿਰੇ ਨਾ ਚੜਨ ਦਾ ਕਾਰਨ ਸਿਆਸੀ ਲੋਕਾਂ ਦੀ ਪਿੰਡਾਂ ਪ੍ਰਤੀ ਬੇਰੁਖੀ ਹੈ ਜਿਹੜੇ ਪਿੰਡ ਵੱਲ ਉਦੋਂ ਹੀ ਫ਼ਸਲੀ ਬਟੇਰਿਆਂ ਵਾਂਗਰ ਪਰਤਦੇ ਹਨ, ਜਦੋਂ ਵੋਟਾਂ ਦਾ ਮੌਸਮ ਆਉਂਦਾ ਹੈ।

ਦੇਸ਼ ਦੀ ਅਰਥ ਵਿਵਸਥਾ 'ਚ ਤਰੱਕੀ ਪਿੰਡਾਂ ਦੀ ਅਰਥ ਵਿਵਸਥਾ ਅਤੇ ਵਿਕਾਸ ਨਾਲ ਜੁੜੀ ਹੋਈ ਹੈ। ਪਿੰਡਾਂ ਨਾਲ ਸਬੰਧਤ ਸਕੀਮਾਂ ਭਾਵੇਂ ਉਹ ਵਿਕਾਸ ਨਾਲ ਸਬੰਧਤ ਹਨ। ਖੇਤੀ ਜਾਂ ਪਸ਼ੂ ਪਾਲਣ ਨਾਲ ਜਾਂ ਫਿਰ ਰੁਜ਼ਗਾਰ ਨਾਲ ਉਦੋਂ ਤੱਕ ਸਫਲ ਨਹੀਂ ਹੋ ਸਕਦੀਆਂ ਜਦ ਤੱਕ ਇਹਨਾ ਨੂੰ ਲਾਗੂ ਕਰਨ ਲਈ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ ਦੀ ਭੂਮਿਕਾ ਵਧਾਈ ਨਹੀਂ ਜਾਂਦੀ ਜਾਂ ਪੰਚਾਇਤਾਂ ਨੂੰ ਪਿੰਡ ਸੁਧਾਰ ਅਤੇ ਪਿੰਡ ਵਿਕਾਸ ਦੀ ਖੁੱਲ੍ਹ ਨਹੀਂ ਦਿਤੀ ਜਾਂਦੀ। ਸਥਾਨਕ ਸਰਕਾਰ ਦਾ ਪੇਂਡੂ ਸਕੀਮਾਂ ਲਾਗੂ ਕਰਨ 'ਚ ਰੋਲ ਜਦ ਤੱਕ ਸਮਝਿਆ ਨਹੀਂ ਜਾਏਗਾ, ਦੇਸ਼ 'ਚ ਪੇਂਡੂ ਵਿਕਾਸ ਅਤੇ ਮਜ਼ਬੂਤ ਅਰਥ ਵਿਵਸਥਾ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ।

# ਜਰਖੜ ਹਾਕੀ ਅਕੈਡਮੀ ਨੇ ਓਲੰਪਿਕ ਡੇਅ ਮਨਾਇਆ

## ਇਸ ਮੌਕੇ ਯੂਮ ਵੈਬੀਨਾਰ, ਯੋਗਾ ਅਤੇ ਪ੍ਰਦਰਸ਼ਨੀ ਮੈਚ ਖੇਡਿਆ ਗਿਆ







**ਲੁਧਿਆਣਾ-** ਹਾਕੀ ਇੰਡੀਆ ਦੀਆਂ ਹਦਾਇਤਾਂ ਮੁਤਾਬਕ ਮਾਤਾ ਸਾਹਿਬ ਕੌਰ ਹਾਕੀ ਅਕੈਡਮੀ ਜਰਖੜ ਨੇ ਅੱਜ ਓਲੰਪਿਕ ਡੇਅ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਇਆ ਇਸ ਮੌਕੇ ਅਕੈਡਮੀ ਵੱਲੋਂ ਇੱਕ ਯੂਮ ਵੈਬੀਨਾਰ ਕਰਵਾਇਆ ਗਿਆ ਜਿਸ ਵਿੱਚ ਖੇਡਾਂ ਨਾਲ ਸਬੰਧਤ ਮਾਹਰਾਂ ਨੇ ਬੱਚਿਆਂ ਨੂੰ ਓਲੰਪਿਕ ਡੇਅ ਦੀ ਮਹੱਤਤਾ ਅਤੇ ਖੇਡਾਂ ਪੈਰਤੀ ਜਾਗਰੂਕ ਕੀਤਾ। ਇਸ ਵੈਬੀਨਾਰ ਦਾ "ਖੇਡ ਮੈਦਾਨ ਬੋਲਦਾ ਹੈ" ਚੈਨਲ ਤੋਂ ਸਿੱਧਾ ਪੈਰਸਾਰਨ ਕੀਤਾ ਗਿਆ ਜਿਸ ਵਿੱਚ ਕਾਫ਼ੀ ਨਾਮੀ ਖੇਡ ਸ਼ਖ਼ਸੀਅਤਾਂ ਅਤੇ ਉੱਭਰਦੇ ਖਿਡਾਰੀਆਂ ਨੇ ਆਪਣੇ ਵਿਚਾਰ ਰੱਖੇ। ਯੂਮ ਵੈਬੀਨਾਰ ਦੌਰਾਨ ਪੈਰੋ ਰਜਿੰਦਰ ਸਿੰਘ ਸਾਬਕਾ ਇੰਚਾਰਜ ਫਿਜ਼ੀਕਲ ਐਜੂਕੇਸ਼ਨ ਖ਼ਾਲਸਾ ਕਾਲਜ ਲੁਧਿਆਣਾ, ਅੰਤਰਰਾਸ਼ਟਰੀ ਅਥਲੀਟ ਮਿਲਖਾ ਸਿੰਘ, ਜਗਮੋਹਣ ਸਿੰਘ ਸਿੱਧੂ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ, ਮੀਡੀਆ ਕੋਆਰਡੀਨੇਟਰ ਯਾਦਵਿੰਦਰ ਸਿੰਘ ਤੂਰ, ਜਗਦੀਪ ਸਿੰਘ ਕਾਹਲੋਂ ਜਨਰਲ ਸਕੱਤਰ ਜਰਖੜ ਹਾਕੀ ਅਕੈਡਮੀ , ਪੈਰੋ ਬਲਜਿੰਦਰ ਸਿੰਘ ਗੁਰੂਸਰ ਕਾਲਜ ਸੁਧਾਰ, ਕੋਚ ਗੁਰਸਤਿੰਦਰ ਸਿੰਘ ਪਰਗਟ ਆਦਿ ਹੋਰ ਬੁਲਾਰਿਆਂ ਨੇ ਬੱਚਿਆਂ ਨੂੰ ਓਲੰਪਿਕ ਡੇਅ ਦਾ ਇਤਿਹਾਸ, ਬੱਚਿਆਂ ਨੂੰ ਖੇਡਾਂ ਨਾਲ ਜੁੜਨ ਦੀ ਪੈਰੇਰਨਾ ਅਤੇ ਭਾਰਤੀ ਹਾਕੀ ਦਾ ਓਲੰਪਿਕ ਖੇਡਾਂ ਦੇ ਵਿਚ ਰਚਿਆ ਵਡਮੁੱਲਾ ਇਤਿਹਾਸ ਆਦਿ ਖੇਡ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਅਕੈਡਮੀ ਦੇ ਬੱਚਿਆਂ ਨੇ ਕੋਵਿਡ 2019 ਦੇ ਨਿਯਮਾਂ ਦੀ ਪਾਲਣਾ ਕਰਦਿਆਂ ਯੋਗਾ ਕੀਤਾ ਅਤੇ ਇਕ ਹੀਟਿੰਗ ਦਾ ਪ੍ਰਦਰਸ਼ਨੀ ਮੈਚ ਵੀ ਖੇਡਿਆ ਗਿਆ । ਇਸ ਮੌਕੇ ਛੋਟੇ ਬੱਚਿਆਂ ਦੇ ਹਾਕੀ ਨਾਲ ਸਬੰਧਤ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ, ਇਸ ਮੌਕੇ ਕੌਮੀ ਹਾਕੀ ਖਿਡਾਰੀ ਕੋਚ ਰਵਿੰਦਰ ਸਿੰਘ ਕਾਲਾ ਘਵੱਦੀ, ਲਵਜੀਤ ਸਿੰਘ, ਗੁਰਿੰਦਰ ਸਿੰਘ ਗੁਰੀ, ਜਗਦੇਵ ਸਿੰਘ ਜਰਖੜ, ਸਾਹਿਬ ਜੀਤ ਸਿੰਘ ਸਾਬੀ ਜਰਖੜ,ਪਹਿਲਵਾਨ ਹਰਮੇਲ ਸਿੰਘ ਕਾਲਾ ਸੰਜੇ ਸ਼ਰਮਾ ਆਦਿ ਹੋਰ ਖੇਡ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ । ਇਸ ਮੌਕੇ ਸਮੂਹ ਪ੍ਰਬੰਧਕਾਂ ਅਤੇ ਖਿਡਾਰੀਆਂ ਨੇ ਟੋਕੀਓ ਓਲੰਪਿਕ 2021 ਖੇਡਾਂ ਵਿਚ ਜਾ ਰਹੀਆਂ ਮਰਦ ਅਤੇ ਇਸਤਰੀਆਂ ਦੀਆਂ ਭਾਰਤੀ ਹਾਕੀ ਟੀਮਾਂ ਅਤੇ ਸਮੂਹ ਖੇਡ ਦਲ ਨੂੰ ਆਪਣੀਆਂ ਜੇਤੂ ਸ਼ੁਭ ਕਾਮਨਾਵਾਂ ਵੀ ਭੇਜੀਆਂ। ਜਦਕਿ ਉਡਣਾ ਸਿੱਖ ਮਿਲਖਾ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਭੇਟ ਕੀਤੀ ਗਈ।


**- ਜਗਰੂਪ ਸਿੰਘ ਜਰਖੜ 91- 98143-00722**


# ਨਿਵੇਕਲੇ ਵਿਸਿਆਂ ਦਾ ਸ਼ਾਹ-ਅਸਵਾਰ- ਕਹਾਣੀਕਾਰ ਰੋਹਿਤ ਕੁਮਾਰ



ਗੁਰਿੰਦਰਜੀਤ ਨੀਟਾ ਮਾਛੀਕੇ
ਫਰਿਜਨੋ ਕੈਲੀਫੋਰਨੀਆਂ


ਲਿਖਣਾ ਹਰ ਇੱਕ ਦੇ ਹਿੱਸੇ ਨਹੀਂ ਆਉਂਦਾ। ਇਹ ਕੋਈ ਜ਼ਰੂਰੀ ਨਹੀਂ ਕਿ ਲੇਖਕ ਆਪਣੀ ਲੇਖਣੀ ਵਿੱਚ ਔਖੇ ਔਖੇ ਸ਼ਬਦ ਵਰਤਕੇ ਹੀ ਪਾਠਕਾਂ ਨੂੰ ਪ੍ਰਭਾਵਿਤ ਕਰ ਸਕੇ। ਲੇਖਕ ਓਹੀ ਸਫਲ ਹੈ ਜਿਹੜਾ ਆਪਣੀ ਸ਼ਬਦਾਵਲੀ ਨਾਲ ਪਾਠਕ ਨੂੰ ਉਂਗਲੀ ਫੜਕੇ ਨਾਲ ਤੋਰ ਸਕੇ।




ਅੱਜ ਮੈਂ ਜਿਸ ਕਹਾਣੀਕਾਰ ਦੀ ਤੁਹਾਡੇ ਨਾਲ ਸਾਂਝ ਪਵਾ ਰਿਹਾ ਹਾਂ, ਉਹ ਹੈ ਹੁਸਿਆਰਪੁਰ ਜਿਲ੍ਹੇ ਦੇ ਪਿੰਡ ਨੰਦਣ ਨਾਲ ਸਬੰਧਿਤ ਚੋਬਰ ਰੋਹਿਤ ਕੁਮਾਰ..! ਰੋਹਿਤ ਨੂੰ ਛੋਟੀ ਉਮਰ ਵਿੱਚ ਹੀ ਜਿੰਦਗੀ ਦੇ ਬੜੇ ਮਿੱਠੇ ਕੌੜੇ ਤਜ਼ਰਬੇ ਹੋਏ। ਭਰ ਜਵਾਨੀ ਤੱਕ ਉਹ ਦੁਨੀਆਦਾਰੀ ਤੇ ਸੰਸਾਰ ਨੂੰ ਚੰਗੀ ਤਰਾਂ ਸਮਝ ਚੁੱਕਿਆ ਹੈ। ਸ਼ਾਇਦ ਇਸੇ ਸੂਝ-ਬੂਝ 'ਚੋਂ ਹੀ ਉਸਦੀਆਂ ਪੰਜ ਕਹਾਣੀਆਂ ਦੀਆਂ ਪੁਸਤਕਾਂ ਛਪੀਆਂ। ਜਿਹੜੇ ਵਿਸ਼ੇ ਉਸਨੇ ਛੋਹੇ ਉਹਨਾਂ ਬਾਰੇ ਲਿਖਣਾ ਕੋਈ ਸੌਖਾ ਨਹੀਂ ਹੁੰਦਾ..! ਫੇਰ ਵਿਸ਼ਾ ਵੀ ਉਹ ਚੁਣਨਾ ਜੀਹਦੇ 'ਤੇ ਲਿਖਣ ਲਈ ਜਿਗਰਾ ਚਾਹੀਦਾ ਹੋਵੇ।




ਦੋ ਮਿੰਨੀ ਕਹਾਣੀ ਸੰਗ੍ਰਹਿ 'ਨਸੀਹਤ' ਤੇ 'ਗੰਦਾ ਖ਼ੂਨ' ਦੇ ਪ੍ਰਕਾਸ਼ਨ ਤੋਂ ਬਾਅਦ ਨੌਜਵਾਨ ਲੇਖਕ ਰੋਹਿਤ ਕੁਮਾਰ ਨੇ ਲਾਲ ਬੱਤੀ ਖੇਤਰ ਨਾਲ ਸੰਬੰਧਿਤ ਕੁੜੀਆਂ ਦੀ ਦਰਦ ਭਰੀ ਕਹਾਣੀ ਨੂੰ ਬਿਆਨ ਕਰਦਾ ਮਿੰਨੀ ਕਹਾਣੀ ਸੰਗ੍ਰਹਿ 'ਕਠਪੁਤਲੀਆਂ' ਛਪਵਾਉਣ ਦੀ ਪਹਿਲ ਕੀਤੀ ਹੈ। ਇਸ ਤੋਂ ਬਾਅਦ ਉਸਦੀ ਤਾਜ਼ਾ ਲਿਖ਼ਤ 'ਇੱਕ ਬਟੇ ਦੋ' ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਵੱਲੋਂ ਛਾਪੀ ਗਈ ਹੈ। ਇਸ ਕਿਤਾਬ ਵਿੱਚ ਰੋਹਿਤ ਨੇ ਅਣ-ਛੋਹਿਆ ਵਿਸ਼ਾ ਕਿੰਨਰ ਜਾ ਜਿਨ੍ਹਾਂ ਨੂੰ ਖੁਸਰੇ ਵੀ ਕਿਹਾ ਜਾਂਦਾ ਹੈ, ਬੜੇ ਪ੍ਰਚੰਡ ਤਰੀਕੇ ਨਾਲ ਛੋਹਿਆ ਹੈ। ਜੇ ਆਪਾ ਵੇਸਵਾ ਜੀਵਨ ਦੀ ਗੱਲ ਕਰੀਏ ਇਸ ਨੂੰ ਅਪਣਾਉਣ ਜਾਂ ਕੋਈ ਹੋਰ ਰਾਹ ਚੁਣਨ ਦੀ ਫੇਰ ਵੀ ਕਿਤੇ ਨਾ ਕਿਤੇ ਕੋਈ ਗੁੰਜਾਇਸ਼ ਹੁੰਦੀ ਹੈ, ਪਰ ਕਿੰਨਰ ਬਣਨਾ ਜਾ ਨਾ ਬਣਨਾ ਇਸ ਵਿੱਚ ਇਨਸਾਨ ਦਾ ਆਪਣਾ ਕੋਈ ਰੋਲ ਨਹੀਂ ਹੁੰਦਾ ਇਹ ਸਭ ਕੁਦਰਤ ਦਾ ਵਰਤਾਰਾ ਹੈ। ਜਿਹਤੀਆਂ ਮੁਸੀਬਤਾਂ ਵਿੱਚੋਂ ਕਿੰਨਰ ਨਿਕਲਦਾ ਜਾ ਜਿਹੜੀਆਂ ਪ੍ਰਸਥਿਤੀਆਂ ਵਿੱਚੋਂ ਲੰਘਕੇ ਉਹ ਆਪਣੀ ਰੋਜ਼ ਮਰਹਾ ਦੀ ਜਿੰਦਗੀ ਬਤੀਤ ਕਰਦਾ ਉਹ ਬਸ ਓਹੀ ਜਾਣੇ। ਮਾਨਸਿਕ ਤਣਾਅ ਦੇ ਨਾਲ ਨਾਲ ਪਰਿਵਾਰਕ ਪ੍ਰੈਸ਼ਰ ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ ਕਿ ਸਾਡੇ ਘਰ ਕਿੰਨਰ ਜੰਮਿਆ, ਇਸੇ ਤਰੀਕੇ ਸਮਾਜ ਦੇ ਤਰਾ ਤਰਾਂ ਦੇ ਤਾਨ੍ਹੇ ਮਿਹਣੇ ਕਿ ਇਹ ਬੰਦਾ ਨਾ ਜ਼ਨਾਨੀ। ਇਸ ਸਾਰੇ ਵਰਤਾਰੇ ਬਾਰੇ ਰੋਹਿਤ ਨੇ ਕਿੰਨਰ ਸਮਾਜ ਦੀਆਂ ਮਜਬੂਰੀਆਂ ਬਾਰੇ ਬੜਾ ਖੁਲਕੇ ਲਿਖਿਆ। ਇਸ ਕਾਰਜ ਲਈ ਉਸਦੀ ਮਿਹਨਤ ਤੇ ਕਾਬਲੀਅਤ ਦੀ ਸਿਫ਼ਤ ਕਰਨੀ ਬਣਦੀ ਹੈ। ਇਸੇ ਤਰੀਕੇ ਜੇ ਕਠਪੁਤਲੀਆਂ ਜਾ ਗੂੰਗੀ ਰੌਣਕ ਆਦਿ ਪੁਸਤਕਾਂ ਦੀ ਗੱਲ ਕਰੀਏ ਤਾਂ ਇਹਨਾਂ ਵਿਚ ਦਰਜ ਕਹਾਣੀਆਂ ਮਜਬੂਰੀ ਵੱਸ ਆਪਣਾ ਸਰੀਰ ਵੇਚਣ ਵਾਲੀਆਂ ਕੁੜੀਆਂ ਦੇ ਮਾਨਸਿਕ ਸੰਤਾਪ ਦੀ ਦਾਸਤਾਨ ਬਿਆਨ ਕਰਦੀਆਂ ਹਨ, ਉੱਥੇ ਹੀ ਇਸ ਵਿਸ਼ੇ ਦੀਆਂ ਅਨੇਕਾ ਡੂੰਘੀਆਂ ਪਰਤਾਂ ਤੱਕ ਪਹੁੰਚ ਕੇ ਲੇਖਕ ਦੇ ਵਿਸ਼ਾ ਮਾਹਿਰ ਹੋਣ ਦੀ ਵੀ ਗਵਾਹੀ ਦਿੰਦੀਆਂ ਹਨ। ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਇਸ ਗੱਲ ਦਾ ਖੁਲਾਸਾ ਕਰਦੀਆਂ ਹਨ ਕਿ ਸਮਾਜ ਨਾਲੋਂ ਬਿਲਕੁਲ ਛੇਕੇ ਹੋਣ ਦਾ ਸੰਤਾਪ ਭੋਗ ਰਹੀਆਂ ਇਨ੍ਹਾਂ ਕੁੜੀਆਂ ਨੇ ਆਪਣਾਂ ਸਰੀਰ ਵੇਚਣ ਦਾ ਅਪਮਾਨਿਤ ਕਿੱਤਾ ਆਪਣੀ ਮਰਜ਼ੀ ਨਾਲ ਨਹੀ ਚੁਣਿਆ, ਸਗੋਂ ਸਮੇਂ ਦੀ ਮਜਬੂਰੀ ਨੇ ਉਨ੍ਹਾਂ ਨੂੰ ਇਸ ਨਖਿੱਧ ਕਿੱਤੇ ਵੱਲ ਜਬਰੀ ਧੱਕਿਆ ਹੈ।

ਜਦੋਂ ਪਾਠਕ ਇਹਨਾਂ ਕਹਾਣੀਆਂ ਜ਼ਰੀਏ ਇਸ ਵੇਸਵਾ ਜੀਵਨ ਨੂੰ ਨੇੜਿਓ ਤੱਕਦਾ ਹੈ 'ਤਾਂ ਉਸਦੇ ਮਨ ਵਿਚ ਕਾਮ ਦੀ ਬਜ਼ਾਇ ਇਹਨਾਂ ਕੁੜੀਆਂ ਲਈ ਤਰਸ ਦੀ ਭਾਵਨਾਂ ਪੈਦਾ ਹੋਣ ਲੱਗਦੀ ਹੈ, 'ਤੇ ਉਹ ਇਨ੍ਹਾਂ ਨੂੰ ਇਸ ਗਰਕੇ ਕਿੱਤੇ ਵੱਲ ਧੱਕਣ ਵਾਲੀ ਸਮਾਜਿਕ ਵਿਵਸਥਾ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਣ ਲੱਗ ਪੈਂਦਾ ਹੈ।

ਵੇਸਵਾ ਕਹੀਆਂ ਜਾਂਦੀਆ ਇਨ੍ਹਾਂ ਕੁੜੀਆਂ ਦੇ ਜੀਵਨ ਨੂੰ ਨੇੜਿਓਂ ਵੇਖਣ ਤੇ ਅਜਿਹੇ ਬਹੁਤ ਸਾਰੇ ਦ੍ਰਿਸ਼ ਨਜ਼ਰੀਂ ਚੜ੍ਹਦੇ ਹਨ, ਜੋ ਪਾਠਕਾਂ ਨੂੰ ਮਾਨਸਿਕ ਤੌਰ ਤੇ ਵਿਚਲਿਤ ਕਰਕੇ ਉਨ੍ਹਾਂ ਦੀ ਸੋਚ ਨੂੰ ਵੇਸਵਾ-ਬਿਰਤੀ ਦੇ ਖਾਤਮੇ ਲਈ ਪ੍ਰੇਰਤ ਕਰਦੇ ਹਨ।ਨੇੜਿਉਂ ਵੇਖਣ ਤੇ ਹੀ ਪਤਾ ਚਲਦਾ ਹੈ ਕੁੜੀਆਂ ਕਿਵੇਂ ਖ਼ਤਰਨਾਕ ਰੋਗਾਂ ਦਾ ਜ਼ੋਖਿਮ ਉਠਾਕੇ, ਅਸਹਿਣ ਯੋਗ ਯੌਨ ਪੀੜਾਂ ਸਹਿਣ ਕਰਕੇ ਵੀ ਇਹ ਆਪਣੇ ਪਰਿਵਾਰ ਦਾ ਢਿੱਡ ਭਰਨ ਲਈ ਗੰਦਾ ਧੰਦਾ ਕਰਨ ਲਈ ਮਜਬੂਰ ਹਨ। ਇਸ ਗਰਕ ਬਜ਼ਾਰ ਵਿਚ ਵੜਨ ਲਈ ਬਥੇਰੇ ਰਸਤੇ ਹਨ, ਪਰ ਇਸ ਦਲਦਲ ਵਿ'ਚੋਂ ਬਾਹਰ ਨਿਕਲਣ ਦਾ ਕੋਈ ਰਸਤਾ ਨਹੀਂ।


ਲੇਖਕ ਨੇ ਮਿੰਨੀ ਕਹਾਣੀ ਸੰਗ੍ਰਹਿ ਮਗਰੋਂ ਇੱਕ ਹੋਰ ਵੱਡੀਆ ਕਹਾਣੀਆਂ ਦੀ ਪੁਸਤਕ 'ਗੂੰਗੀ ਰੌਣਕ' ਨਾਲ ਪੰਜਾਬੀ ਸਾਹਿਤ ਵਿੱਚ ਆਪਣੀ ਹਾਜਰੀ ਲਵਾਈ ਹੈ। ਇਸ ਪੁਸਤਕ ਵਿੱਚ ਰੋਹਿਤ ਕੁਮਾਰ ਨੇ ਵੇਸਵਾ ਜੀਵਨ ਦੇ ਅੰਤਰ ਬਾਹਰੀ ਸੰਕਟਾਂ ਨੂੰ ਦਰਸਾਉਂਦੀਆਂ ਪੰਜ ਕਹਾਣੀਆਂ ਦਰਜ ਕੀਤੀਆ ਹਨ। ਇਹ ਪੁਸਤਕ ਪੜ੍ਹਕੇ ਆਮ ਇਨਸਾਨ ਦਾ ਲੂਈ ਕੰਡਾ ਖੜ ਜਾਂਦਾ ਕਿ ਵੇਸਵਾ ਦਾ ਧੰਦਾ ਐਨਾ ਵਹਿਸ਼ੀ ਹੁੰਦਾ ਹੈ।

ਅੱਜਕੱਲ ਇਸ ਖੇਤਰ ਵਿੱਚ ਸਿਰਫ ਆਰਥਿਕ ਮਜਬੂਰੀ ਵੱਸ ਕੁੜੀਆ ਹੀ ਨਹੀਂ ਜਾਂਦੀਆਂ, ਸਗੋਂ ਖਾਂਦੇ ਪੀਂਦੇ ਤੇ ਅਮੀਰ ਘਰਾਂ ਦੀਆਂ ਕੁੜੀਆਂ ਵੀ ਆਪਣੀ ਐਸ਼ ਪ੍ਰਸਤੀ ਲਈ ਇਸ ਬਜ਼ਾਰ ਦਾ ਹਿੱਸਾ ਬਣ ਰਹੀਆ ਹਨ। ਇਹ ਬਜ਼ਾਰ ਹੁਣ ਕੋਠਿਆਂ ਤੋਂ ਲੈ ਕੇ ਫਾਈਵ ਸਟਾਰ ਹੋਟਲਾਂ ਤੱਕ ਫੈਲ ਗਿਆ ਹੈ।

ਇਸ ਰੁਝਾਨ ਨੂੰ ਰੋਕਣ ਲਈ ਜਾਂ ਲੋਕਾਂ ਨੂੰ ਵੇਸਵਾ ਬਜ਼ਾਰ ਦੇ ਪਰਦੇ ਪਿੱਛੇ ਚੱਲਦੇ ਦ੍ਰਿਸ਼ਾਂ ਪ੍ਰਤੀ ਜਾਗਰੂਕ ਕਰਨ ਲਈ ਲੇਖਕ ਰੋਹਿਤ ਕੁਮਾਰ ਵਧਾਈ ਦਾ ਪਾਤਰ ਹੈ। ਸਾਨੂੰ ਸਾਰਿਆਂ ਨੂੰ ਐਸੀਆਂ ਲੋਕ ਪੱਖੀ ਲਿੱਖਤਾਂ ਦਾ ਸੁਆਗਤ ਕਰਨਾ ਚਾਹੀਦਾ ਹੈ।

ਲੇਖਕ ਦਾ ਪਤਾ - Rohit kumar
S/O sh.Sohan lal
post office- bassi purani
village- Nandan
Distt-Hoshiarpur
PIN- 146021
State-punjab
MOB- +91 84 27 44 74 34

# ਕਲਮੀ ਰਮਜ਼ਾਂ-3 (ਸਾਂਝੀਆਂ ਲਿਖਤਾਂ)




## ਵਿਸ਼ੇਸ਼ ਲੇਖ

# ਸਿਆਟਲ ਵਿਚ ਲਗਦੇ ਖੇਡ-ਕੈਂਪ



ਗੁਰਚਰਨ ਸਿੰਘ ਢਿਲੋਂ (ਸਿਆਟਲ)

'ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਦਾ ਵਾਸਾ ਹੁੰਦਾ ਹੈ' ਤੇ ਤੰਦਰੁਸਤ ਸਰੀਰ ਦੀ ਪ੍ਰਾਪਤੀ ਲਈ ਜਿੱਥੇ ਸੰਤੁਲਿਤ ਖ਼ੁਰਾਕ ਅਤੇ ਸ਼ੁੱਧ ਵਾਤਾਵਰਣ ਦੀ ਜ਼ਰੂਰਤ ਹੁੰਦੀ ਹੈ ਉਥੇ ਕਸਰਤ ਕਰਨੀ ਅਤੇ ਖੇਡਾਂ ਖੇਡਣੀਆਂ ਵੀ ਅਤੀ ਜ਼ਰੂਰੀ ਹਨ। ਖੇਡਾਂ ਦੀ ਮਹੱਤਤਾ ਤੋਂ ਤਾਂ ਸੰਸਾਰ ਭਲੀਭਾਂਤ ਜਾਣੂੰ ਹੈ। ਚੰਗੇ ਇਨਸਾਨ ਅਤੇ ਚੰਗੇ ਸਮਾਜ ਦੀ ਸਿਰਜਣਾ ਤੇ ਚੰਗੇ ਦੇਸ਼ ਦੇ ਨਿਰਮਾਣ ਵਿੱਚ ਖੇਡਾਂ ਨੇ ਸਦਾ ਹੀ ਮੂਹਰੀ ਭੂਮਿਕਾ ਨਿਭਾਈ ਹੈ। ਕਿਸੇ ਵੀ ਕੌਮ ਦੇ ਵਿਰਸੇ ਤੇ ਸੱਭਿਆਚਾਰ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਨ ਲਈ ਸਥਾਨਕ ਖੇਡਾਂ ਇਕ ਸ਼ਕਤੀਸ਼ਾਲੀ ਜ਼ਰੀਆ ਬਣਦੀਆਂ ਹਨ। ਅੱਜ ਦੇ ਉ"'-ਤਕਨੀਕ ਤੇ ਐਡਵਾਂਸ ਤਕਨਾਲੋਜੀ ਦੇ ਯੁੱਗ ਵਿੱਚ ਭਾਵੇਂ ਨਵੀਆਂ ਖੋਜਾਂ ਦੇ ਨਾਲ ਨਵੇਂ ਉਪਕਰਨਾਂ ਦੇ ਆ ਜਾਣ 'ਤੇ ਬੱਚਿਆਂ ਦਾ ਰੁਝਾਨ ਰਵਾਇਤੀ ਖੇਡਾਂ ਤੋਂ ਵਾਂਝੇ ਹੋ ਰਿਹਾ ਹੈ ਪਰ ਫਿਰ ਵੀ ਸੰਸਾਰ ਦੇ ਕਿਸੇ ਵੀ ਕੋਨੇ 'ਚ ਜਿੱਥੇ ਪੰਜਾਬੀ ਜਾ ਵਸੇ ਹਨ ਉਹਨਾਂ ਨੇ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਆਪ ਨੂੰ ਆਪਣੀ ਵਿਰਾਸਤ ਨਾਲ ਜੋੜੀ ਰੱਖਣ ਦਾ ਉਪਰਾਲਾ ਕੀਤਾ ਹੈ।

ਅਮਰੀਕਾ ਦੇ ਵਾਸ਼ਿੰਗਟਨ ਸੂਬੇ ਦੇ ਸਿਆਟਲ ਸ਼ਹਿਰ ਵਿੱਚ ਅਨੇਕਾਂ ਪੰਜਾਬੀ ਆ ਸੈਟਲ ਹੋਏ ਹਨ। ਸਾਹਿਤਕ, ਸਮਾਜਿਕ, ਧਾਰਮਿਕ ਆਦਿ ਕਈ ਕਿਸਮ ਦੀਆਂ ਸੰਸਥਾਵਾਂ ਹੋਂਦ ਵਿੱਚ ਆ ਚੁੱਕੀਆਂ ਹਨ। ਆਪਣੇ ਆਪਣੇ ਵਿੱਤ ਮੁਤਾਬਿਕ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੇ ਆਹਰੇ ਲੱਗੇ ਹੋਏ ਹਨ। ਇਸੇ ਤਰ੍ਹਾਂ ਉਥੇ ਕਈ ਖੇਡ ਸੰਸਥਾਵਾਂ ਵੀ ਆਪਣਾ ਬਣਦਾ ਹਿੱਸਾ ਪਾ ਰਹੀਆਂ ਹਨ। ਇਸ ਦੀ ਉਦਾਰਹਣ ਹੈ ਕਿ ਸਿਆਟਲ ਵਿੱਚ ਬੱਚਿਆਂ ਦਾ ਖੇਡ-ਕੈਂਪ ਪੰਜਾਬੀ ਸੱਭਿਆਚਾਰ, ਵਿਰਸੇ ਅਤੇ ਖੇਡਾਂ ਨਾਲ ਜੁੜਨ ਦਾ ਬਲਵਾਨ ਵਸੀਲਾ ਬਣ ਗਿਆ ਹੈ। ਇਹ ਖੇਡ ਕੈਂਪ ਪਿਛਲੇ ਦਸ ਸਾਲਾਂ ਤੋਂ ਲਗਾਤਾਰ ਲਗਾਇਆ ਜਾ ਰਿਹਾ ਹੈ, ਜਿੱਥੇ ਪੰਜਾਬੀ ਭਾਈਚਾਰੇ ਦੇ 200 ਤੋਂ ਵੱਧ ਬੱਚੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਰੀਰਕ ਫਿਟਨੈਸ ਅਤੇ ਵੱਖ ਵੱਖ ਖੇਡਾਂ ਵਿੱਚ ਅਭਿਆਸ ਕਰਦੇ ਹਨ।

ਇਸ ਵਾਸਤੇ ਪੰਜਾਬੀ ਲੋਕਾਂ ਵੱਲੋਂ ਭਰਵਾਂ ਸਹਿਯੋਗ ਮਿਲ ਰਿਹਾ ਹੈ। ਪੰਜਾਬੀ ਭਾਈਚਾਰੇ ਦੇ ਬੱਚਿਆਂ ਵਿੱਚ ਆਪਸੀ ਮਿਲਵਰਤਣ, ਸਾਂਝ ਤੇ ਪਿਆਰ ਮੁਹੱਬਤ ਵੱਧਦਾ ਹੈ। ਬੱਚਿਆਂ ਨੂੰ ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਖੇਡਾਂ ਦੀ ਰੌਚਕ ਭਰਪੂਰ ਜਾਣਕਾਰੀ ਮਿਲਦੀ ਹੈ ਅਤੇ ਉਹਨਾਂ ਦੇ ਮਨਾਂ ਵਿੱਚ ਇਸ ਨਾਲ ਜੁੜਨ ਦੀ ਤਾਂਘ ਵੱਧਦੀ ਹੈ। ਬੱਚਿਆਂ ਨੂੰ ਖੇਡ ਕਿੱਟਾਂ ਅਤੇ ਰਿਫਰੈਸ਼ਮੈਂਟ ਮੁਹੱਈਆ ਕਰਵਾਈ ਜਾਂਦੀ ਹੈ। ਖੇਡ ਕੈਂਪ ਦੇ ਬੱਚੇ, ਮਾਪੇ ਅਤੇ ਖੇਡ-ਪ੍ਰੇਮੀ, ਪ੍ਰੈਕਟਿਸ ਤੋਂ ਬਾਅਦ ਇਕੱਠੇ ਬੈਠ ਕੇ ਕਿਸੇ ਦਾਨੀ ਸੱਜਣ ਵੱਲੋਂ ਸੇਵਾ ਕੀਤੀ ਰਿਫਰੈਸ਼ਮੈਂਟ ਦਾ ਆਨੰਦ ਮਾਣਦੇ ਆਪਣੇ ਆਪ ਨੂੰ ਜਨਮ-ਭੂਮੀ ਪੰਜਾਬ ਨਾਲ ਜੁੜਿਆ ਮਹਿਸੂਸ ਕਰਦੇ ਹਨ।

'ਵਿਲਸਨ ਪਲੇਅ ਫੀਲਡ' ਕੈਂਟ 'ਚ ਪੰਜਾਬ 'ਚ ਲੱਗੇ ਕਿਸੇ ਮੇਲੇ ਵਰਗਾ ਮਾਹੌਲ ਵੇਖਣ ਨੂੰ ਮਿਲਦਾ ਹੈ। ਜਿੱਥੇ ਛੋਟੇ ਛੋਟੇ ਬੱਚਿਆਂ ਨੂੰ ਖੇਡਦੇ ਅਤੇ ਕਸਰਤ ਕਰਦਿਆਂ ਨੂੰ ਵੇਖਣ ਲਈ ਆਮ ਲੋਕ ਇਕੱਠੇ ਹੋ ਜਾਂਦੇ ਹਨ। ਇਸ ਮੌਕੇ ਬਜ਼ੁਰਗ ਸੈਰ ਕਰਦੇ, ਗੱਪਾਂ ਸ਼ੱਪਾਂ ਮਾਰਦੇ, ਮਨ ਪ੍ਰਚਾਵਾ ਕਰਦੇ ਹਨ। ਨੌਜਵਾਨ ਵਾਲੀਵਾਲ ਵਰਗੀਆਂ ਹੋਰ ਕਈ ਪੰਜਾਬੀ ਖੇਡਾਂ ਖੇਡਦੇ ਹਨ। ਬੀਬੀਆਂ, ਬਜ਼ੁਰਗ-ਔਰਤਾਂ ਬੱਚਿਆਂ ਨੂੰ ਗਰਾਊਂਡ ਵਿੱਚ ਭੇਜ ਕੇ, ਉਹਨਾਂ ਨੂੰ ਖੇਡਦਿਆਂ ਵੇਖ ਗੱਲੀਂ-ਬਾਤੀਂ ਆਪਸੀ ਸਾਂਝ ਵਧਾਉਂਦੀਆਂ ਮਨ-ਪ੍ਰਚਾਵਾ ਕਰਦੀਆਂ ਹਨ। ਇਕ ਵੱਖਰੇ ਤਰ੍ਹਾਂ ਦਾ ਪੇਂਡੂ ਮਾਹੌਲ, ਤੀਆਂ ਦੇ ਮੇਲੇ ਵਾਂਗ ਸਿਰਜਿਆ ਜਾਂਦਾ ਹੈ। ਉਦੋਂ ਇੱਥੇ ਹਰ ਕੋਈ ਆਨੰਦ 'ਚ ਖੀਵਾ ਹੋਇਆ ਲੱਗਦਾ ਹੈ।

ਪਿਛਲੇ ਚਾਰ ਸਾਲਾਂ ਤੋਂ ਬੀਬੀਆਂ, ਮਾਤਾਵਾਂ, ਬਜ਼ੁਰਗ ਔਰਤਾਂ ਵੱਲੋਂ ਹਰੇਕ ਸਾਲ ਫੁਲਕਾਰੀ ਕੱਢਣ ਤੇ ਤੀਆਂ ਮਨਾਉਣ ਦਾ ਮੇਲਾ ਆਯੋਜਿਤ ਕੀਤਾ ਜਾਂਦਾ ਹੈ। ਸਿਆਟਲ ਅਤੇ ਆਸ ਪਾਸ ਦੇ ਇਲਾਕਿਆਂ ਤੋਂ 1500 ਤੋਂ ਵੱਧ ਧੀਆਂ, ਬੀਬੀਆਂ, ਔਰਤਾਂ ਅਤੇ ਬਜ਼ੁਰਗ ਮਾਤਾਵਾਂ ਪੰਜਾਬ ਵਾਂਗ ਇਕੱ-ਠੀਆਂ ਹੋ ਕੇ ਨੱਚ-ਗਾ, ਬੋਲੀਆਂ ਪਾ ਕੇ ਰੰਗਾ ਰੰਗ ਗਿੱਧਿਆਂ ਦਾ ਮਾਹੌਲ ਸਿਰਜ ਦਿੰਦੀਆਂ ਹਨ। ਅਖੀਰਲੇ ਹਫਤੇ ਬੱਚਿਆਂ ਦੇ ਖੇਡ ਮੁਕਾਬਲੇ ਕਰਵਾ ਕੇ ਜੇਤੂਆਂ ਨੂੰ ਇਨਾਮ ਦੇ ਕੇ ਉਹਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਜਾਂਦੀ ਹੈ। ਖੇਡਾਂ ਦੇ ਨਾਲ ਨਾਲ ਗਾਉਣ-ਵਜਾਉਣ ਨੱਚਣ ਟੱਪਣ ਗਿੱਧੇ ਭੰਗੜੇ ਪਾਉਣ ਦਾ ਨਹੁੰ ਮਾਸ ਦਾ ਰਿਸ਼ਤਾ ਮੁੱਢ ਕਦੀਮੋਂ ਹੀ ਰਿਹਾ ਹੈ ਅਤੇ ਕੋਈ ਵੀ ਖੇਡ ਮੁਕਾਬਲਾ ਸੱਭਿਆਚਾਰਕ ਪ੍ਰੋਗਰਾਮ ਬਿਨਾਂ ਸੰਪੂਰਨ ਹੋ ਹੀ ਨਹੀਂ ਸਕਦਾ। ਇਸੇ ਲਈ ਸ਼ਾਮ ਨੂੰ ਗੀਤ ਸੰਗੀਤ ਭਰਪੂਰ ਸੱਭਿਆਚਾਰਕ ਪ੍ਰੋਗਰਾਮ ਕਰ ਕੇ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਹੈ ਅਤੇ ਹਰ ਦੁੱਖ ਸੁੱਖ ਵਿੱਚ ਇਕੱਠਿਆਂ ਰਹਿਣ ਦੇ ਵਾਅਦਿਆਂ ਦੀ ਗੰਢ ਨੂੰ ਪੱਕਾ ਕੀਤਾ ਜਾਂਦਾ ਹੈ।

ਖੇਡ ਕੈਂਪ ਦੇ ਪ੍ਰਬੰਧਕ, ਵਲੰਟੀਅਰ, ਸੇਵਾਦਾਰ, ਸੇਵਾ ਦੇ ਹੋਰ ਕੰਮ ਵੀ ਕਰਦੇ ਹਨ ਅਤੇ ਮਾਮੂਲੀ ਖ਼ਰਚਾ ਵੀ ਪੰਜਾਬੀ ਪਰਿਵਾਰਾਂ ਵੱਲੋਂ ਦਿੱਤਾ ਜਾਂਦਾ ਹੈ। ਸੋ ਬੱਚਿਆਂ ਦਾ ਖੇਡ-ਕੈਂਪ ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਖੇਡਾਂ ਨਾਲ ਜੁੜਨ ਦਾ ਵਸੀਲਾ ਬਣ ਗਿਆ ਹੈ। ਜਿੱਥੇ ਪੰਜਾਬੀ ਭਾਈਚਾਰੇ ਦੇ ਬੱਚੇ ਨੌਜਵਾਨ ਬਜ਼ੁਰਗ ਬੱਚੀਆਂ ਬੀਬੀਆਂ ਔਰਤਾਂ ਤੇ ਬਜ਼ੁਰਗ ਮਾਤਾਵਾਂ ਇਕੱਠੇ ਹੋ ਕੇ ਸੁੰਦਰ ਸ਼ਾਮ ਅਤੇ ਵਿਲੱਖਣ ਖੇਡਾਂ ਦੇ ਮਾਹੌਲ ਦਾ ਆਨੰਦ ਮਾਣਦੇ ਹਨ ਜਿਸ ਵਾਸਤੇ ਸਾਰਾ ਭਾਈਚਾਰਾ ਇਕਮੁੱਠ ਇਕਜੁੱਟ ਹੋ ਕੇ ਸਾਂਝੇ ਤੌਰ 'ਤੇ ਪਿਛਲੇ ਦਸ ਸਾਲਾਂ ਤੋਂ ਯੋਗਦਾਨ ਪਾ ਰਿਹਾ ਹੈ।

ਸਿਆਟਲ ਦੇ ਬੱਚਿਆਂ ਦਾ ਖੇਡ ਕੈਂਪ ਯਾਦਗਾਰੀ ਬਣਦਾ ਜਾ ਰਿਹਾ ਹੈ ਜੋ ਕਿਸੇ ਗਰੁੱਪ ਜਾਂ ਸੰਸਥਾ ਦਾ ਨਹੀਂ ਸਗੋਂ ਸਭ ਦਾ ਸਾਂਝਾ ਉਪਰਾਲਾ ਹੈ। ਆਉ ਸਾਰੇ ਮਿਲ ਕੇ ਇਸ ਨੂੰ ਚਾਲੂ ਰੱਖੀਏ, ਇਸ ਦੇ ਘੇਰੇ ਨੂੰ ਵਿਸ਼ਾਲ ਕਰੀਏ ਤਾਂ ਕਿ ਬੱਚਿਆਂ, ਨੌਜਵਾਨਾਂ ਦਾ ਭਵਿੱਖ ਸਦਾ ਉਜਵਲ ਰਹੇ। ਇਹਨਾਂ ਦੇ ਭਵਿੱਖ ਦੇ ਬਲਬੂਤੇ ਹੀ ਦੇਸ਼ ਕੌਮ ਦੇ ਭਵਿੱਖ ਦੀ ਨੀਂਹ ਰੱਖੀ ਜਾਂਦੀ ਹੈ ਕਿਉਂਕਿ ਬੱਚੇ ਹੀ ਕਿਸੇ ਕੌਮ ਅਤੇ ਦੇਸ਼ ਦਾ ਭਵਿੱਖ ਹੁੰਦੇ ਹਨ।

# ਬਾਬਾ ਸਾਹਿਬ ਡਾ.ਅੰਬੇਡਕਰ ਨੂੰ ਯਾਦ ਕਰਦਿਆਂ...



ਸੰਤੋਖ ਸਿੰਘ ਜੱਸੀ
91-70876-19800



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਹੁਣ ਵਿਸ਼ਵ ਦੇ ਹਿਰਦੇ ਵਿੱਚ ਵਸਦੇ ਹਨ, ਜਦੋਂ ਵੀ, ਜਿੱਥੇ ਵੀ ਗਿਆਨ ਦੀ ਗੱਲ ਚੱਲਦੀ ਹੈ, ਤਾਂ ਦੇਸ਼ 'ਚ ਸਦੀਆਂ ਤੋਂ ਚੱਲਦੀ ਆ ਰਹੀ ਗੈਰ ਬਰਾਬਰੀ ਵਾਲੀ ਵਿਵਸਥਾ ਖਿਲਾਫ ਸੰਘਰਸ਼ ਕਰਨ ਵਾਲੇ ਤੱਕ ਗੱਲ ਅੱਪੜ ਜਾਂਦੀ ਹੈ। ਨੇਤਾ ਲੋਕ, ਸਿਆਸੀ ਪਾਰਟੀਆਂ ਅਤੇ ਸੰਸਥਾਵਾਂ ਦੇ ਲੋਕ, ਵਿਰੋਧ ਅਤੇ ਕਿੰਤੂ-ਪ੍ਰੰਤੂ ਕਰਦੇ ਆ ਰਹੇ ਹਨ। ਚੰਦ ਤੇ ਥੁੱਕਣ ਦੀ ਵੀ ਕੋਸ਼ਿਸ਼ ਵੀ ਹੋਈ। ਪਰ ਮਿਥਿਹਾਸ, ਇਤਿਹਾਸ, ਸਿਮਰਤੀਆਂ ਨੂੰ ਤਰਕ, ਦਲੀਲਾਂ ਨਾਲ ਖੋਜਣ ਵਾਲਾ ਆਖਰ ਕਰੋੜਾਂ ਲੋਕਾਂ ਦੀ ਪਹਿਲੀ ਪਸੰਦ ਬਣਕੇ 'ਬਾਬਾ ਸਾਹਿਬ' ਬਣ ਗਿਆ। ਉਹਨਾਂ ਸੰਘਰਸ਼ ਦੌਰਾਨ ਤਿੰਨ ਪੁੱਤਰ ਰਮੇਸ਼, ਰਾਜ ਰਤਨ, ਗੰਗਾਧਰ ਅਤੇ ਪੁੱਤਰੀ ਇੰਦੂ ਨੂੰ ਸਮਾਜ, ਕੌਮ ਲਈ ਕੁਰਬਾਨ ਕਰ ਦਿੱਤਾ।

ਜਿਸ ਸਮਾਜ ਦੇ ਲੋਕ ਹਜ਼ਾਰਾਂ ਸਾਲਾਂ ਤੋਂ ਮਾਨਸਿਕ ਤੌਰ ਤੇ ਬਿਮਾਰ ਸਨ ਉਸੇ ਸਮਾਜ ਦਾ ਇੱਕ ਨੌਜਵਾਨ ਪਹਿਲੀ ਵਾਰ ਗਿਆਨ ਦਾ ਡਾਕਟਰ (ਪੀ.ਐਚ.ਡੀ.) 1917 ਵਿੱਚ ਬਣਿਆ। ਬਾਬਾ ਸਾਹਿਬ ਦੀਆਂ ਰਚਨਾਵਾਂ, ਵਿਦਵਤਾ, ਇਤਿਹਾਸਕ ਤੱਥਾਂ ਅਤੇ ਭਵਿੱਖਬਾਣੀਆਂ ਭਰਪੂਰ ਹਨ। ਇਸ ਲਈ ਡਾ. ਅੰਬੇਡਕਰ ਹੁਣ ਕੇਵਲ ਦਾ ਨਹੀਂ, ਵਿਸ਼ਵ ਰਤਨ ਹੈ। ਇੱਕ ਬਾਲਕ, ਜਿਸਨੂੰ ਕਲਾਸ ਤੋਂ ਬਾਹਰ ਬੈਠਣ ਲਈ ਮਜਬੂਰ ਕੀਤਾ ਗਿਆ ਹੋਵੇ, ਅੱਜ ਉਸੇ ਦੀ ਜੀਵਨੀ ਕਲਾਸਾਂ ਵਿੱਚ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਪੜ੍ਹਾਈ ਜਾਂਦੀ ਹੈ।ਬਾਬਾ ਸਾਹਿਬ ਨੇ ਜਿੱਥੋਂ ਅਮਰੀਕਾ 'ਚ ਪੜ੍ਹੇ ਉਸ ਯੂਨੀਵਰਸਿਟੀ ਵਿੱਚ ਹੀ ਉਹਨਾਂ ਦੀ ਸਵੈ ਜੀਵਨੀ (ਵੇਟਿੰਗ ਵਾਰ ਏ ਵੀਜ਼ਾ) ਪੜ੍ਹਾਈ ਜਾਂਦੀ ਹੈ।

ਡਾ. ਭੀਮ ਰਾਓ ਅੰਬੇਡਕਰ ਨਾਮ ਹੁਣ ਸਮਾਜ ਸੁਧਾਰ ਦਾ ਮਿਸ਼ਨ 'ਅੰਬੇਡਕਰਵਾਦ' ਬਣ ਗਿਆ ਹੈ।ਜੋ 'ਪੜ੍ਹੋ, ਸੰਘਰਸ਼ ਕਰੋ, ਜੁੜੋ ਹੈ। ਆਪ ਅਜ਼ਾਦ ਭਾਰਤ ਦੀ ਪਹਿਲੀ ਕੈਬਨਿਟ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਵਿਅਕਤੀ ਸਨ। ਰਾਖਵਾਂਕਰਨ ਪਿੱਛੇ ਬਾਬਾ ਸਾਹਿਬ ਦੀ ਵੱਡੀ ਦੇਣ ਹੈ। ਹੁਣ ਵੱਡੀਆਂ ਜਾਤਾਂ ਵਾਲੇ ਵੀ ਰਾਖਵਾਂਕਰਨ ਦੇ ਲਾਭ ਲੈਣ ਲਈ 'ਨਵੀਂ ਨੀਵੀਂ ਜਾਤ' ਬਣਨ ਲਈ ਲੜਾਈ ਲੜ ਰਹੇ ਹਨ।ਡਾ.ਅੰਬੇਡਕਰ ਨੂੰ ਪੜ੍ਹੇ, ਜਾਣੇ ਤੋਂ ਬਿਨਾਂ ਭਾਰਤੀ ਇਤਿਹਾਸ ਅਧੂਰਾ ਰਹਿ ਜਾਂਦਾ ਹੈ। ਦੇਸ਼ ਦੀ ਸੁਪਰੀਮ ਕੋਰਟ ਦਾ ਹਰ ਫੈਸਲਾ ਬਾਬਾ ਸਾਹਿਬ ਦੀ ਯਾਦ ਦਿਵਾਉਂਦਾ ਹੈ।

ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਉਦੋਂ ਹੋਵੇਗਾ ਜਦੋਂ ਦਿੱਲੀ ਦਾ ਬਾਦਸ਼ਾਹ (ਪ੍ਰਧਾਨ ਮੰਤਰੀ) ਪਿਛਲੇ 5 ਹਜਾਰ ਸਾਲਾਂ ਤੋਂ ਮਨੁੱਖ ਨਾਲ ਵਰਣ ਵਿਵਸਥਾ, ਛੂਆਛਾਤ, ਜਾਤ-ਪਾਤ ਤੇ ਗੈਰ ਮਨੁੱਖੀ ਕਾਰਿਆਂ ਲਈ ਦੇਸ਼ ਤਰਫੋਂ ਮੁਆਫੀ ਮੰਗੇਗਾ।

*****

# ਚੰਦ ਫਤਿਹਪੁਰੀ ਦੀ ਕਲਮ ਤੋਂ ਲਿਖੀ ਪੁਸਤਕ ਤਾਨਾਸ਼ਾਹੀ ਵਿਰੁੱਧ ਜੂਝਦਾ ਇਤਿਹਾਸਕ ਕਿਸਾਨ ਅੰਦੋਲਨ ਲੋਕ ਅਰਪਣ

**ਜਲੰਧਰ (ਬਿਊਰੋ)-** ਜਾਣੇ-ਪਹਿਚਾਣੇ ਪੱਤਰਕਾਰ ਅਤੇ ਲੇਖਕ ਚੰਦ ਫਤਿਹਪੁਰੀ ਦੀ ਕਲਮ ਤੋਂ ਲਿਖੀ ਕਿਤਾਬ, 'ਤਾਨ-ਸ਼ਾਹੀ ਵਿਰੁੱਧ ਜੂਝਦਾ: ਇਤਿਹਾਸਕ ਕਿਸਾਨ ਅੰਦੋਲਨ' ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ 'ਚ ਲੋਕ ਅਰਪਣ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਨੇ ਮਾਣ ਮਹਿਸੂਸ ਕੀਤਾ ਹੈ। ਦੇਸ਼ ਦੁਨੀਆਂ ਅੰਦਰ ਬਹੁ-ਚਰਚਿਤ ਕਿਸਾਨ ਅੰਦੋਲਨ ਦੀਆਂ 12 ਮਾਰਚ 2018 ਤੋਂ ਲੈ ਕੇ 27 ਅਪ੍ਰੈਲ 2021 ਤੱਕ ਤਿੰਨ ਵਰ੍ਹਿਆਂ ਦੇ ਕਲਾਵੇ ਵਿੱਚ ਸਮੋਈਆਂ ਬਹੁ-ਪਰਤਾਂ ਨੂੰ ਛੋਂਹਦੇ ਹੋਏ ਚੰਦ ਫਤਿਹਪੁਰੀ ਨੇ ਇਤਿਹਾਸਕ ਦਸਤਾਵੇਜ਼, ਕਿਸਾਨ ਅੰਦੋਲਨ ਅਤੇ ਆਉਣ ਵਾਲੇ ਕੱਲ੍ਹ ਦੀ ਝੋਲੀ ਪਾਉਣ ਦਾ ਗੌਰਵਮਈ ਕਾਰਜ਼ ਕੀਤਾ ਹੈ। ਪੁਸਤਕ ਲੋਕ ਅਰਪਣ ਕਰਦਿਆਂ ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਆਗੂ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨ-




ਵੀਨਰ ਹਰਵਿੰਦਰ ਭੰਡਾਲ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਵਿਜੈ ਬੰਬੇਲੀ, ਹਰਮੇਸ਼ ਮਾਲੜੀ ਸਮੇਤ ਹਾਜ਼ਰ ਸਮੂਹ ਮੈਂਬਰਾਂ ਨੇ ਚੰਦ ਫਤਿਹਪੁਰੀ ਨੂੰ ਇਸ ਅਨਮੋਲ ਨਜ਼ਰਾਨੇ ਲਈ ਮੁਬਾਰਕਬਾਦ ਦਿੱਤੀ। ਵੰਨ-ਸੁਵੰਨੇ ਵਿਸ਼ਿਆਂ ਨੂੰ ਛੋਹਦੇ ਪੰਜ ਦਰਜਣ ਤੋਂ ਵੱਧ ਲੇਖਾਂ ਦੀ ਲੜੀਬੱਧ ਇਹ ਪੁਸਤਕ ਮਜ਼ਦੂਰ ਕਿਸਾਨ ਬੁਲਾਰਿਆਂ, ਕਾਰਕੁੰਨਾਂ, ਜੱਥੇਬੰਦਕਾਰਾਂ ਨੂੰ ਜਾਣਕਾਰੀ ਭਰਪੂਰ ਸਮੱਗਰੀ ਉਪਲੱਬਧ ਕਰਾਉਂਦੀ ਹੈ।

ਇਤਿਹਾਸਕ ਕਿਸਾਨ ਅੰਦੋਲਨ ਦੇ ਅਨੇਕਾਂ ਪਹਿਲੂਆਂ ਉਪਰ ਖੋਜ਼ਕਾਰਾਂ ਲਈ ਸਮਾਂ, ਸਥਾਨ ਅਤੇ ਹਾਲਾਤ ਦੇ ਮੱਦੇ ਨਜ਼ਰ ਕੀਤੀਆਂ ਮਹੱਤਵਪੂਰਣ ਟਿੱਪਣੀਆਂ ਅੰਦੋਲਨ ਦੇ ਆਰਥਕ, ਰਾਜਨੀਤਕ, ਸਮਾਜਕ, ਸਭਿਆਚਾਰਕ ਪੱਖਾਂ ਬਾਰੇ ਹੋਰ ਗਹਿਰੇ ਉਤਰਕੇ ਖੋਜ ਕਰਨ ਲਈ ਪ੍ਰੇਰਤ ਕਰਨ-ਗੀਆਂ। ਇਹ ਪੁਸਤਕ ਦੇਸ਼ ਭਗਤ ਯਾਦਗਾਰ ਹਾਲ ਦੇ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

**ਜਾਰੀ ਕਰਤਾ: ਅਮੋਲਕ ਸਿੰਘ**



# ਅਮਰ ਗਰਗ ਕਲਮਦਾਨ ਅਤੇ ਪ੍ਰਿੰਸੀਪਲ ਪ੍ਰੇਮਲਤਾ ਦਮਯੰਤੀ ਜੋੜੀ ਦੀਆਂ ਸਾਹਿਤਕ ਪੈੜਾਂ

ਅਮਰ ਗਰਗ ਕਲਮਦਾਨ ਅਤੇ ਪ੍ਰਿੰਸੀਪਲ ਪ੍ਰੇਮਲਤਾ ਦਮਯੰਤੀ ਜੋੜੀ ਸ਼ਹਿਰ ਧੂਰੀ ਦੀ ਤਾਂ ਪਹਿਚਾਣ ਹੈ ਹੀ, ਇਹ ਜੋੜੀ ਪੰਜਾਬੀ ਸਾਹਿਤਕ ਪਿੜ ਵਿੱਚ ਆਪਣੀਆਂ ਨਿਵੇਕਲੀਆਂ ਪੈੜਾਂ ਪਾ ਰਹੀ ਹੈ। ਜੇ ਸੱਚ ਪੁੱਛੋ ਤਾਂ ਇਹਨਾਂ ਦੀਆਂ ਲਿਖਤਾਂ ਤੋਂ ਪਤਾ ਚੱਲਦਾ ਹੈ, ਸਾਹਿਤ ਦੀ ਅਸਲੀ ਪਰਿਭਾਸ਼ਾ ਕੀ ਹੈ ? ਕਲਮਦਾਨ ਆਪਣੇ ਕਹਾਣੀ ਸੰਗ੍ਰਹਿ ਸੀਤੋ ਫੌਜਣ ਦੀ ਭੂਮਿਕਾ ਵਿੱਚ ਲਿਖਦਾ ਹੈ। ਸਾਹਿਤ ਮਨ ਦੀ ਉਹ ਖੁਰਾਕ ਹੈ, ਜੋ ਰੋਟੀ ਵਾਂਗ ਸਾਡੀ ਲੋੜ ਹੈ, ਸਾਡੇ ਵਧੀਆ ਭਵਿੱਖ ਵਾਸਤੇ ਸੱਚਾ ਮਾਰਗ ਹੈ, ਸਾਡੇ ਜਿਉਣ ਲਈ ਚਾਅ ਅਤੇ ਹੌਂਸਲੇ ਦਾ ਮਾਧਿਅਮ ਹੈ, ਇਹ ਸਾਡਾ ਭੂਤਕਾਲ, ਵਰਤਮਾਨ ਵੀ ਅਤੇ ਭਵਿੱਖ ਕਾਲ ਤਿੰਨੋਂ ਹੈ। ਪ੍ਰਿੰਸੀਪਲ ਪ੍ਰੇਮਲਤਾ ਨੇ ਸਾਹਿਤ ਦੀ ਪਰਿਭਾਸ਼ਾ ਇੰਜ ਦਿੱਤੀ ਹੈ - ਜੇਕਰ ਸਮਾਜਿਕ ਕ੍ਰਿਰਿਆਵਾਂ ਅਤੇ ਸਮਾਜਿਕ ਸੋਚ ਦੇ ਸਮੁੰਦਰ ਨੂੰ ਸਾਗਰ ਮੰਥਨ ਦੀ ਤਰਾਂ ਰਿੜਕਿਆ ਜਾਵੇ ਤਾਂ ਸਾਰਿਆਂ ਤੋਂ ਉੱਤਮ ਰਤਨ ਜਿਹੜਾ ਨਿਕਲੇਗਾ, ਉਹ ਸਾਹਿਤ ਹੋਵੇਗਾ। ਇੱਕ ਹੋਰ ਵੱਡੀ ਗੱਲ ਹੈ, ਸਾਹਿਤ ਦੀ ਸਿਰਜਣਾ ਖੁੱਲੇ ਦਿਮਾਗ ਰਾਹੀਂ ਅਤੇ ਸੱਚੇ ਮਾਰਗ ਤੇ ਚੱਲਦਿਆਂ ਹੁੰਦੀ ਹੈ। ਕਈ ਵਾਰ ਮੈਂ ਸੋਚਦੀ ਹਾਂ, ਗੁਰੂਆਂ, ਭਗਤਾਂ ਨੇ ਜਾਂ ਦੇਸ਼ ਵਿੱਚ ਚੱਲੀਆਂ ਵੱਖ-ਵੱਖ ਲਹਿਰਾਂ ਤੋਂ ਪ੍ਰਭਾਵਿਤ ਵਿਅਕਤੀਆਂ ਨੇ ਉੱਚ ਕੋਟੀ ਦੇ ਸਾਹਿਤ ਦੀ ਰਚਨਾ ਕੀਤੀ।

ਰਾਜ ਕਵੀਆਂ ਨੇ ਵੀ ਉੱਚ ਕੋਟੀ ਦੇ ਸਾਹਿਤ ਦੀ ਰਚਨਾ ਕੀਤੀ। ਪਰ ਦੇਸ਼ ਵਿੱਚ ਵੱਡੇ-ਵੱਡੇ ਦੇਹਧਾਰੀ ਬਾਬਿਆਂ, ਜਿਹਨਾਂ ਨੇ ਆਪਣੇ ਵੱਡੇ-ਵੱਡੇ ਡੇਰੇ ਬਣਾ ਰੱਖੇ ਹਨ, ਸਾਹਿਤ ਦੀ ਇੱਕ ਪੰਕਤੀ ਦੀ ਸਿਰਜਣਾ ਨਹੀਂ ਕਰ ਸਕੇ ਕਿਉਂਕਿ ਉਹਨਾਂ ਦਾ ਮਾਰਗ ਸੱਚਾ ਨਹੀਂ ਹੈ, ਉਹ ਜਰ, ਜਰਾ ਜੋਰੂ ਦੇ ਮਾਇਆ ਜਾਲ ਵਿੱਚ ਫਸੇ ਹਨ। ਸੱਚਾ ਜੀਵਨ ਅਤੇ ਪ੍ਰਕਿਰਤੀ ਨਾਲ਼ ਸਾਂਝ ਦਾ ਮਾਰਗ ਹੀ ਸਾਹਿਤ ਸਿਰਜਣਾ ਦਾ ਮਾਰਗ ਹੈ। ਕਿਸੇ ਦੇਸ਼ ਅਤੇ ਲੋਕਾਂ ਦੀ ਤਰੱਕੀ ਦੀ ਪਹਿਚਾਣ ਉਸ ਦੇਸ਼ ਦੀ ਧਰਤੀ ਉੱਪਰ ਰਚੇ ਗਏ ਸਾਹਿਤ ਤੋਂ ਲਗਾਈ ਜਾ ਸਕਦੀ ਹੈ।

ਬਿਲਕੁਲ ਸੱਚੀਆਂ ਗੱਲਾਂ ਹਨ। ਇਸ ਦਮਯੰਤੀ ਜੋੜੀ ਦੀ ਸਾਹਿਤ ਰਚਨਾ ਵੀ ਇਹਨਾਂ ਵੱਲੋਂ ਦਿੱਤੀ ਗਈ ਸਾਹਿਤ ਦੀ ਪਰਿਭਾਸ਼ਾ ਦੇ ਇਰਦ-ਗਿਰਦ ਵੱਝੀ ਹੋਈ ਹੈ। ਪ੍ਰਿੰਸੀਪਲ ਪ੍ਰੇਮਲਤਾ ਦੀ ਪਲੇਠੀ ਕਿਤਾਬ ਗਿਆਨ ਹੀ ਸੁੰਦਰ ਹੈ ਨੇ 2013 ਵਿੱਚ ਨਿਬੰਧਕਾਰੀ ਖੇਤਰ ਦੇ ਸਾਹਿਤ ਜਗਤ ਵਿੱਚ ਆਪਣੇ ਪੈਰ ਧਰੇ। ਇਸ ਕਿਤਾਬ ਵਿੱਚ ਸਾਰੇ ਹੀ ਨਿਬੰਧ ਖੋਜ ਅਤੇ ਸਮਾਜਿਕ ਸੇਧ ਭਰਪੂਰ ਹਨ। ਕੁਝ ਨਿਬੰਧ ਦਾ ਸੰਖੇਪ ਜ਼ਿਕਰ ਕਰਨਾ ਬਣਦਾ ਹੈ। 'ਲਹਿਰ' ਨਿਬੰਧ ਵਿੱਚ ਲੇਖਿਕਾ ਨੇ ਹਰ ਇੱਕੋ ਵਾਤਾਵਰਣ ਦੀ ਰੱਖਿਆ ਨਾਲ਼ ਸੰਬੰਧਿਤ ਇੱਕ ਪਾਠ ਨਾਲ਼ ਜੋੜਿਆ ਹੈ।

ਜਿਵੇਂ ਅੱਠ ਨੰਬਰ ਦਾ 'ਛ' ਕਹਿੰਦਾ ਹੈ 'ਛੀਨ ਲਵੋ' ਭਾਵ ਮੱਖੀਆਂ ਤੋਂ ਉਹਨਾਂ ਦਾ ਭੋਜਨ ਛੀਨ ਲਵੋ, ਜੇਕਰ ਸਫਾਈ ਹੋਵੇਗੀ ਤਾਂ ਮੱਖੀਆਂ ਨੂੰ ਭੋਜਨ ਵੀ ਨਹੀਂ ਮਿਲੇਗਾ ਅਤੇ ਉਹ ਮਰ ਜਾਣਗੀਆਂ। ਇਸ 'ਛ' ਰਾਹੀਂ ਲੇਖਿਕਾ ਨੇ ਦੇਸ਼ ਵਿੱਚ 100 ਪ੍ਰਤੀਸ਼ਤ ਸ਼ੋਚਾਲਿਆ ਦੇ ਟੀਚੇ ਦਾ ਉਲੇਖ ਵੀ ਕੀਤਾ ਹੈ। ਇਸ ਨਿਬੰਧ ਨਾਲ਼ ਸੰਬੰਧਤ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ (ਉਸ ਵੇਲੇ ਗੁਜਰਾਤ ਦੇ ਮੁੱਖ ਮੰਤਰੀ) ਵੱਲੋਂ ਲੇਖਿਕਾ ਨੂੰ ਮਿਲੇ ਇੱਕ ਪ੍ਰਸ਼ੰਸ਼ਾ ਪੱਤਰ ਦੀ ਫੋਟੋ ਕਾਪੀ ਵੀ ਕਿਤਾਬ ਵਿੱਚ ਛਾਪੀ ਹੋਈ ਹੈ।

ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਨਿਬੰਧ ਵਿੱਚ ਇੱਕ ਨਵਾਂ ਤੱਥ ਸਾਹਮਣੇ ਆਇਆ ਹੈ, ਲੇਖਿਕਾ ਆਪਣੀ ਦਲੀਲ ਨਾਲ਼ ਦੱਸਦੀ ਹੈ ਕਿ ਗਿਆਨ ਪ੍ਰਾਪਤੀ ਤੋਂ ਪਹਿਲਾਂ ਮਹਾਤਮਾ ਬੁੱਧ, ਮਹਾਂਵੀਰ ਸਵਾਮੀ ਦਾ ਸ਼ਿਸ਼ ਸੀ। ਗਿਆਨ ਪ੍ਰਾਪਤੀ ਇੱਕ ਅਜਿਹੀ ਲਕੀਰ ਸੀ, ਜਿਸਨੇ ਮਹਾਤਮਾਂ ਬੁੱਧ ਨੂੰ ਜੈਨ ਧਰਮ ਦੇ ਸਖ਼ਤ ਆਤਮ ਨੇਮਾਂ ਤੋਂ ਵੱਖ ਕਰ ਦਿੱਤਾ।

'ਭਾਰਤ ਦੇਸ਼ ਦਾ ਸਭ ਤੋਂ ਵੱਡਾ ਦੇਸ਼ ਭਗਤ ਕੌਣ ਹੋਇਆ ਹੈ?' ਨਿਬੰਧ ਵਿੱਚ ਲੇਖਿਕਾ ਨਿੱਗਰ ਦਲੀਲ ਨਾਲ਼ ਕੁਰੂ ਰਾਜ ਕੁਮਾਰ ਦੁਰਯੋਧਨ ਨੂੰ ਸਭ ਤੋਂ ਵੱਡਾ ਦੇਸ਼ ਭਗਤ ਐਲਾਨਦੀ ਹੈ। ਜਿਸਨੇ ਇਹ ਸਿਧਾਂਤ ਦਿੱਤਾ ਸੀ, ਕਿ ਰਾਜ ਉਹਨਾਂ ਦੇ ਪੁਰਖਿਆਂ ਦੀ ਨਿੱਜੀ ਜਾਇਦਾਦ ਨਹੀਂ ਜਿਹੜੀ ਭਰਾਵਾਂ ਵਿੱਚ





ਵੰਡੀ ਜਾ ਸਕੇ।

'ਡਾਰਵਿਨ ਅਤੇ ਏਂਜਲ' ਨਾਂ ਦੇ ਨਿਬੰਧ ਵਿੱਚ ਲੇਖਿਕਾ ਨੇ ਜਿੱਥੇ ਡਾਰਵਿਨ ਦੇ ਜੀਵ ਵਿਕਾਸਕੈਰਮ ਬਾਰੇ ਚਾਨਣਾ ਪਾਇਆ ਹੈ, ਉੱਥੇ ਹੀ ਇਸਨੇ ਏਂਜਲ ਦੇ ਸਿਧਾਂਤ 'ਬਾਂਦਰ ਤੋਂ ਮਨੁੱਖ ਤੱਕੋਂ ਕਿਰਤ ਦੀ ਭੂਮਿਕਾ ਨੂੰ ਡਾਰਵਿਨ ਦੇ ਸਿਧਾਂਤ ਵਾਂਗ ਇੱਕ ਵਿਗਿਆਨਕ ਤੱਥ ਦੱਸਿਆ ਹੈ। ਲੇਖਿਕਾ ਨੇ 'ਕ੍ਰਾਂਤੀਕਾਰੀ ਅਧਿਆਪਕ ਅਤੇ ਗੁਰੂ, ਸੰਤ ਰਾਮਾਨੰਦ' ਨਿਬੰਧ ਵਿੱਚ ਵਿਲੱਖਣ ਜਾਣਕਾਰੀ ਦਿੱਤੀ ਹੈ। ਲੇਖਿਕਾ ਨੇ ਸੰਤ ਰਾਮਾਨੰਦ ਨੂੰ ਉੱਤਰ ਅਤੇ ਮੱਧ ਭਾਰਤ ਵਿੱਚ ਭਗਤੀ ਲਹਿਰ ਦਾ ਮੋਢੀ ਮੰਨਦੇ ਹੋਏ ਲਿਖਿਆ ਹੈ ਕਿ ਸੰਤ ਰਾਮਾਨੰਦ ਨੇ ਵਿੱਦਿਆ ਦੇ ਸੰਚਾਰ ਨਾਲ਼ ਪੱਛੜੀ ਸ਼ਰੇਣੀ ਨਾਲ਼ ਸੰਬੰਧਤ ਅਨੇਕ ਲੋਕ ਸੰਤ ਪੈਦਾ ਕੀਤੇ।

ਪ੍ਰਿੰਸੀਪਲ ਪ੍ਰੇਮਲਤਾ ਦੀ ਅਗਲੀ ਕਿਤਾਬ ਤੀਜੀ ਅੱਖ ਦਾ ਸਵੇਰਾ ਇੱਕ ਕਹਾਣੀ ਸੰਗ੍ਰਹਿ ਹੈ। ਇਹ ਕਿਤਾਬ ਇੱਕ ਨਿਵੇਕਲੀ ਕਿਤਾਬ ਹੈ, ਜਿਹੜੀ ਮੁੱਖ ਰੂਪ ਵਿੱਚ ਡੰਮੀ ਡੇਰਾਬਾਦ ਨੂੰ ਮੁੱਢੋਂ ਨਕਾਰਦੀ ਹੈ। ਆਪਣੀਆਂ ਕਹਾਣੀਆਂ ਰਾਹੀਂ ਲੇਖਿਕਾ ਡੰਮੀ ਡੇਰਾਬਾਦ ਨੂੰ ਲੋਕਾਂ ਦੀ ਮਾਨਸਿਕ, ਆਰਥਿਕ ਅਤੇ ਸਮ-ਾਜਿਕ ਲੁੱਟ ਅਤੇ ਅੰਧ-ਵਿਸ਼ਵਾਸ ਦੇ ਅੱਡੇ ਸਾਬਤ ਕਰਦੀ ਹੈ।

ਦਮਯੰਤੀ ਜੋੜੀ ਵੱਲੋਂ ਸਾਂਝੇ ਤੌਰ ਤੇ ਲਿਖੀ ਕਿਤਾਬ ਪੰਜ ਕੁੱਜਿਆਂ ਚ ਈਸ਼ਵਰ ਇਤਿਹਾਸਿਕ ਜਾਣਕਾਰੀ ਭਰਪੂਰ ਅਤੇ ਉੱਤਮ ਜੀਵਨ ਸੇਧ ਦਿੰਦੀ ਨਿਬੰਧਾਂ ਦੀ ਕਿਤਾਬ ਹੈ। ਅਮਰ ਗਰਗ ਕਲਮਦਾਨ ਦਾ ਨਿਬੰਧ, 'ਅੱਤਵਾਦ ਨੂੰ ਹਰਾਉਣ ਲਈ ਦੋ 'ਜੌ ਸਿਧਾਂਤ ਜੜ ਨਾਲ਼ ਜੁੜਤਾ' ਰਾਹੀਂ ਲੇਖਕ ਨੇ ਵਿਸ਼ਵ ਵਿੱਚ ਪਸਰੇ ਅੱਤਵਾਦ ਦੀ ਅਸਲੀ ਜੜ ਪਹਿਚਾਣੀ ਹੈ। ਲੇਖਕ ਨੇ ਦਲੀਲ ਸਹਿਤ ਨਿਰਾਕਾਰ ਰੱਬ ਦੀ ਨਿਰਪੇਖ ਫਿਲਾਸਫ਼ੀ ਨੂੰ ਅੱਤਵਾਦ ਦੀ ਜੜ ਦੱਸਿਆ ਹੈ। ਪ੍ਰਿੰਸੀਪਲ ਪ੍ਰੇਮ ਲਤਾ ਵੱਲੋਂ ਅਜਿਹਾ ਹੀ ਨਿਬੰਧ 'ਅਦੂਨਿਸ' ਦੀ ਮੁਲਾਕਾਤ ਬਨਾਮ ਕਲਮਦਾਨ ਦਾ ਦੋ ਜ ਸਿਧਾਂਤ ਜੜ ਨਾਲ਼ ਜੁੜਤਾ' ਕਿਤਾਬ ਵਿੱਚ ਦਰਜ ਹੈ। ਮੈਂ ਇਸ ਨਿਬੰਧ ਵਿੱਚੋਂ ਅਲੀ ਅਹਿਮਦ ਸਈਦ (ਅਦੂਨਿਸ) ਜੋ ਕਿ ਸੀਰੀਆ ਦੇ ਸੰਸਾਰ ਪ੍ਰਸਿੱਧ ਸਾਹਿਤਕਾਰ ਹਨ, ਉਹਨਾਂ ਦੀ ਕਹੀ ਗੱਲ ਨੂੰ ਦੁਹਰਾਉਂਦਾ ਹੈ, 'ਇਹ ਇੱਕ ਈਸ਼ਵਰਵਾਦ ਹੈ? ਕੀ ਇਹੋ ਨਾ ਕਿ ਮੇਰਾ ਪੈਗੰਬਰ ਹੀ ਆਖਰੀ ਪੈਗੰਬਰ ਹੈ। ਜਿੰਨੇ ਵੀ ਇੱਕ ਈਸ਼ਵਰਵਾਦੀ ਧਰਮ ਹਨ, ਉਹ ਇਸੇ ਗੱਲ ਨੂੰ ਦੁਹਰਾਉਂਦੇ ਹਨ।

ਦੂਸਰੀ ਗੱਲ ਉਹ ਕਹਿੰਦੇ ਹਨ ਕਿ ਇਸ ਪੈਗੰਬਰ ਨੇ ਜੋ ਕਹਿ ਦਿੱਤਾ ਹੈ, ਉਹ ਹੀ ਆਖਰੀ ਸੱਤ ਹੈ। ਤੀਸਰੀ ਗੱਲ ਉਹ ਕਹਿੰਦੇ ਹਨ ਕਿ ਮੇਰੇ ਪਿੱਛੋਂ ਹੁਣ ਦੂਸਰਾ ਕੋਈ ਪੈਗੰਬਰ ਨਹੀਂ ਹੋਵੇਗਾ। ਇਹ ਦਾ ਮਤਲਬ ਇਹ ਹੈ ਕਿ ਹੁਣ ਈਸ਼ਵਰ ਨੇ ਕੁਝ ਵੀ ਨਹੀਂ ਕਹਿਣਾ ਕਿਉਂਕੇ ਉਹਨੇ ਆਪਣੇ ਆਖਰੀ ਪੈਗੰਬਰ ਰਾਹੀਂ ਆਪਣੀ ਆਖਰੀ ਗੱਲ ਕਹਿ ਦਿੱਤੀ ਹੈ।

ਲੇਖਿਕਾ ਨੇ ਯੋਗ ਵਿੱਦਿਆ ਦੇ ਅਸਲ ਰਚਨਹਾਰ ਰਿਸ਼ੀ ਕਪਿਲ ਮੁਨੀ ਸਨ' ਨਿਬੰਧ ਵਿੱਚ ਖੋਜ ਭਰਪੂਰ ਜਾਣਕਾਰੀ ਦਿੱਤੀ ਹੈ ਕਿ ਕਪਿਲ ਮੁਨੀ ਦਾ ਸਾਂਖਿਆ ਦਰਸ਼ਨ ਹੀ ਯੋਗ ਸੂਤਰ ਦੀ ਨੀਂਹ ਹੈ। ਇਸ ਕਿਤਾਬ ਦੇ ਸਾਰੇ ਹੀ ਨਿਬੰਧ ਗਿਆਨ ਅਤੇ ਸਮਾਜਿਕ ਸੇਧ ਪੱਖੋਂ ਬਹੁਤ ਹੀ ਕੀਮਤੀ ਹਨ।

ਕਲਮਦਾਨ ਵੱਲੋਂ ਲਿਖੀ ਕਿਤਾਬ ਸੀਤੋ ਫੌਜਣ ਇੱਕ ਕਹਾਣੀ ਸੰਗ੍ਰਹਿ ਹੈ। ਕਿਤਾਬ ਦੀ ਪਹਿਲੀ ਲੰਮੀ ਕਹਾਣੀ ਸੀਤੋ ਫੌਜਣ ਉੱਪਰ ਹੀ ਕਿਤਾਬ ਦਾ ਨਾਮ ਕਰਨ ਹੋਇਆ ਹੈ। ਡਾ. ਤੇਜਵੰਤ ਮਾਨ ਨੇ ਇਸ ਕਹਾਣੀ ਬਾਰੇ ਲਿਖਿਆ ਹੈ। ਸੀਤੋ ਫੌਜਣ ਇਸਤਰੀ ਸ਼ਕਤੀ ਦੀ ਮਹੱਤਤਾ ਅਤੇ ਪ-ਹਚਾਣ ਨੂੰ ਬਲ ਦੇਣ ਵਾਲੀ ਕਹਾਣੀ ਹੈ। ਅਜਿਹੀ ਕਹਾਣੀ ਦੀ ਸਿਰਜਣਾ ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਇੱਕ ਸਾਹਿਤਕ ਮੀਲ ਪੱਥਰ ਹੈਂ ਕਿਤਾਬ ਵਿੱਚ 'ਸੁ-ਨਹਿਰੀ ਕਿਰਨਾਂ' ਨਾਂ ਦੀ ਕਹਾਣੀ, ਸਦੀਆਂ ਤੋਂ ਚੱਲੀ ਆ ਰਹੀ ਰੱਬ ਦੇ ਨਿਰਗੁਣ ਜਾਂ ਸਰਗੁਣ ਹੋਣ ਦੀ ਬਹਿਸ ਨੂੰ ਬੜੇ ਹੀ ਰੋਚਕ ਅਤੇ ਤਰਕਸ਼ੀਲ ਢੰਗ ਨਾਲ਼ ਪੇਸ਼ ਕਰਦੀ ਹੈ। ਕਿਤਾਬ ਦੀਆਂ ਸਾਰੀਆਂ ਹੀ ਕਹਾਣੀਆਂ ਸੁਨਿਹਰੀ ਕਿਰਨਾਂ ਛੱਡਦੀਆਂ ਪ੍ਰਤੀਤ ਹੁੰਦੀਆਂ ਹਨ। ਮੈਂ ਸਾਹਿਤ ਜਗਤ ਵਿੱਚ ਦਮਯੰਤੀ ਜੋੜੀ ਦੀਆਂ ਚਾਰੇ ਕਿਤਾਬਾਂ ਦਾ ਸੁਆਗਤ ਕਰਦਾ ਹਾਂ।



ਡਾ. ਅਮਰ ਕੋਮਲ
91-84378-73565

ਚਾਰੇ ਕਿਤਾਬਾਂ ਸਾਹਿਤ ਦੇ ਇਤਿਹਾਸ ਜਗਤ ਦਾ ਅਨਿੱਖੜਵਾਂ ਅੰਗ ਅਤੇ ਸਾਂਭਣ ਯੋਗ ਹਨ। ਇਸ ਦਮਯੰਤੀ ਲੇਖਕ ਜੋੜੀ ਦੀਆਂ ਕ੍ਰਿਤਾਂ ਪੰਜਾਬੀ, ਹਿੰਦੀ ਅਤੇ ਅੰਗਰੇਜੀ ਦੇ ਦੇਸ਼ ਵਿਚਲੇ ਅਤੇ ਦੇਸ਼ ਤੋਂ ਬਾਹਰ ਪੰਜਾਬੀ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਅਕਸਰ ਛਪਦੀਆਂ ਰਹਿੰਦੀਆਂ ਹਨ। ਪ੍ਰਿੰਸੀਪਲ ਪ੍ਰੇਮਲਤਾ ਦਾ ਛਪਿਆ ਲੇਖ 'ਭਾਰਤ ਦੀਆਂ ਦੋਵੇਂ ਵੈਕਸੀਨਜ਼ ਅੰਮ੍ਰਿਤ ਦੀਆਂ ਬੂੰਦਾਂ' ਤੋਂ ਪਤਾ ਚੱਲਦਾ ਹੈ ਕਿ ਇਹ ਜੋੜੀ ਵਿਗਿਆਨਕ ਤੌਰ ਤੇ ਵੀ ਪੂਰੀ ਤਰਾਂ ਸੁਚੇਤ ਹੈ।

ਇੱਕ ਆਦਰਸ਼ ਦਮਯੰਤੀ ਜੋੜੀ ਹੋਣਾ ਜੀਵਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਆਪਣੀ ਆਤਮ ਕਥਾ, 'ਮੇਰੀ ਜੀਵਨ ਕਹਾਣੀ' ਵਿੱਚ ਆਪਣੀ ਪਤਨੀ ਜੀਤਾਂ ਦੇ ਨਾਂ, ਇੱਕ ਪਾਠ ਦਰਜ ਕੀਤਾ ਹੈ। ਗੁਰਮੁੱਖ ਮੁਸਾਫਿਰ ਘਰ ਦੇ ਮਹੌਲ ਨੂੰ ਖੁਸ਼ਗਵਾਰ ਬਣਾਉਣ ਲਈ ਹਰ ਰੋਜ਼ ਸਵੇਰੇ ਉੱਠ ਕੇ ਕਹਿੰਦਾ ਸੀ, 'ਜਿਉਂਦੀ ਰਹੇ ਮੇਰੇ ਬੱਚਿਆਂ ਦੀ ਮਾਂ, ਜਦ ਤੱਕ ਰਾਵੀ ਅਤੇ ਝਨਾਅ।

ਗੁਰੂ ਗਰੰਥ ਸਾਹਿਬ ਵਿੱਚ ਦਮਯੰਤੀ ਜੋੜੀ ਲਈ ਕਿਹਾ ਗਿਆ ਹੈ, ਇੱਕ ਜੋਤ ਦੋਏ ਮੂਰਤੀ। ਅੰਗਰੇਜ਼ੀ ਵਿੱਚ ਪਤਨੀ ਨੂੰ ਬੈਟਰ ਹਾਫ ਦਾ ਦਰਜਾ ਦਿੱਤਾ ਗਿਆ ਹੈ। ਸੰਸਕ੍ਰਿਤ ਵਿੱਚ ਪਤੀ ਪਤਨੀ ਦੀ ਜੋੜੀ ਨੂੰ ਦਮਯੰਤੀ ਜੋੜੀ ਕਿਹਾ ਗਿਆ ਹੈ। ਹੀਰ-ਰਾਂਝਾ, ਸੱਸੀ-ਪੁੰਨੂੰ ਅਤੇ ਮਿਰਜਾ-ਸਾਹਿਬਾ ਭਾਵੇਂ ਅਮਲੀ ਤੌਰ ਤੇ ਪਤੀ-ਪਤਨੀ ਨਹੀਂ ਬਣ ਸਕੇ ਪਰ ਉਹਨਾਂ ਦੇ ਪਿਆਰ ਬੰਧਨ ਹੀ ਐਨੇ ਪਵਿੱਤਰ ਸਿੱਧ ਹੋਏ ਕਿ ਲੋਕਾਈ ਨੇ ਇਹਨਾਂ ਨੂੰ ਆਦਰਸ਼ ਜੋੜੀਆਂ ਦੇ ਰੂਪ ਵਿੱਚ ਮਾਨਤਾ ਦੇ ਦਿੱਤੀ ਅਤੇ ਅੱਜ ਉਹਨਾਂ ਦੇ ਜੀਵਨ ਉੱਪਰ ਉੱਚ ਕੋਟੀ ਦੇ ਸਾਹਿਤ ਦੀ ਰਚਨਾ ਸੰਭਵ ਹੋਈ ਹੈ।

ਆਉਣ ਵਾਲੇ ਸਮੇਂ ਵਿੱਚ ਪ੍ਰਿੰਸੀਪਲ ਪ੍ਰੇਮਲਤਾ ਅਤੇ ਅਮਰ ਗਰਗ ਕਲਮਦਾਨ ਦੀ ਦਮਯੰਤੀ ਜੋੜੀ ਸਾਹਿਤ ਜਗਤ ਵਿੱਚ ਆਪਣੀਆਂ ਦੁਰੇਡੀਆਂ ਪੈੜਾਂ ਪਾਵੇਗੀ। ਅੱਜ ਅਜਿਹੀਆਂ ਸੱਚੀਆਂ ਕਲਮਾਂ ਦੀ ਸਮਾਜ ਨੂੰ ਬਹੁਤ ਜ਼ਰੂਰਤ ਹੈ।

# ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਦੀ 10ਵੀਂ ਬਰਸੀ ਮੌਕੇ ਸ਼ਰਧਾਂਜਲੀ ਸਮਾਰੋਹ

**ਹੁਸ਼ਿਆਰਪੁਰ (ਬਿਊਰੋ-** ਅੱਜ ਇੱਥੇ ਸਾਹਿਤ ਸਦਨ ਹੁਸ਼ਿਆਰਪੁਰ ਵੱਲੋਂ ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਦੀ 10ਵੀਂ ਬਰਸੀ ਮੌਕੇ ਇਕ ਸ਼ਰਧਾਂਜਲੀ ਸਮਾਰੋਹ ਸ਼ਿਵਨਾਮਦੇਵ ਆਪਣਾ ਘਰ ਹਰਦੋਖਾਨਪੁਰ ਵਿਖੇ ਕੀਤਾ ਗਿਆ। ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਪਿਛਲੇ ਪੰਜ ਦਹਾਕਿਆਂ ਤੋਂ ਪੰਜਾਬੀ ਅਤੇ ਹਿੰਦੀ ਸਾਹਿਤ ਸਿਰਜਣ ਦੇ ਕਾਰਜ ਵਿੱਚ ਜੁਟੇ ਹੋਏ ਸਨ, ਉਹ 21 ਕਹਾਣੀ ਸੰਗ੍ਰਹਿ ਅਤੇ ਦਰਜਨ ਦੇ ਕਰੀਬ ਨਾਵਲਾਂ ਦੀ ਰਚਨਾ ਕਰਕੇ ਪ੍ਰਵੀਨ ਗਲਪਕਾਰ ਦੇ ਤੌਰ ਤੇ ਸਾਹਿਤ ਜਗਤ ਵਿੱਚ ਸਥਾਪਤ ਹੋਏ। ਉਹਨਾਂ 7 ਵਾਰਤਕ ਪੁਸਤਕਾਂ ਜਿਹਨਾਂ ਵਿੱਚ ਜੀਵਨੀਆਂ, ਲਲਿਤ ਨਿਬੰਧ, ਯਾਤਰਾ, ਯਾਦਾਂ, ਰੇਖਾDELਚਿੱਤਰ ਅਤੇ ਵਿਲੱਖਣ ਜਾਣਕਾਰੀ ਭਰਪੂਰ ਨਿਬੰਧ ਆਦਿ ਲਿਖੇ। ਉਹ ਅੱਧੀ ਦਰਜਨ ਨਾਟਕਾਂ ਤੋਂ ਇਲਾਵਾ ਬਾਲ ਸਾਹਿਤ ਦੀ ਰਚਨਾ ਕਰਨ ਵਾਲੇ ਇਕ ਕਲਮ ਸਾਧਕ ਸਨ।




ਅੱਜ ਦੇ ਸ਼ਰਧਾਂਜਲੀ ਸਮਾਗਮ ਵਿੱਚ ਪ੍ਰੋਫੈਸਰ ਪ੍ਰਿਤਪਾਲ ਸਿੰਘ ਮਹਿਰੋਕ ਅਤੇ ਪ੍ਰੋਫੈਸਰ ਵਿਰਦੀ ਦੇ ਪੁੱਤਰ ਸਰਬਜੀਤ ਸਿੰਘ, ਪੰਮੀ ਖੁਸ਼ਹਾਲਪੁਰੀ, ਆਦਿ ਨੇ ਆੱਨਲਾਈਨ ਹਾਜ਼ਰੀ ਲਗਵਾਈ ਅਤੇ ਸਾਹਿਤਕਾਰ ਜਸਵੀਰ ਧੀਮਾਨ, ਡਾਕਟਰ ਮਨਮੋਹਨ ਸਿੰਘ ਦਰਦੀ, ਸੁਰਿੰਦਰ ਕੰਗਵੀ, ਕਲਾਕਾਰ ਤਰਨ ਭਾਰਧਵਾਦ, ਨਜ਼ਦੀਕੀ ਸਚਦੇਵ ਸਿੰਘ ਬਰਿਆਮ, ਨਾਟਕਕਾਰ ਅਸ਼ੋਕ ਪੁਰੀ ਅਤੇ ਸ਼ਿਵਨਾਮਦੇਵ ਆਪਣਾ ਘਰ ਦੇ ਸੰਚਾਲਕ ਨਰਿੰਦਰ ਸਿੰਘ ਜੱਸਲ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਤੇ ਨਰਿੰਦਰ ਸਿੰਘ ਜੱਸਲ ਨੇ ਦੱਸਿਆ ਕਿ ਇਕ ਬੁੱਧੀਜੀਵੀ ਸਾਹਿਤਕਾਰ ਸਮਾਜ ਦਾ ਵਧੀਆ ਚਿਤਰਨ ਕਰਦਾ ਹੈ ਅਤੇ ਸਮਾਜ ਸੁਧਾਰ ਦੀਆਂ ਲਹਿਰਾਂ ਨੂੰ ਸਿਰਜਦਾ ਹੈ। ਇਸ ਉਪਰੰਤ ਜਸਵੀਰ ਧੀਮਾਨ ਨੇ ਦੱਸਿਆ ਕਿ ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਨੇ ਆਪਣੇ ਜੀਵਨ ਕਾਲ ਵਿੱਚ ਸਮਾਜ ਦੇ ਅਣਗੌਲੇ ਅਤੇ ਸਾਹਿਤ ਦੇ ਵਿਦਿਆਰਥੀਆਂ ਨੂੰ ਉੱਚ ਕੋਟੀ ਦੇ ਸਿਧਾਂਤਾ ਨਾਲ ਜੋੜਿਆ ਹੈ। ਸੁਰਿੰਦਰ ਕੰਗਵੀ ਨੇ ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਜੀ ਵੱਲੋਂ ਕਾਲਜ ਦੇ ਵਿਦਿਆਰਥੀਆਂ ਨੂੰ ਜੀਵਨ ਦੀਆਂ ਘਟਨਾਵਾਂ ਨਾਲ ਜੋੜ ਕੇ ਸਿਧਾਂਤਕ ਜਾਣਕਾਰੀ ਨਾਲ ਜੋੜਿਆ ਹੈ।

ਇਸ ਮੌਕੇ ਤੇ ਪ੍ਰੋਫੈਸਰ ਪ੍ਰਿਤਪਾਲ ਮਹਿਰੋਕ ਨੇ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ ਉਹ ਪ੍ਰਬੁੱਧ ਸਾਹਿਤਕਾਰੀ, ਲਾਸਾਨੀ ਸ਼ਖਸੀਅਤ ਦੇ ਮਾਲਕ ਤੇ ਮਿਹਨਤ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਦੇ ਪਰੇਰਨਾ ਸਰੋਤ ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਦੀ 10ਵੀਂ ਬਰਸੀ ਦੇ ਮੌਕੇ ਤੇ ਉਹਨਾਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹਨ । ਇਸ ਮੌਕੇ ਤੇ ਉਹਨਾਂ ਦੇ ਪੁੱਤਰ ਸਰਦਾਰ ਸਰਬਜੀਤ ਸਿੰਘ ਨੇ ਕਿਹਾ ਕਿ ਇਹ ਸਾਹਿਤ ਸਦਨ ਹੁਸ਼ਿਆਰਪੁਰ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਆਖਿਆ ਕਿ ਅਸ਼ੋਕ ਪੁਰੀ ਨੇ ਇਹ ਦੱਸ ਦਿੱਤਾ ਹੈ ਕਿ ਸਾਹਿਤਿਕ ਧਰੋਹਰ ਨੂੰ ਕਿਵੇਂ ਜ਼ਿੰਦਾ ਰੱਖਿਆ ਜਾ ਸਕਦਾ ਹੈ, ਇਹ ਸਾਹਿਤ ਸਦਨ ਤੋਂ ਸਿੱਖਣ ਦੀ ਜ਼ਰੂਰਤ ਹੈ।

ਇਸ ਮੌਕੇ ਤੇ ਡਾਕਟਰ ਮਨਮੋਹਨ ਸਿੰਘ ਦਰਦੀ ਨੇ ਸ਼ਰਧਾਂਜਲੀ ਦਿੰਦੇ ਹੋਏ ਆਖਿਆ ਕਿ ਪ੍ਰੋਫੈਸਰ ਵਿਰਦੀ ਜੀ ਦੀ ਦੇਣ ਨੂੰ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਸਮਾਗਮ ਦੇ ਅਖੀਰ ਵਿੱਚ ਨਾਟਕਕਾਰ ਅਸ਼ੋਕ ਪੁਰੀ ਨੇ ਦੱਸਿਆ ਕਿ ਜਲਦੀ ਹੀ ਪ੍ਰੋਫੈਸਰ ਜਸਵੰਤ ਸਿੰਘ ਵਿਰਦੀ ਦੀ ਗਲਪ ਚੇਤਨਾ ਉਪਰ ਇਕ ਪੁਸਤਕ ਤਿਆਰ ਕੀਤੀ ਜਾਵੇਗੀ।




## ਪ੍ਰਿੰ.ਸਤਵੰਤ ਕੌਰ ਕਲੋਟੀ ਦੀ ਦੂਜੀ ਪੁਸਤਕ 'ਦਸ ਦਿਸ਼ਾਵਾਂ ਵਿਚੋਂ ਲੜੀਵਾਰ

# ਅਣਗੌਲ਼ੀਆਂ ਵਿਗਿਆਨਕ ਨਾਇਕਾਵਾਂ

## ਏਮਲਾ ਸੋਹੋਨੀ (Kamala Sohonie) (1912-1998)



ਪ੍ਰਿੰ. ਸਤਵੰਤ ਕੌਰ ਕਲੋਟੀ

**ਜਾਣ-ਪਹਿਚਾਣ**

ਸੰਨ 1912 ਵਿੱਚ ਮੁੰਬਈ ਵਿਚ ਜਨਮੀ ਕਮਲਾ ਸੋਹੋਨੀ ਇੱਕ ਜੀਵ-ਰਸਾਇਣ ਵਿਗਿਆਨੀ (Biochemist) ਸੀ ਜੋ ਲਿੰਗ ਵਿਤਕਰੇ ਖਿਲਾਫ਼ ਲੜਦਿਆਂ ਵਿਗਿਆਨ ਦੇ ਖੇਤਰ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ। ਉਸ ਨੇ ਪਿੰਡਾਂ ਦੇ ਗਰੀਬ ਲੋਕਾਂ ਦੁਆਰਾ ਖਾਧੇ ਜਾਣ ਵਾਲੇ ਮੁੱਖ ਖਾਧ ਪਦਾਰਥਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਦੇ ਪੋਸ਼ਕ ਮੁੱਲ ਤੈਅ ਕੀਤੇ। ਨੀਰਾ (ਪਾਅਮ ਨੈਕਟਾਰ) ਉੱਤੇ ਕੀਤੇ ਗਏ ਖੋਜ-ਕਾਰਜ ਬਦਲੇ ਉਸ ਨੂੰ ਰਾਸ਼ਟਰਪਤੀ ਐਵਾਰਡ ਪ੍ਰਦਾਨ ਕੀਤਾ ਗਿਆ। ਬੀ.ਐਸਸੀ (B.Sc.) ਅਤੇ ਐਮ.ਐਸਸੀ. (M.Sc.) ਦੀ ਡਿਗਰੀ ਉਸਨੇ ਬੰਬਈ ਯੂਨੀਵਰਸਿਟੀ ਤੋਂ ਹਾਸਿਲ ਕੀਤੀ ਜਦਕਿ ਪੀ-ਐੱਚ.ਡੀ. (Ph.D.) ਦੀ ਡਿਗਰੀ ਕੈਂਬਰਿਜ ਯੂਨੀਵਰਸਿਟੀ ਇੰਗਲੈਂਡ ਤੋਂ ਹਾਸਿਲ ਕੀਤੀ। ਉਹ ਲੇਡੀ ਹਾਰਡਿੰਗ ਮੈਡੀਕਲ ਕਾਲਜ ਦਿੱਲੀ ਦੇ ਜੈਵ-ਰਸਾਇਣ ਵਿਭਾਗ (Biochemistry Deptt.) ਦੀ ਮੁਖੀ ਅਤੇ ਨਿਊਟ੍ਰੀਸ਼ਨ ਰੀਸਰਚ ਲੈਬ (Nutrition Research Lab) : ਕੂੰਨੂਰ ਵਿੱਚ ਅਸਿਸਟੈਂਟ ਡਾਇਰੈਕਟਰ ਰਹੀ। ਅੰਤ ਉਸ ਨੇ ਰਾਇਲ ਇੰਸਟੀਚਿਊਟ ਆਫ਼ ਸਾਇੰਸ, ਬੰਬਈ ਦੀ ਡਾਇਰੈਕਟਰ ਬਣ ਕੇ ਇਤਿਹਾਸ ਸਿਰਜਿਆ।

ਉਹ ਕੰਜ਼ਿਊਮਰ ਗਾਈਡੈਂਸ ਸੋਸਾਇਟੀ ਆਫ਼ ਇੰਡੀਆ (Consumer Guidance Society of India) (CGSI) ਦੀ ਪ੍ਰੈਜ਼ੀਡੈਂਟ ਵੀ ਰਹੀ। ਉਸ ਨੇ ਵਿਗਿਆਨਕ ਨਿਬੰਧਾਂ ਤੋਂ ਇਲਾਵਾ ਮਰਾਠੀ ਭਾਸ਼ਾ ਵਿੱਚ ਕਈ ਕਿਤਾਬਾਂ ਅਤੇ ਕਈ ਹੋਰ ਪੇਪਰ ਵੀ ਲਿਖੇ। 1998 ਈ. ਵਿੱਚ 86 ਸਾਲ ਦੀ ਉਮਰ ਵਿੱਚ ਉਹ ਰੱਬ ਨੂੰ ਪਿਆਰੀ ਹੋ ਗਈ।

# ਵਿਗਿਆਨ 'ਚ ਪੀਐੱਚਡੀ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ-ਕਮਲਾ ਸੋਹੋਨੀ



ਕਮਲਾ ਦਾ ਜਨਮ 1912 ਈ. ਵਿੱਚ ਮੁੰਬਈ ਦੇ ਇੱਕ ਪੜ੍ਹੇ-ਲਿਖੇ ਭਾਗਵਤ ਪਰਿਵਾਰ ਵਿੱਚ ਹੋਇਆ ਜੋ ਕਿ ਇੱਕ ਇੱਜ਼ਤਦਾਰ ਪਰਿਵਾਰ ਸੀ। ਕਮਲਾ ਦੇ ਪਿਤਾ ਸ਼੍ਰੀ ਨਾਰਾਇਣਰਾਓ ਭਾਗਵਤ ਤੇ ਉਨਾਂ ਦੇ ਭਰਾ ਸ਼੍ਰੀ ਮਾਧਵਰਾਓ ਇੰਸਟੀਚਿਊਟ ਆਫ਼ ਸਾਇੰਸ (Indian Institute of Science) (IISc) ਬੰਗਲੌਰ ਤੋਂ ਰਸਾਇਣ ਵਿਗਿਆਨ ਵਿੱਚ ਗ੍ਰੈਜੂਏਸ਼ਨ ਕਰਨ ਵਾਲੇ ਮੁਢਲੇ ਵਿਦਿਆਰਥੀਆਂ ਵਿੱਚੋਂ ਸਨ। ਇਸ ਕਰਕੇ ਵਿਗਿਆਨ ਵਿਸ਼ਾ ਪੜ੍ਹਨ ਦੀ ਪ੍ਰੇਰਣਾ ਕਮਲਾ ਨੂੰ ਬਚਪਨ ਵਿੱਚ ਪਰਿਵਾਰ ਵਿੱਚੋਂ ਹੀ ਮਿਲ ਗਈ ਸੀ। ਪਰਿਵਾਰ ਦੇ ਲੋਕ ਕਮਲਾ ਨੂੰ ਵਿਗਿਆਨੀ ਬਣਾਉਣਾ ਚਾਹੁੰਦੇ ਸਨ।

ਕਮਲਾ ਨੇ ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਵਿਸ਼ਿਆਂ ਨਾਲ ਬੀ.ਐਸਸੀ. ਦੀ ਡਿਗਰੀ ਮੁੰਬਈ ਯੂਨੀਵਰਸਿਟੀ ਵਿੱਚੋਂ ਅੱਵਲ ਰਹਿ ਕੇ ਕੀਤੀ। ਇਸ ਕਰਕੇ ਉਸ ਨੂੰ ਜਾਪਦਾ ਸੀ ਕਿ ਉਸ ਨੂੰ ਬੰਗਲੌਰ ਦੇ ਇੰਡੀਅਨ ਇੰਸਟੀ-ਚਿਊਟ ਆਫ਼ ਸਾਇੰਸ ਵਿਖੇ ਐਮ.ਐਸਸੀ. ਪ੍ਰੋਗਰਾਮ ਵਿੱਚ ਅਸਾਨੀ ਨਾਲ ਦਾਖ਼ਲਾ ਮਿਲ ਜਾਵੇਗਾ। ਪ੍ਰੰਤੂ ਇੰਝ ਨਹੀਂ ਹੋਇਆ। ਉਸ ਨੂੰ ਉੱਥੇ ਦਾਖ਼ਲਾ ਲੈਣ ਲਈ ਬੜੀ ਜੱਦੋ-ਜਹਿਦ ਕਰਨੀ ਪਈ। ਉਸ ਸਮੇਂ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਬੰਗਲੌਰ ਦੇ ਡਾਇਰੈਕਟਰ ਨੋਬਲ ਪੁਰਸਕਾਰ ਵਿਜੇਤਾ ਸਰ ਸੀ.ਵੀ. ਰਮਨ ਸਨ। ਉਹ ਇਸ ਇੰਸਟੀਚਿਊਟ ਅਤੇ ਰਮਨ ਰੀਸਰਚ ਇੰਸਟੀਚਿਊਟ ਦੋਵਾਂ ਦੇ ਸੰਸਥਾਪਕ ਵੀ ਸਨ। ਜਦੋਂ ਕਮਲਾ ਨੇ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਐਮ.ਐਸਸੀ. ਵਿੱਚ ਦਾਖ਼ਲਾ ਲੈਣ ਲਈ ਅਰਜ਼ੀ ਦਿੱਤੀ ਤਾਂ ਡਾ. ਰਮਨ ਨੇ ਤੁਰੰਤ ਰੱਦ ਕਰ ਦਿੱਤੀ। ਕਾਰਣ ਕੇਵਲ ਇਹ, ਕਿ ਕਮਲਾ ਇੱਕ ਲੜਕੀ ਸੀ। ਡਾ. ਰਮਨ ਨੇ ਕਿਹਾ ਕਿ ਉਹ ਆਪਣੇ ਇੰਸਟੀਚਿਊਟ ਵਿੱਚ ਕਿਸੇ ਵੀ ਲੜਕੀ ਨੂੰ ਦਾਖ਼ਲਾ ਨਹੀਂ ਦੇਣਗੇ। ਪ੍ਰੰਤੂ ਕਮਲਾ ਕਿੱਥੇ ਹਾਰ ਮੰਨਣ ਵਾਲੀ ਸੀ। ਉਹ ਤਾਂ ਕਿਸੇ ਹੋਰ ਹੀ ਮਿੱਟੀ ਦੀ ਬਣੀ ਹੋਈ ਸੀ। ਉਸ ਨੇ ਡਾ. ਰਮਨ ਦੇ ਫ਼ੈਸਲੇ ਦਾ ਡੱਟ ਕੇ ਵਿਰੋਧ ਕੀਤਾ। ਉਹ ਡਾ. ਰਮਨ ਦੇ ਦਫ਼ਤਰ ਸਾਹਮਣੇ ਸੱਤਿਆਗ੍ਰਹਿ ਤੇ ਬੈਠ ਗਈ ਤੇ ਆਪਣਾ ਅਕਾਦਮਿਕ ਰਿਕਾਰਡ ਵਧੀਆ ਹੋਣ ਦੇ ਬਾਵਜੂਦ ਦਾਖ਼ਲਾ ਦੇਣ ਤੋਂ ਮਨ੍ਹਾਂ ਕੀਤੇ ਜਾਣ ਦੀ ਵਜ੍ਹਾ ਦੱਸੇ ਜਾਣ ਦੀ ਜ਼ਿੱਦ ਕਰਨ ਲੱਗੀ। ਕੋਈ ਠੋਸ ਤਰਕ ਨਾ ਹੋਣ ਕਰਕੇ ਡਾ. ਰਮਨ ਨੂੰ ਆਪਣਾ ਫ਼ੈਸਲਾ ਬਦਲਣਾ ਪਿਆ। ਉਹ ਉਸ ਨੂੰ ਦਾਖ਼ਲਾ ਦੇਣ ਲਈ ਸਹਿਮਤ ਤਾਂ ਹੋ ਗਏ ਪ੍ਰੰਤੂ ਕੁਝ ਅਪਮਾਨਜਨਕ ਸ਼ਰਤਾਂ ਵੀ ਰੱਖ ਦਿੱਤੀਆਂ। ਇਹ ਸ਼ਰਤਾਂ ਸਨ: (1) ਕਮਲਾ ਇੱਕ ਰੈਗੂਲਰ ਵਿਦਿਆਰਥਣ ਨਾ ਹੋ ਕੇ ਪਰਖ ਸਮੇਂ ਵਿੱਚ ਰਹੇਗੀ। ਉਸ ਦਾ ਫਾਈਨਲ ਦਾਖ਼ਲਾ ਇਸ ਗੱਲ ਤੇ ਨਿਰਭਰ ਕਰੇਗਾ ਕਿ ਉਸਦੀ ਇੱਕ ਸਾਲ ਦੀ ਕਾਰਗੁਜ਼ਾਰੀ ਤੋਂ ਡਾਇਰੈਕਟਰ ਸੰਤੁਸ਼ਟ ਹੁੰਦਾ ਹੈ ਜਾਂ ਨਹੀਂ। (2) ਉਸ ਨੂੰ ਆਪਣੇ ਗਾਈਡ ਦੀ ਨਿਗਰਾਨੀ ਵਿੱਚ ਰਾਤਾਂ ਨੂੰ ਵੀ ਦੇਰ ਤੱਕ ਕੰਮ ਕਰਨਾ ਪਵੇਗਾ। (3) ਕਮਲਾ ਦੀ ਮੌਜੂਦਗੀ ਉਸ ਦੇ ਨਾਲ ਰੀਸਰਚ ਕਰਨ ਵਾਲੇ ਹੋਰ ਮਰਦਾਂ ਦਾ ਧਿਆਨ ਕੰਮ ਤੋਂ ਭਟਕਾਵੇਗੀ ਨਹੀਂ। ਇਸ ਗੱਲ ਤੋਂ ਕਮਲਾ ਨੂੰ ਡੂੰਘੀ ਚੋਟ ਪਹੁੰਚੀ। ਉਹ ਦੜ ਵੱਟ ਕੇ ਇਹ ਅਪਮਾਨ ਸਹਿ ਗਈ ਅਤੇ ਉਸ ਨੇ ਸਾਰੀਆਂ ਸ਼ਰਤਾਂ ਕਬੂਲ ਕਰ ਲਈਆਂ। ਪ੍ਰੰਤੂ ਇਸ ਅਪਮਾਨ ਨੂੰ ਉਹ ਕਦੇ ਨਾ ਭੁੱਲ ਸਕੀ। ਕਈ ਸਾਲਾਂ ਬਾਅਦ 1997 ਈ. ਵਿੱਚ ਭਾਬਾ ਐਟੋਮਿਕ ਰੀਸਰਚ ਸੈਂਟਰ ਵਿੱਚ ਇੰਡੀਅਨ ਵੂਮੈਨ ਸਾਇੰਟਿਸਟਸ ਐਸੋਸੀਏਸ਼ਨ ਦੁਆਰਾ ਆਯੋਜਿਤ ਇੱਕ ਸਨਮਾਨ ਸਮਾਰੋਹ ਦੌਰਾਨ ਉਸ ਨੇ ਜਨਤਕ ਤੌਰ ਤੇ ਕਿਹਾ, "ਭਾਵੇਂ ਰਮਨ ਇੱਕ ਮਹਾਨ ਵਿਗਿਆਨੀ ਸਨ, ਪ੍ਰੰਤੂ ਉਹ ਬਹੁਤ ਸੌੜੀ ਸੋਚ ਦੇ ਮਾਲਕ ਸਨ। ਸਿਰਫ਼ ਇਸ ਕਰਕੇ ਕਿ ਮੈਂ ਇੱਕ ਔਰਤ ਸੀ, ਉਨ੍ਹਾਂ ਨੇ ਜੋ ਸਲੂਕ ਮੇਰੇ ਨਾਲ ਕੀਤਾ, ਮੈਂ ਕਦੇ ਭੁੱਲ ਨਹੀਂ ਸਕਦੀ। ਇਹ ਮੇਰਾ ਘੋਰ ਅਪਮਾਨ ਸੀ। ਉਸ ਸਮੇਂ ਔਰਤਾਂ ਪ੍ਰਤੀ ਐਨਾ ਪੱਖਪਾਤ ਸੀ! ਕੀ ਆਸ ਕੀਤੀ ਜਾ ਸਕਦੀ ਹੈ ਜੇ ਇੱਕ ਨੋਬਲ ਪੁਰਸਕਾਰ ਵਿਜੇਤਾ ਵੀ ਇਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ?"

ਚਲੋ ਜਿਵੇਂ-ਕਿਵੇਂ ਵੀ ਉਸ ਨੂੰ ਦਾਖ਼ਲਾ ਤਾਂ ਮਿਲ ਗਿਆ, ਹੁਣ ਉਸ ਨੂੰ ਆਪਣੇ-ਆਪ ਨੂੰ ਸਾਬਿਤ ਕਰਨਾ ਪੈਣਾ ਸੀ। ਗਾਈਡ ਸ਼੍ਰੀ ਸ਼੍ਰੀਨਿਵਾਸਿਆ ਦੀ ਨਿਗਰਾਨੀ ਹੇਠ ਉਸ ਨੇ ਸਖ਼ਤ ਮਿਹਨਤ ਕੀਤੀ। ਸ਼੍ਰੀ ਸ਼੍ਰੀਨਿਵਾਸਿਆ ਬਹੁਤ ਸਖ਼ਤ ਸੁਭਾਅ ਦਾ ਮਾਲਿਕ ਸੀ ਪ੍ਰੰਤੂ ਯੋਗ ਵਿਦਿਆਰਥੀਆਂ ਨੂੰ ਸਿਖਾਉਣ ਲਈ ਉਹ ਹਮੇਸ਼ਾ ਤੱਤਪਰ ਰਹਿੰਦਾ ਸੀ। ਇੱਕ ਸਾਲ ਦੀ ਘੋਖ-ਪਰਖ ਤੋਂ ਬਾਅਦ ਡਾ. ਰਮਨ ਕਮਲਾ ਦੀ ਗੰਭੀਰਤਾ ਅਤੇ ਅਨੁਸ਼ਾਸਨ ਤੋਂ ਸੰਤੁਸ਼ਟ ਹੋ ਗਏ। ਉਸ ਨੂੰ ਬਾਇਓਕੈਮਿਸਟਰੀ ਦੀ ਰੈਗੂਲਰ ਰੀਸਰਚ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ। ਇਸ ਤੋਂ ਬਾਅਦ ਡਾ. ਰਮਨ ਨੇ ਆਪਣੇ ਇੰਸਟੀਚਿਊਟ ਵਿੱਚ ਮਹਿਲਾਵਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਕਰ ਦਿੱਤਾ। ਇਹ ਕਮਲਾ ਦੀ ਇੱਕ ਬਹੁਤ ਵੱਡੀ ਜਿੱਤ ਸੀ। ਉਸ ਦੇ ਸੰਘਰਸ਼ ਨੇ ਹੋਰ ਮਹਿਲਾ ਵਿਗਿਆਨੀਆਂ ਲਈ ਰਾਹ ਪੱਧਰੇ ਕਰ ਦਿੱਤੇ ਸਨ।



ਕਮਲਾ ਸੋਹੋਨੀ ਕੈਂਬਰਿਜ ਯੂਨੀਵਰਸਿਟੀ, ਇੰਗਲੈਂਡ ਵਿਖੇ

ਸ਼੍ਰੀ ਸ਼੍ਰੀਨਿਵਾਸਿਆ ਦਾ ਕਮਲਾ ਉੱਤੇ ਗਹਿਰਾ ਪ੍ਰਭਾਵ ਸੀ। ਉਹ ਉਸ ਨੂੰ ਬਾਇਓਕੈਮਿਸਟਰੀ ਦੇ ਹੋਰ ਵੱਡੇ ਮਾਹਿਰਾਂ ਦੇ ਕੰਮਾਂ ਬਾਰੇ ਜਾਨਣ ਅਤੇ ਪੱਤਰ-ਵਿਹਾਰ ਰਾਹੀਂ ਉਨ੍ਹਾਂ ਨਾਲ ਰਾਬਤਾ ਕਾਇਮ ਕਰਨ ਲਈ ਵੀ ਉਤਸ਼ਾਹਿਤ ਕਰਦਾ ਸੀ। ਇੱਥੇ ਕਮਲਾ ਨੇ ਦੁੱਧ, ਦਾਲਾਂ ਅਤੇ ਫ਼ਲੀਆਂ ਵਿੱਚ ਮੌਜੂਦ ਪ੍ਰੋਟੀਨ ਉੱਤੇ ਖੋਜ ਕਾਰਜ ਕੀਤਾ। ਪੋਸ਼ਣ ਸਬੰਧੀ ਭਾਰਤੀ ਪ੍ਰੰਪਰਾਵਾਂ ਵਿੱਚ ਇਸ ਖੋਜ ਕਾਰਜ ਦਾ ਬਹੁਤ ਮਹੱਤਵ ਰਿਹਾ। ਇਹ ਪਦਾਰਥ ਭਾਰਤ ਦੇ ਪਿੰਡਾਂ ਵਿੱਚ ਲੋਕਾਂ ਦੇ ਖਾਣੇ ਵਿੱਚ ਸ਼ਾਮਿਲ ਮੁੱਖ ਖਾਧ-ਪਦਾਰਥ ਸਨ ਜਿਨ੍ਹਾਂ ਦੇ ਉਸ ਨੇ ਪੋਸ਼ਕ ਮੁੱਲ ਤੈਅ ਕੀਤੇ। 1936 ਈ. ਵਿੱਚ ਦਾਲਾਂ ਦੀ ਪ੍ਰੋਟੀਨ ਉੱਤੇ ਖੋਜ ਕਾਰਜ ਕਰਨ ਵਾਲੀ ਉਹ ਪਹਿਲੀ ਸ਼ਖ਼ਸੀਅਤ ਬਣੀ ਜੋ ਉਸ ਸਮੇਂ ਕੇਵਲ ਗ੍ਰੈਜੂਏਟ ਸੀ। ਉਸ ਨੇ ਆਪਣੀ ਖੋਜ ਦੀ ਰਿਪੋਰਟ ਮੁੰਬਈ ਯੂਨੀਵਰਸਿਟੀ ਨੂੰ ਜਮ੍ਹਾਂ ਕਰਵਾਈ ਜਿਸ ਤੇ ਉਸ ਨੂੰ ਐਮ.ਐਸਸੀ. ਦੀ ਡਿਗਰੀ ਹਾਸਿਲ ਹੋਈ।

ਤਦ ਉਹ ਅਗਲੇਰੀ ਪੜ੍ਹਾਈ ਲਈ ਇੰਗਲੈਂਡ ਚਲੀ ਗਈ। ਉੱਥੇ ਪਹਿਲਾਂ ਉਸਨੇ ਡਾ. ਡੈਰਿਕ ਰਿਕਟਰ ਦੀ ਪ੍ਰਯੋਗਸ਼ਾਲਾ ਵਿੱਚ ਕੰਮ ਕੀਤਾ। ਡਾ. ਰਿਕਟਰ ਨੇ ਉਸ ਨੂੰ ਦਿਨ ਵੇਲੇ ਕੰਮ ਕਰਨ ਲਈ ਇੱਕ ਫਾਲਤੂ ਮੇਜ਼ ਦੇ ਰੱਖਿਆ ਸੀ, ਜਿਸ ਉੱਤੇ ਉਹਦੇ ਜਾਣ ਤੋਂ ਬਾਅਦ ਉਹ ਆਪ ਸੌਂਦਾ ਸੀ। ਜਦੋਂ ਡਾ. ਰਿਕਟਰ ਕਿਤੇ ਹੋਰ ਜਾ ਕੇ ਕੰਮ ਕਰਨ ਲੱਗਾ ਤਾਂ ਕਮਲਾ ਡਾ. ਰੌਬਿਨ ਹਿੱਲ ਦੇ ਅਧੀਨ ਕੰਮ ਕਰਨ ਲੱਗ ਪਈ। ਡਾ. ਰੌਬਿਨ ਹਿੱਲ ਅਜਿਹੀ ਹੀ ਰੀਸਰਚ ਪੌਦਾ ਟਿਸ਼ੂ 'ਤੇ ਕਰ ਰਿਹਾ ਸੀ। ਇੱਥੇ ਆਲੂਆਂ ਦਾ ਅਧਿਐਨ ਕਰਦੇ ਹੋਏ ਕਮਲਾ ਨੇ ਇਹ ਖੋਜਿਆ ਕਿ ਪੌਦਾ ਟਿਸ਼ੂ ਦੇ ਹਰ ਸੈੱਲ ਵਿੱਚ 'ਸਾਈਟੋਕ੍ਰੋਮ ਸੀ' ਨਾਂ ਦਾ ਇੱਕ ਐਨਜ਼ਾਈਮ ਹੁੰਦਾ ਹੈ ਜੋ ਸਾਰੇ ਪੌਦਾ ਸੈੱਲਾਂ ਦੀ ਆਕਸੀਕਰਨ ਕਿਰਿਆ ਵਿੱਚ ਸ਼ਾਮਿਲ ਹੁੰਦਾ ਹੈ। ਇਹ ਇੱਕ ਮੌਲਿਕ ਖੋਜ ਸੀ ਜੋ ਸਮੁੱਚੇ ਪੌਦਾ ਜਗਤ ਉੱਤੇ ਲਾਗੂ ਹੁੰਦੀ ਸੀ।

ਵੱਡੇ ਮਾਹਿਰਾਂ ਨਾਲ ਕੰਮ ਕਰਨ ਦਾ ਉਸ ਦਾ ਸੁਪਨਾ ਜਲਦੀ ਹੀ ਪੂਰਾ ਹੋ ਗਿਆ ਜਦੋਂ ਉਸ ਨੂੰ ਦੋ ਸਕਾਲਰਸ਼ਿਪ ਪ੍ਰਾਪਤ ਹੋਏ। ਪਹਿਲਾ ਸਕਾਲਰਸ਼ਿਪ ਕੈਂਬਰਿਜ ਯੂਨੀਵਰਸਿਟੀ ਦੇ ਸਰ ਵਿਲੀਅਮ ਡੰਨ ਇੰਸਟੀਚਿਊਟ ਆਫ਼ ਬਾਇਓਕੈਮਿਸਟਰੀ ਵਿੱਚ ਨੋਬਲ ਪੁਰਸਕਾਰ ਵਿਜੇਤਾ ਪ੍ਰੋ. ਫਰੈਡਰਿਕ ਹੌਪਕਿਨਜ਼ ਨਾਲ ਰੀਸਰਚ ਵਰਕ ਕਰਨ ਦਾ ਮੌਕਾ ਮਿਲਣਾ ਸੀ। ਇੱਥੇ ਉਸ ਨੇ ਜੈਵਿਕ ਆਕਸੀਕਰਨ ਅਤੇ ਲਘੂਕਰਨ ਵਿਸ਼ਿਆਂ ਉੱਤੇ ਕੰਮ ਕੀਤਾ। ਦੂਸਰਾ ਸਕਾਲਰਸ਼ਿਪ ਅਮੈਰੀਕਨ ਫੈਡਰੇਸ਼ਨ ਆਫ਼ ਯੂਨੀਵਰਸਿਟੀ ਵੂਮੈਨ ਦੀ ਇੱਕ ਟ੍ਰੈਵਲਿੰਗ ਫੈਲੋਸ਼ਿਪ ਸੀ ਜਿਸ ਨਾਲ ਉਸ ਨੂੰ ਉੱਘੇ ਵਿਗਿਆਨੀਆਂ ਨੂੰ ਮਿਲਣ ਦੇ ਅਵਸਰ ਹਾਸਿਲ ਹੋਏ।

ਉਸ ਨੇ ਪੌਦਾ ਟਿਸ਼ੂਆਂ ਦੀ ਸਾਹ ਕਿਰਿਆ ਵਿੱਚ 'ਸਾਈਟੋਕ੍ਰੋਮ ਸੀ' ਨਾਂ ਦੇ ਐਨਜ਼ਾਈਮ ਦੀ ਆਪਣੀ ਖੋਜ ਉੱਤੇ ਚਾਨਣਾ ਪਾਉਂਦਾ ਇੱਕ ਛੋਟਾ ਜਿਹਾ ਥੀਸਿਸ ਲਿਖਿਆ ਅਤੇ ਪੀਐੱਚ.ਡੀ. ਦੀ ਡਿਗਰੀ ਵਾਸਤੇ ਕੈਂਬਰਿਜ ਯੂਨੀਵਰਸਿਟੀ ਨੂੰ ਭੇਜ ਦਿੱਤਾ। ਉਸ ਦਾ ਇਹ ਰੀਸਰਚ ਵਰਕ ਅਤੇ ਥੀਸਿਸ, ਦੋਵੇਂ ਉਸ ਦੇ ਕੈਂਬਰਿਜ ਯੂਨੀਵਰਸਿਟੀ ਵਿੱਚ ਪਹੁੰਚਣ ਤੋਂ ਬਾਅਦ 14 ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਮੁਕੰਮਲ ਹੋ ਗਏ ਸਨ। ਇਹ ਟਾਈਪ ਕੀਤੇ ਹੋਏ ਕੇਵਲ 40 ਪੰਨਿਆਂ ਦਾ ਥੀਸਿਸ ਸੀ। ਕਈਆਂ ਦੇ ਥੀਸਿਸ ਵਿੱਚ ਤਾਂ ਹਜ਼ਾਰ ਤੋਂ ਵੀ ਵਧੇਰੇ ਪੰਨੇ ਹੁੰਦੇ ਸਨ।

ਇਸ ਖੋਜ ਵਾਸਤੇ ਉਸ ਨੂੰ ਕੈਂਬਰਿਜ ਯੂਨੀਵਰਸਿਟੀ ਵਲੋਂ ਪੀਐੱਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ। ਵਿਗਿਆਨ ਦੇ ਖੇਤਰ ਵਿੱਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਕਰਨ ਵਾਲੀ ਉਹ ਪਹਿਲੀ ਭਾਰਤੀ ਮਹਿਲਾ ਬਣੀ। ਕੈਂਬਰਿਜ ਯੂਨੀਵਰਸਿਟੀ ਵਿੱਚ ਕਮਲਾ ਨੇ ਆਨੰਦਮਈ ਸਮਾਂ ਬਤੀਤ ਕੀਤਾ। ਉਸ ਦੇ ਸਾਰੇ ਅਧਿਆਪਕ ਅਤੇ ਦੋਸਤ ਕਾਫ਼ੀ ਸਹਿਯੋਗ ਦੇਣ ਵਾਲੇ ਸਨ ਅਤੇ ਉੱਥੋਂ ਦਾ ਮਾਹੌਲ ਰੀਸਰਚ ਵਾਸਤੇ ਬਹੁਤ ਸੁਖਾਵਾਂ ਸੀ। ਇਹ ਪੀਰੀਅਡ ਸ਼ਾਇਦ ਕਮਲਾ ਦੇ ਅਕਾਦਮਿਕ ਕੈਰੀਅਰ ਦਾ ਸੁਨਹਿਰਾ ਪੀਰੀਅਡ ਸੀ। ਪੀਐੱਚ.ਡੀ. ਕਰਨ ਉਪਰੰਤ ਉਹ ਭਾਰਤ ਵਾਪਿਸ ਆ ਗਈ। ਉਸ ਦੇ ਪੁੱਤਰ ਅਨਿਲ ਅਨੁਸਾਰ ਉਹ ਦੇਸ਼ਭਗਤ ਸੀ ਅਤੇ ਅਸਲ ਵਿੱਚ ਉਹ ਆਜ਼ਾਦੀ ਦੀ ਲਹਿਰ ਵਿੱਚ ਆਪਣਾ ਯੋਗਦਾਨ ਪਾਉਣ ਲਈ ਭਾਰਤ ਵਾਪਿਸ ਆਈ ਸੀ। ਉਹ ਮਹਾਤਮਾ ਗਾਂਧੀ ਤੋਂ ਬਹੁਤ ਪ੍ਰਭਾਵਿਤ ਸੀ।

ਭਾਰਤ ਵਾਪਿਸ ਆ ਕੇ 1939 ਈ. ਵਿੱਚ ਉਸ ਨੇ ਦਿੱਲੀ ਦੇ ਲੇਡੀ ਹਾਰਡਿੰਗ ਮੈਡੀਕਲ ਕਾਲਜ ਵਿੱਚ ਨਵੇਂ ਸਥਾਪਿਤ ਹੋਏ।

ਜੈਵ-ਰਸਾਇਣ ਵਿਭਾਗ ਵਿੱਚ ਪ੍ਰੋਫ਼ੈਸਰ ਅਤੇ ਵਿਭਾਗ ਦੀ ਮੁਖੀ ਵਜੋਂ ਕੰਮ ਕਰਨਾ ਸ਼ੁਰੂ ਕੀਤਾ। ਬਾਅਦ ਵਿੱਚ ਉਸ ਨੇ ਨਿਊਟ੍ਰੀਸ਼ਨ ਰੀਸਰਚ ਲੈਬ ਕੂੰਨੂਰ ਵਿੱਚ ਵੀ ਬਤੌਰ ਅਸਿਸਟੈਂਟ ਡਾਇਰੈਕਟਰ ਕੰਮ ਕੀਤਾ। ਉੱਥੇ ਉਸ ਨੇ ਵਿਟਾਮਿਨਾਂ ਦੀ ਭੂਮਿਕਾ ਉੱਤੇ ਮਹੱਤਵਪੂਰਣ ਖੋਜ ਕਾਰਜ ਕੀਤਾ। ਉਸ ਨੇ ਕੁੱਝ ਰੀਸਰਚ ਪੇਪਰ ਲਿਖੇ ਜੋ ਕਈ ਜਰਨਲਾਂ ਵਿੱਚ ਪ੍ਰਕਾਸ਼ਿਤ ਹੋਏ। ਪ੍ਰੰਤੂ ਉੱਥੇ ਉਸਨੂੰ ਆਪਣੇ ਕੈਰੀਅਰ ਦੀ ਤਰੱਕੀ ਲਈ ਰਾਹ ਪੱਧਰੇ ਨਜ਼ਰ ਨਹੀਂ ਆਉਂਦੇ ਸਨ, ਇਸ ਕਰਕੇ ਉਸ ਨੇ ਇੱਥੋਂ ਅਸਤੀਫ਼ਾ ਦੇਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਉਦੋਂ ਕੁ ਹੀ ਉਸ ਨੂੰ ਐਮ.ਵੀ. ਸੋਹੋਨੀ ਜੋ ਪੇਸ਼ੇ ਵਜੋਂ ਮੁਣਸ਼ੀ ਸੀ, ਵਲੋਂ ਵਿਆਹ ਦਾ ਪ੍ਰਸਤਾਵ ਆਇਆ ਜੋ ਉਸ ਨੇ ਸਵੀਕਾਰ ਕਰ ਲਿਆ। 1947 ਵਿੱਚ ਉਹ ਵਿਆਹ ਕਰਵਾ ਕੇ ਕਮਲਾ ਭਾਗਵਤ ਤੋਂ ਕਮਲਾ ਸੋਹੋਨੀ ਬਣ ਗਈ ਅਤੇ ਮੁੰਬਈ ਆ ਗਈ। ਉਨ੍ਹਾਂ ਦੇ ਦੋ ਪੁੱਤਰ ਅਨਿਲ ਅਤੇ ਜੈਯੰਤ ਹੋਏ। ਬੰਬਈ ਵਿਖੇ ਨਵੇਂ ਸਥਾਪਿਤ ਹੋਏ ਜੈਵ-ਰਸਾਇਣ ਵਿਭਾਗ ਵਿੱਚ ਪ੍ਰੋਫ਼ੈਸਰ ਦੀ ਅਸਾਮੀ ਲਈ ਅਰਜ਼ੀਆਂ ਮੰਗੀਆਂ। ਕਮਲਾ ਨੇ ਅਰਜ਼ੀ ਦੇ ਦਿੱਤੀ ਅਤੇ ਚੁਣੀ ਗਈ। ਇੱਥੇ ਉਸ ਨੇ ਆਪਣੇ ਵਿਦਿਆਰਥੀਆਂ ਦੇ ਨਾਲ ਪਿੰਡਾਂ ਦੇ ਗਰੀਬ ਲੋਕਾਂ ਦੁਆਰਾ ਖਾਧੇ ਜਾਣ ਵਾਲੇ ਮੁੱਖ ਪਦਾਰਥਾਂ ਜਿਵੇਂ ਨੀਰਾ, ਦਾਲਾਂ, ਫ਼ਲੀਆਂ ਅਤੇ ਧਾਨ ਦੇ ਆਟੇ ਦਾ ਵੀ ਪੌਸ਼ਟਿਕਤਾ ਪੱਖੋਂ ਡੂੰਘਾ ਅਧਿਐਨ ਕੀਤਾ। ਨੀਰਾ ਇੱਕ ਪੇਯ ਪਦਾਰਥ ਹੈ ਜੋ ਤਾੜ ਦੇ ਦਰੱਖਤ ਦੇ ਰਸ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਨੂੰ ਮਿੱਠੀ ਤਾੜੀ ਜਾਂ ਪਾਅਮ ਨੈਕਟਾਰ ਵੀ ਕਿਹਾ ਜਾਂਦਾ ਹੈ। ਇਹ ਆਪਣੇ ਉੱਚ ਪੌਸ਼ਟਿਕ ਮੁੱਲ ਕਰਕੇ ਜਾਣਿਆ ਜਾਂਦਾ ਹੈ।

ਕਮਲਾ ਦੀ ਰੀਸਰਚ ਦੇ ਸਾਰੇ ਵਿਸ਼ੇ ਭਾਰਤ ਦੀਆਂ ਸਮਾਜਿਕ ਲੋੜਾਂ ਨਾਲ ਜੁੜੇ ਹੋਏ ਸਨ। ਨੀਰਾ ਉੱਤੇ ਰੀਸਰਚ ਉਸ ਨੇ ਉਸ ਸਮੇਂ ਦੇ ਭਾਰਤ ਦੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦਿ ਵਲੋਂ ਸੁਝਾਅ ਦਿੱਤੇ ਜਾਣ ਤੇ ਸ਼ੁਰੂ ਕੀਤੀ ਸੀ। ਉਹ ਆਪਣੇ ਵਿਦਿਆਰਥੀਆਂ ਨੂੰ ਵੀ ਸਾਰਥਕ ਖੋਜਕਾਰਜ ਕਰਨ ਲਈ ਪ੍ਰੇਰਦੀ ਸੀ। ਨੀਰਾ ਉੱਤੇ ਉਸ ਦੁਆਰਾ ਆਪਣੇ ਵਿਦਿਆਰਥੀਆਂ ਪਾਸੋਂ ਕਰਵਾਏ ਗਏ ਖੋਜਕਾਰਜ ਤੋਂ ਇਹ ਸਾਬਿਤ ਹੋ ਗਿਆ ਕਿ ਕਬੀਲਿਆਂ ਦੇ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਅਤੇ ਗਰਭਵਤੀ ਮਾਵਾਂ ਦੀ ਖੁਰਾਕ ਵਿੱਚ ਨੀਰਾ ਸ਼ਾਮਿਲ ਕਰਨ ਤੇ ਉਨ੍ਹਾਂ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਆਇਆਸੀ। ਉਸ ਦੁਆਰਾ ਆਪਣੇ ਵਿਦਿਆਰਥੀਆਂ ਦੇ ਵੱਖ-ਵੱਖ ਬੈਚਾਂ ਪਾਸੋਂ ਦੇਸ਼ ਭਰ ਵਿੱਚੋਂ ਲਏ ਗਏ ਨੀਰਾ ਦੇ ਨਮੂਨਿਆਂ ਉੱਤੇ ਖੋਜਕਾਰਜ ਕਰਵਾਇਆ ਗਿਆ।

ਇਹ ਪ੍ਰਕਿਰਿਆ 10-12 ਸਾਲ ਚੱਲਦੀ ਰਹੀ ਅਤੇ ਹਮੇਸ਼ਾ ਉਹੀ ਸਿੱਟੇ ਬਰਕਰਾਰ ਰਹੇ। ਕਮਲਾ ਸੋਹੋਨੀ ਨੂੰ ਇਸ

**(ਬਾਕੀ ਅਗਲੇ ਸਫੇ 'ਤੇ)**

# ਵਿਗਿਆਨ 'ਚ ਪੀਐੱਚਡੀ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ-ਕਮਲਾ ਸੋਹੋਨੀ


1940ਵੀਆਂ ਦੌਰਾਨ ਕਮਲਾ ਸੋਹੋਨੀ ਨਿਊਟ੍ਰੀਸ਼ਨ ਲੈਬੋਰਟਰੀ ਕੂੰਨੂਰ ਵਿਖੇ


ਕਮਲਾ ਸੋਹੋਨੀ ਆਪਣੇ ਪਤੀ ਐਮ.ਵੀ. ਸੋਹੋਨੀ ਨਾਲ


ਕਮਲਾ ਸੋਹੋਨੀ ਆਪਣੇ ਪੁੱਤਰਾਂ ਅਨਿਲ ਤੇ ਜੈਯੰਤ ਨਾਲ

(ਸਫਾ 28 ਦੀ ਬਾਕੀ)

ਖੋਜਕਾਰਜ ਲਈ ਰਾਸ਼ਟਰਪਤੀ ਐਵਾਰਡ ਦੇ ਕੇ ਨਿਵਾਜਿਆ ਗਿਆ। ਇਸ ਸੰਸਥਾ ਵਿੱਚ ਕਮਲਾ ਆਪਣੇ ਖੋਜ-ਕਾਰਜ ਤੋਂ ਤਾਂ ਖ਼ੁਸ਼ ਸੀ, ਪ੍ਰੰਤੂ ਇੱਥੋਂ ਦੀ ਸਿਆਸਤ ਅਤੇ ਈਰਖਾ ਤੋਂ ਪ੍ਰੇਸ਼ਾਨ ਸੀ। ਉਸ ਨੂੰ ਕਈ ਸਾਲਾਂ ਤੱਕ ਡਾਇਰੈਕਟਰ ਦੇ ਅਹੁਦੇ ਤੋਂ ਵਾਂਝਾ ਰੱਖਿਆ ਗਿਆ ਜਿਸ ਦੀ ਉਹ ਹੱਕਦਾਰ ਸੀ। ਆਖ਼ਿਰਕਾਰ ਜਦੋਂ ਉਸ ਨੂੰ ਇਹ ਅਹੁਦਾ ਹਾਸਿਲ ਹੋਇਆ ਤਾਂ ਕੈਂਬਰਿਜ ਯੂਨੀਵਰਸਿਟੀ ਵਿੱਚ ਉਸ ਦੇ ਪਹਿਲੇ ਗਾਈਡ ਰਹਿ ਚੁੱਕੇ ਡਾ. ਡੈਰਿਕ ਰਿਕਟਰ ਨੇ ਟਿੱਪਣੀ ਕੀਤੀ, "ਐਡੀ ਵੱਡੀ ਸੰਸਥਾ ਦੀ ਡਾਇਰੈਕਟਰ ਹੋ ਕੇ ਉਸ ਨੇ ਇਤਿਹਾਸ ਰਚਿਆ ਹੈ"।

ਕੰਜ਼ਿਊਮਰ ਗਾਈਡੈਂਸ ਸੋਸਾਇਟੀ ਆਫ਼ ਇੰਡੀਆ ਦੀ ਸਰਗਰਮ ਮੈਂਬਰ ਸੀ, ਜਿਸ ਵਿੱਚ ਉਸ ਨੇ ਬਹੁਤ ਉਤਸ਼ਾਹ ਨਾਲ ਕੰਮ ਕੀਤਾ। ਇਹ ਭਾਰਤ ਵਿੱਚ ਖਪਤਕਾਰਾਂ ਦੀ ਸਭ ਤੋਂ ਪਹਿਲੀ ਆਰਗੇਨਾਈਜੇਸ਼ਨ ਸੀ ਜਿਸ ਦੀ ਸਥਾਪਨਾ 1966 ਈ. ਵਿੱਚ 9 ਔਰਤਾਂ ਦੁਆਰਾ ਕੀਤੀ ਗਈ ਸੀ। ਸਾਲ 1982-83 ਦੌਰਾਨ ਕਮਲਾ ਇਸ ਸੰਸਥਾ ਦੀ ਪ੍ਰੈਜ਼ੀਡੈਂਟ ਰਹੀ। ਇਹ ਸੰਸਥਾ ਖਾਧ ਪਦਾਰਥਾਂ ਦੀ ਸ਼ੁੱਧਤਾ ਪਰਖਣ ਅਤੇ ਦੁਕਾਨਦਾਰਾਂ ਵਲੋਂ ਵਰਤੇ ਜਾਂਦੇ ਮਾਪ-ਤੋਲਾਂ ਨੂੰ ਚੈੱਕ ਕਰਨ ਵਰਗੀਆਂ ਗਤੀਵਿਧੀਆਂ ਕਰਵਾਉਂਦੀ ਹੈ। ਇਹ 'ਕੀਮਤ' ਨਾਂ ਦਾ ਇੱਕ ਰਸਾਲਾ ਵੀ ਛਾਪਦੀ ਹੈ। ਕਮਲਾ ਜੋ ਕਿ ਇੱਕ ਪ੍ਰਸਿੱਧ ਵਿਗਿਆਨਕ ਲੇਖਿਕਾ ਵੀ ਸੀ, ਨੇ ਵਿਗਿਆਨਕ ਨਿਬੰਧਾਂ ਤੋਂ ਇਲਾਵਾ 'ਕੀਮਤ' ਲਈ ਖਪਤਕਾਰਾਂ ਦੇ ਹੱਕਾਂ ਅਤੇ ਗਤੀਵਿਧੀਆਂ ਨਾਲ ਸਬੰਧਿਤ ਵੀ ਕਈ ਪੇਪਰ ਲਿਖੇ। ਉਸ ਨੇ ਨੌਜਵਾਨ ਵਿਦਿਆਰਥੀਆਂ ਲਈ ਮਰਾਠੀ ਭਾਸ਼ਾ ਵਿੱਚ ਕਈ ਕਿਤਾਬਾਂ ਵੀ ਲਿਖੀਆਂ। ਕਮਲਾ ਨੇ 'ਆਰੇ ਮਿਲਕ ਪ੍ਰੋਜੈਕਟ' ਦੇ ਪ੍ਰਬੰਧਕਾਂ ਨੂੰ ਵੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਤਾਕੀਦ ਕੀਤੀ। (ਆਰੇ ਮਿਲਕ ਕਲੋਨੀ) ਦੀ ਸਥਾਪਨਾ 1949 ਈ. ਵਿੱਚ ਕੀਤੀ ਗਈ ਜਿਸ ਵਿੱਚ ਬੰਬਈ ਨੇੜਲੇ 12 ਪਿੰਡ ਸ਼ਾਮਿਲ ਕੀਤੇ ਗਏ। 'ਸੈਂਟਰਲ ਡੇਅਰੀ ਆਰੇ' ਦਾ ਕੰਮ 'ਆਰੇ ਮਿਲਕ ਕਲੋਨੀ' ਵਿੱਚੋਂ ਇਕੱਠੇ ਕੀਤੇ ਗਏ ਦੁੱਧ ਦੀ ਪ੍ਰੋਸੈਸਿੰਗ ਅਤੇ ਪੈਕਿੰਗ ਕਰਨ ਉਪਰੰਤ ਸ਼ਹਿਰ ਦੇ ਖਪਤਕਾਰਾਂ ਤੱਕ ਪਹੁੰਚਾਉਣਾ ਸੀ।) ਆਪਣੀ ਮਰਜ਼ੀ ਨਾਲ ਚੁਣੇ ਖੇਤਰ ਵਿੱਚ ਇੱਕ ਵਿਗਿਆਨੀ ਅਤੇ ਅਧਿਆਪਕਾ ਦੋਵਾਂ ਵਜੋਂ ਉਹ ਪੂਰੀ ਤਰ੍ਹਾਂ ਕਾਮਯਾਬ ਰਹੀ। 1998 ਈ. ਵਿੱਚ ਇੰਡੀਅਨ ਕੌਂਸਿਲ ਆਫ਼ ਮੈਡੀਕਲ ਰੀਸਰਚ ਦੀ ਚੇਅਰਪਰਸਨ ਅਤੇ ਪਹਿਲੀ ਮਹਿਲਾ ਡਾਇਰੈਕਟਰ ਜਨਰਲ ਡਾ. ਜੀ.ਵੀ. ਸੱਤਿਆਵਤੀ ਨੇ ਕਮਲਾ ਸੋਹੋਨੀ ਦੇ ਕੰਮਾਂ ਵੱਲ ਦੇਖਦਿਆਂ ਉਸ ਨੂੰ ਨਵੀਂ ਦਿੱਲੀ ਵਿਖੇ ਆਮੰਤ੍ਰਿਤ ਕੀਤਾ ਅਤੇ ਇੱਕ ਬਹੁਤ ਸ਼ਾਨਦਾਰ ਸਮਾਰੋਹ ਵਿੱਚ ਉਸ ਨੂੰ ਸਨਮਾਨਿਤ ਕੀਤਾ। ਉਸ ਸਮੇਂ ਕਮਲਾ ਦੀ ਉਮਰ 86 ਸਾਲ ਸੀ। ਇਸ ਸਮਾਰੋਹ ਦੌਰਾਨ ਹੀ ਕਮਲਾ ਮੌਤ ਦੀ ਗੋਦ ਵਿੱਚ ਜਾ ਡਿਗੀ। ਭਾਰਤ ਨੇ ਇੱਕ ਕਮਾਲ ਦੀ ਮਹਿਲਾ ਵਿਗਿਆਨਕ ਗਵਾ ਲਈ ਜਿਸ ਨੇ ਆਪਣੀ ਸਾਰੀ ਜ਼ਿੰਦਗੀ ਵਿਗਿਆਨਕ ਖੋਜਾਂ ਦੇ ਲੇਖੇ ਲਾ ਦਿੱਤੀ।

ਹਵਾਲੇ:


1. Vasumati Dhuru, „The Scientist Lady – Kamala Sohonie, Lilavatis Daughters – The Women Scientsts of India, January 2014 Edition.
2. Dhrubajyoti Chattopadhyay, „Kamala Sohonie: First Indian Woman Ph.D. in Science, Science and Culture, May- June, 2015, Pages: 128-130.
3. Dr. Sukanya Datta, „The Glass Ceiling: The Why and The Therefore Vigyansagar, Government of India.
4. Arvind Gupta, „Kamala Sohonie, Bright Sparks: Inspiring Indian Scientists from the Past, A Publication of Indian National Science Academy. Pages: 115-118.
5. Megha Harish, University of Cambridge, „Presentation: Gender Imblance in STEM Studies . Pdf., www.clarehall.com.ac.uk.
6. Anirban Mitra, „The Life and Times of Kamala Bhagwat Sohonie , Resonance, April, 2016, Pages: 302-314.
7. dairy.maharashtra.gov.in.
8. cgsiindia.org.


# ਸਿੱਖਿਅਕ ਅਦਾਰਿਆਂ ਅੰਦਰ ਯੋਗ ਆਸਣ ਨੂੰ ਚੋਣਵੇ ਵਿਸ਼ੇ ਵਜੋਂ ਲਾਗੂ ਕਰੇ ਸਰਕਾਰ


ਰਾਜਿੰਦਰ ਸਿੰਘ ਰਾਜਨ
91-9417427656

ਯੋਗ ਆਸਣ ਭਾਰਤੀ ਕਸਰਤ ਦੀ ਇਕ ਪੁਰਾਣੀ ਵਿਧੀ ਹੈ ਇਹ ਵਿਧੀ ਸਰੀਰਕ ਬਨਾਵਟ ਦੇ ਅਨੁਕੂਲ ਹੈ ਅਤੇ ਪੂਰੇ ਤੌਰ ਤੇ ਵਿਗਿਆਨਕ ਹੈ। ਦੇਸ਼-ਵਿਦੇਸ਼ ਦੇ ਡਾਕਟਰਾਂ ਅਤੇ ਸਰੀਰਕ ਸਿੱਖਿਆ ਦੇ ਅਧਿਆਪਕਾਂ ਨੇ ਇਸ ਦੀ ਸ਼ਲਾਘਾ ਕੀਤੀ ਹੈ। ਵਿਦੇਸ਼ਾ ਵਿਚ ਇਹ ਕਸਰਤ ਵਿਧੀ ਬਹੁਤ ਹੀ ਹਰਮਨ ਪਿਆਰੀ ਤੇ ਪ੍ਰਚੱਲਿਤ ਹੋ ਗਈ ਹੈ ਅਤੇ ਦਿਨੋ-ਦਿਨ ਇਸ ਦਾ ਪ੍ਰਚਾਰ ਤੇ ਪ੍ਰਸਾਰ ਵਧ ਰਿਹਾ ਹੈ।

ਅਸਲ ਵਿੱਚ ਯੋਗ ਆਸਣ ਪ੍ਰਚੀਨ ਸਮੇਂ ਤੋਂ ਹੋਂਦ ਵਿਚ ਆਇਆ। ਪਹਿਲੇ ਪਹਿਲ ਇਹ ਆਸਣ ਕੇਵਲ ਯੋਗੀ ਹੀ ਕਰਿਆ ਕਰਦੇ ਸਨ ਪ੍ਰੰਤੂ ਬਦਲਦੇ ਸਮੇਂ ਦੀ ਰਫ਼ਤਾਰ ਨੇ ਆਖਿਰ ਸਾਬਤ ਕਰ ਦਿਤਾ ਕਿ ਅੱਜ ਯੋਗ ਆਸਣ ਕੇਵਲ ਯੋਗੀਆ ਲਈ ਹੀ ਨਹੀਂ ਬਲਕਿ ਸਧਾਰਨ ਲੋਕ ਵੀ ਯੋਗ ਆਸਣਾ ਰਾਹੀਂ ਸਿਹਤਮੰਦ ਸੁੰਦਰ ਅਤੇ ਤਾਕਤਵਰ ਬਣ ਸਕਦੇ ਹਨ।

ਯੋਗ ਸੰਸਕ੍ਰਿਤੀ ਦੇ ਸ਼ਬਦ 'ਯੁਜ' ਤੋਂ ਲਿਆ ਹੈ ਜਿਸ ਦਾ ਅਰਥ ਹੈ ਬੈਠਣਾ, ਜੋੜਨਾ, ਨਾਲ ਲਾਉਣਾ, ਆਪਣਾ ਧਿਆਨ ਇਕਾਗਰ ਕਰਨਾ ਅਤੇ ਨਿਰਦੇਸ਼ ਦੇਣਾ। ਇਸ ਤੋਂ ਇਲਾਵਾ ਏਕਤਾ ਅਤੇ ਸੰਗਤ ਵੀ ਇਸ ਦਾ ਭਾਵ ਦੱਸਿਆ ਜਾਂਦਾ ਹੈ। ਯੋਗ ਆਸਣਾ ਨੂੰ ਅਸੀਂ ਸਰੀਰ ਦੇ ਮਨ ਦਾ ਸੰਜੋਗ ਕਹਿ ਸਕਦੇ ਹਾਂ। ਰੋਗ ਮਨੁੱਖ ਦੇ ਗੁਣਾ-ਤਾਕਤਾਂ ਜਾਂ ਸ਼ਕਤੀਆਂ ਦਾ ਆਪਸ ਵਿਚ ਮਿਲਣਾ ਹੈ।

ਯੋਗ ਇਕ ਤਰੀਕਾ ਹੈ ਜਿਸ ਰਾਹੀਂ ਮਨੁੱਖ ਦੀਆਂ ਗੁੱਝੀਆਂ ਤਾਕਤਾਂ ਦਾ ਵਿਕਾਸ ਕੀਤਾ ਜਾਂਦਾ ਹੈ। ਯੋਗ ਧਰਮ ਦਰਸ਼ਨ ਮਨੋ ਵਿਗਿਆਨਿਕ ਅਤੇ ਸਰੀਰਕ ਸੱਭਿਅਤਾ ਦਾ ਇਕੱਠ ਹੈ। ਯੋਗ ਪ੍ਰਣਾਲੀ ਰਾਹੀ ਆਦਮੀ ਨੂੰ ਪੂਰਨ ਸਵੈ ਭਰੋਸਾ ਪ੍ਰਾਪਤ ਹੁੰਦਾ ਹੈ। ਯੋਗ ਦਾ ਮੰਤਵ ਸ਼ਰੀਰ ਨੂੰ ਲਚਕਦਾਰ, ਆਰੋਗ, ਜੋਸ਼ੀਲਾ ਤੇ ਜਿੰਦਗੀ ਦੀਆਂ ਆਮ ਜਰੂਰਤਾਂ ਤੋਂ ਜ਼ਿਆਦਾ ਸਿਹਤਮੰਦ ਰਖਣਾ ਹੈ। ਸਰੀਰ ਦੀ ਤੰਦਰੁਸਤੀ ਉਸ ਦੇ ਸਰੀਰ ਨੂੰ ਨਰੋਆ ਰੱਖਣ ਲਈ ਯੋਗ ਰਾਹੀ ਤਰੀਕਾ ਪਤੰਜਲੀ ਰਿਸ਼ੀ ਨੇ ਦੱਸਿਆ ਹੈ ਕੇ ਉਸ ਨੂੰ ਅਸਟਮ ਯੋਗ ਕਿਹਾ ਜਾਂਦਾ ਹੈ ਜਿਸ ਦੇ 8 ਅੰਗ ਦੱਸੇ ਗਏ ਹਨ ਜੋ ਯਗ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਰਨਾ, ਧਿਆਨ ਅਤੇ ਸਮਾਧੀ ਵਰਨਣਯੋਗ ਹਨ।

ਯਗ: ਅਨੁਸਾਸ਼ਨ ਦੇ ਉਹ ਸਾਧਨ ਹਨ ਜੋ ਮਨੁੱਖ ਦੇ ਮਨਾ ਪ੍ਰਤੀ ਸਬੰਧ ਰੱਖਦੇ ਹਨ

ਨਿਯਮ: ਉਹ ਢੰਗ ਜੋ ਮਨੁਖ ਦੇ ਸਰੀਰਕ ਅਨੁਸ਼ਾਸਨ ਨਾਲ ਸਬੰਧਤ ਹਨ।

ਆਸਣ: ਮਨੁੱਖੀ ਸਰੀਰ ਨੂੰ ਵੱਧ ਤੋਂ ਵੱਧ ਇੱਕ ਖਾਸ ਸਥਿਤੀ ਵਿਚ ਰੱਖਣ।

ਪ੍ਰਾਣਾਯਾਮ: ਇਕ ਸਥਿਰ ਜਗ੍ਹਾ ਤੇ ਬੈਠ ਕੇ ਕਿਸੇ ਖਾਸ ਵਿਧੀ ਰਾਹੀਂ ਸਾਹ ਨੂੰ ਬਾਹਰ ਕੱਢਣਾ ਅਤੇ ਅੰਦਰ ਰੁਝਾਣ ਦੀ ਕਿਰਿਆ ਹੈ ਪ੍ਰਣਯਾਮ।

ਪ੍ਰਤੀਹਾਰ: ਇਸ ਦਾ ਭਾਵ ਹੈ ਕਿ ਹੈ ਮਨ ਅਤੇ ਇੰਦਰੀਆਂ ਨੂੰ ਉਨ੍ਹਾਂ ਦੇ ਸੰਬੰਧਕ ਕਿਰਿਆ ਦੇ ਹਟਾਓ, ਪ੍ਰਮਾਤਮਾ ਵੱਲ ਲਗਾਉਣਾ ਹੈ।

ਧਾਰਨਾ: ਇਸ ਦਾ ਅਰਥ ਮਨ ਨੂੰ ਕਿਸੇ ਖਾਸ ਇਛਕ ਵਿਸ਼ੇ ਤੇ ਲਗਾਣਾ ਹੈ।

ਧਿਆਨ: ਇਸ ਵਿੱਚ ਮਨ ਦੁਨੀਆ ਦੀ ਭਟਕਣ ਤੋਂ ਉਪਰ ਉਠ ਜਾਂਦਾ ਹੈ ਅਤੇ ਆਪਣੇ ਆਪ ਵਿੱਚ ਅੰਤਰ ਧਿਆਨ ਹੋ ਜਾਂਦਾ ਹੈ।

ਸਮਾਧੀ: ਸਮਾਧੀ ਵੇਲੇ ਮਨੁੱਖ ਦੀ ਆਤਮਾ ਪ੍ਰਮਾਤਮਾ ਵਿਚ ਲੀਨ ਹੋ ਜਾਂਦੀ ਹੈ।

ਯੋਗ ਦੇ ਚਾਰ ਅੰਗ - ਯਗ,ਨਿਜ਼ਮ, ਆਸਣ, ਪ੍ਰਾਣਾਯਾਮ ਦਾ ਦੁਨਿਆਵੀ ਲੋਕ ਅਭਿਆਸ ਕਰ ਸਕਦੇ ਹਨ ਪ੍ਰੰਤੂ ਪ੍ਰਤੀਹਾਰ ਧਾਰਨਾ, ਧਿਆਨ ਅਤੇ ਸਮਾਧੀ ਦਾ ਅਭਿਆਸ ਜੋਗੀ, ਰਿਸ਼ੀ - ਮੁਨੀ ਕਰ ਸਕਦੇ ਹਨ।

ਵਜਰਾ ਆਸਣ, ਪਦਮ ਆਸਣ, ਮੁਰਦਾ ਆਸਣ (ਸਵ ਆਸਣ), ਭੁਜੰਗ ਆਸਣ, ਅਰਧ ਮਤਸਯੈਂਦਰ ਆਸਣ, ਧਨੁਰ ਆਸਣ, ਚੱਕਰ ਆਸਣ, ਸਰਵਾਂਗ ਆਸਣ, ਪਸਚਿਮੋਤਾਨ ਆਸਣ, ਉਸ਼ਤਰਾ ਆਸਣ, ਮਕਰ ਆਸਣ, ਵਜਰ ਆਸਣ, ਸੁੱਖ ਆਸਣ, ਸਿੱਧ ਆਸਣ ਆਦਿ ਆਮ ਲੋਕਾਂ ਵਿੱਚ ਪ੍ਰਚੱਲਿਤ ਹਨ ਜਿਨ੍ਹਾਂ ਨੂੰ ਬੱਚੇ ਅਤੇ ਨੌਜਵਾਨ ਆਸਾਨੀ ਨਾਲ ਕਰ ਸਕਦੇ ਹਨ।

ਇਹਨਾਂ ਸਾਰੇ ਆਸਨਾਂ ਨਾਲ ਵਧੀਆ ਸਿਹਤ ਅਤੇ ਸਰੀਰ ਦਾ ਚੰਹੂਪੱਖੀ ਵਿਕਾਸ ਤਾਂ ਹੁੰਦਾ ਹੀ ਹੈ ਦੂਸਰਾ ਸਰੀਰ ਲਚਕੀਲਾ ਅਤੇ ਮਾਨਸਿਕ ਸ਼ਕਤੀ ਨੂੰ ਵਧਾਉਂਦਾ ਹੈ, ਮਨੁੱਖ ਦੀਆ ਬਿਰਤੀਆਂ ਅਤੇ ਇੰਦਰਿਆਂ ਨੂੰ ਸਾਂਤ ਰੱਖਦੇ ਹਨ। ਇਸ ਤੋਂ ਇਲਾਵਾ ਇਹ ਆਸਣ ਪੇਟ ਦੀਆਂ ਅਨੇਕਾਂ ਬਿਮਾਰੀਆਂ ਨੂੰ ਦੂਰ ਕਰਦੇ ਹਨ ਓਥੇ ਕਬਜ਼, ਸ਼ੱਕਰ ਰੋਗ, ਪੇਟ ਵਿੱਚ ਗੈਸ ਸਮੱਸਿਆ ਦੀ ਪ੍ਰਕਿਰਿਆ ਨੂੰ ਸਹੀ ਰੱਖਦੇ ਹਨ ਅਤੇ ਦਿਲ ਦੇ ਰੋਗਾਂ, ਸਰੀਰਕ ਤਣਾਅ ਨੂੰ ਦੂਰ ਕਰਦੇ ਹਨ।


ਹਰ ਖਿਡਾਰੀ ਅਗਰ ਬਾਸਕਟਬਾਲ, ਵਾਲੀਬਾਲ, ਜਿਮਨਾਸਟਿਕ, ਖੋਹ-ਖੋਹ, ਹਾਕੀ, ਫੁੱਟਬਾਲ, ਟੇਬਲ ਟੈਨਿਸ, ਐਥਲੈਟਿਕਸ ਆਦਿ ਕਿਸੇ ਵੀ ਖੇਡ ਪ੍ਰੈਕਟਿਸ ਤੋਂ ਬਾਅਦ ਯੋਗ ਆਸਣ ਕਰੇ ਤਾਂ ਯਕੀਨਨ ਥੱਕਿਆ ਟੁੱਟਿਆ ਸਰੀਰ ਰਿਲੈਕਸ ਹੋਵੇਗਾ।

ਆਖ਼ਰ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਯੋਗ ਵਿਗਿਆਨ ਦੀ ਉਹ ਬੂੰਦਾ ਹੈ ਜਿਸ ਦੀ ਇਕ ਬੂੰਦ ਵਿਚ ਰੋਗ ਮਿਟਾਉਣ ਦੀ ਸਮਰੱਥਾ ਮੌਜੂਦ ਹੈ ਅਤੇ ਤੁਹਾਡੀਆਂ ਚਿੰਤਾਵਾਂ, ਘਬਰਾਹਟ, ਪ੍ਰੇਸਾਨੀਆ ਸਭ ਦਾ ਪੂਰਨ ਇਲਾਜ ਹੈ ਯੋਗ ਸਾਧਨਾ।

ਭਾਵੇਂ ਸਰਕਾਰ ਹਰ ਸਾਲ ਅੰਤਰਰਾਸ਼ਟਰੀ ਯੋਗ ਦਿਵਸ ਮਨਾਕੇ ਖਾਨਾ ਪੂਰਤੀ ਕਰ ਲੈਂਦੀ ਹੈ ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ ਅਜੇ ਤੱਕ ਸਰਕਾਰ ਨੇ ਯੋਗ ਦੀ ਮਹੱਤਤਾ ਨੂੰ ਦੇਖਦਿਆ ਸਿੱਖਿਅਕ ਅਦਾਰਿਆਂ ਅੰਦਰ ਯੋਗ ਆਸਣ ਨੂੰ ਚੋਣਵੇ ਵਿਸ਼ੇ ਵਜੋਂ ਲਾਗੂ ਨਹੀਂ ਕੀਤਾ। ਕੀ ਸਰਕਾਰ ਇਸ ਪਾਸੇ ਪਹਿਲ ਦੇ ਆਧਾਰ ਤੇ ਢੁਕਵੇਂ ਕਦਮ ਚੁੱਕੇਗੀ --!







# ਸਿਵਲ ਸੇਵਾਵਾ {ਯੂ.ਪੀ.ਐਸ.ਸੀ} ਦੀ ਪ੍ਰੀਖਿਆ ਵਿਚ ਚੰਗੇ ਜਵਾਬ ਕਿਵੇਂ ਲਿਖਣੇ ਹਨ?



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸਿਵਲ ਸੇਵਾਵਾਂ ਦੀ ਮੁੱਖ ਪ੍ਰੀਖਿਆ ਸਿਰਫ ਉਮੀਦਵਾਰਾਂ ਦੇ ਗਿਆਨ ਦੀ ਪ੍ਰੀ-ਖਿਆ ਨਹੀਂ ਹੈ। ਇਹ ਸੀਮਤ ਸਮੇਂ ਵਿਚ ਵਧੀਆ ਢਾਂਚੇ ਦੇ ਜਵਾਬ ਲਿਖਣ ਦੀ ਉਨ੍ਹਾਂ ਦੀ ਯੋਗਤਾ ਦੀ ਵੀ ਪਰਖ ਕਰਦਾ ਹੈ. 'ਚੰਗਾ' ਯਾਨੀ ਯੂ ਪੀ ਐਸ ਸੀ ਦੀ ਪ੍ਰੀਖਿਆ ਵਿਚ ਜਵਾਬ ਪ੍ਰਾਪਤ ਕਰਨ ਦੇ ਨਿਸ਼ਾਨ ਲਿਖਣਾ ਕੋਈ ਅਜਿਹੀ ਚੀਜ ਨਹੀਂ ਜਿਹੜੀ ਬਹੁਤੇ ਉਮੀਦਵਾਰਾਂ ਲਈ ਕੁਦਰਤੀ ਤੌਰ ਤੇ ਆਉਂਦੀ ਹੈ. ਲਿਖਣ ਲਈ ਸੁਭਾਅ ਵਾਲੇ ਵੀ ਨਹੀਂ. ਚੰਗੇ ਜਵਾਬ ਲਿਖਣ ਦੀ ਯੋਗਤਾ ਨਿਯਮਤ ਅਭਿਆਸ ਦੁਆਰਾ ਵਿਕਸਤ ਕੀਤੀ ਜਾਂਦੀ ਹੈ. ਕਿਸੇ ਚਾਹਵਾਨ ਦਾ ਇਮਤਿਹਾਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਿਆਂ ਜਵਾਬ ਲਿਖਣ ਦੀ ਇੱਕ ਵਿਅਕਤੀਗਤ ਸ਼ੈਲੀ ਦਾ ਵਿਕਾਸ ਕਰਨਾ ਚਾਹੀਦਾ ਹੈ।

ਬਹੁਤ ਸਾਰੇ ਉਮੀਦਵਾਰ ਇਸ ਭੁਲੇਖੇ ਵਿੱਚ ਹਨ ਕਿ ਇੱਕ ਚੰਗਾ ਜਵਾਬ ਵਿਲੱਖਣ ਅਤੇ ਅਪਵਾਦ ਹੈ. ਦਰਅਸਲ, ਕਿਸੇ ਨੂੰ 'ਸੰਪੂਰਣ' ਉੱਤਰ ਲਿਖਣ ਜਾਂ ਆਈਏਐਸ ਦੀ ਪ੍ਰੀਖਿਆ ਵਿਚ 'ਬਾਹਰ ਖੜ੍ਹੇ' ਹੋਣ ਦੇ ਟੀਚੇ ਨੂੰ ਬੁਰੀ ਤਰ੍ਹਾਂ ਸਲਾਹ ਦਿੱਤੀ ਜਾਏਗੀ. ਫਿਰ, 'ਚੰਗਾ' ਉੱਤਰ ਕੀ ਹੈ? ਯੂ ਪੀ ਐਸ ਸੀ ਦੀ ਪ੍ਰੀਖਿਆ ਵਿਚ; ਇੱਕ ਚੰਗਾ ਉੱਤਰ ਉਹ ਹੈ ਜੋ ਢੁਕਵਾਂ ਹੋਵੇ, ਪ੍ਰਸ਼ਨ ਦੀਆਂ ਮੰਗਾਂ ਨੂੰ ਪੂਰਾ ਕਰੇ, ਸ਼ਬਦ ਦੀ ਸੀਮਾ ਤੇ ਟਿਕਿਆ ਰਹੇ ਅਤੇ ਸਮੇਂ ਸਿਰ ਖਤਮ ਹੋ ਜਾਵੇ।

ਸਿਵਲ ਸੇਵਾ ਦੀ ਪ੍ਰੀਖਿਆ ਵਿਚ ਚੰਗੇ ਉੱਤਰ ਲਿਖਣ ਲਈ ਕੁਝ ਸੁਝਾਅ ਇਹ ਹਨ:

### ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹੋ

ਸਭ ਤੋਂ ਪਹਿਲਾਂ, ਪ੍ਰਸ਼ਨ ਨੂੰ ਸਹੀਂ ਗ ਨਾਲ ਪੜ੍ਹਨਾ ਬਹੁਤ ਮਹੱਤਵਪੂਰਨ ਹੈ. ਉਮੀਦਵਾਰ ਪ੍ਰਸ਼ਨ ਦੇ ਮਹੱਤਵਪੂਰਨ ਸ਼ਬਦਾਂ ਨੂੰ ਉਜਾਗਰ ਕਰ ਸਕਦਾ ਹੈ. ਉਨ੍ਹਾਂ ਨੂੰ ਪ੍ਰਸ਼ਨ ਦੀਆਂ ਮੰਗਾਂ ਨੂੰ ਸਪਸ਼ਟ ਤੌਰ ਤੇ ਸਮਝਣਾ ਚਾਹੀਦਾ ਹੈ. ਪ੍ਰਸ਼ਨ ਵਿਚ ਕੁਝ ਸ਼ਬਦ; ਜਿਵੇਂ ਕਿ ਪ੍ਰਤੱਖ, ਅਲੋਚਨਾਤਮਕ ਵਿਸ਼ਲੇਸ਼ਣ, ਗਿਣਨਾ, ਆਦਿ ਉੱਤੇ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ. ਉਹ ਪ੍ਰਸ਼ਨ ਦੀ ਮੁੱਖ ਮੰਗ ਨਿਰਧਾਰਤ ਕਰਦੇ ਹਨ. ਉਮੀਦਵਾਰ ਲਈ ਜ਼ਰੂਰੀ ਹੈ ਕਿ ਉਹ ਆਪਣੇ ਮਤਲਬ ਤੋਂ ਜਾਣੂ ਹੋਣ. ਪ੍ਰਸ਼ਨ ਦੇ ਧਿਆਨ ਨਾਲ ਪੜ੍ਹਨ ਨਾਲ ਉਮੀਦਵਾਰ ਨੂੰ ਉੱਤਰ ਲਿਖਣ ਵਿੱਚ ਸਹਾਇਤਾ ਮਿਲਦੀ ਹੈ ਜੋ ਢੁਕਵਾਂ ਹੈ।

### ਜਵਾਬ ਦਾ ਪ੍ਰਬੰਧ ਕਰੋ

ਇਹ ਮਹੱਤਵਪੂਰਨ ਹੈ ਕਿ ਕਿਸੇ ਦੇ ਉੱਤਰ ਵਿੱਚ ਇੱਕ ਵਿਸ਼ਾਲ, ਚੰਗੀ ਾਂਚਾ ਹੋਵੇ. ਇਹ ਜਵਾਬ ਨੂੰ ਵਧੇਰੇ ਪੇਸ਼ਕਾਰੀ ਯੋਗ ਅਤੇ ਪੜ੍ਹਨ ਵਿੱਚ ਅਸਾਨ ਬਣਾਉਂਦਾ ਹੈ. ਜਵਾਬ ਇੱਕ ਛੋਟੀ ਜਿਹੀ ਜਾਣ-ਪਛਾਣ ਦੇ ਨਾਲ ਸ਼ੁਰੂ ਹੋ ਸਕਦਾ ਹੈ. ਆਮ ਤੌਰ ਤੇ, ਕੋਈ ਜਾਣ-ਪਛਾਣ ਦੇ ਮੁੱਖ ਸ਼ਬਦ ਪਰਿਭਾਸ਼ਤ ਕਰ ਸਕਦਾ ਹੈ, ਇਕ ਤਾਜ਼ਾ ਰਿਪੋਰਟ ਦਾ ਹਵਾਲਾ ਦੇ ਸਕਦਾ ਹੈ ਜਾਂ ਕੁਝ ਸੰਬੰਧਿਤ ਤੱਥਾਂ ਨੂੰ ਉਜਾਗਰ ਕਰ ਸਕਦਾ ਹੈ. ਮੁੱਖ ਸੰਗਠਨ ਵਿਚ, ਉਮੀਦਵਾਰ ਪ੍ਰਸ਼ਨ ਦੇ ਹਰੇਕ ਹਿੱਸੇ ਲਈ ਉਚਿਤ ਸਿਰਲੇਖ ਦੇ ਸਕਦਾ ਹੈ. ਸਮੱਗਰੀ ਨੂੰ ਇੱਕ ਆਸਾਨ ਪੜ੍ਹਨ ਦੀ ਸਹੂਲਤ ਲਈ ਬਿੰਦੂਆਂ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

ਸਿੱਟਾ ਜਵਾਬ ਵਿੱਚ ਮੁੱਖ ਦਲੀਲਾਂ ਦਾ ਸੰਖੇਪ ਕਰ ਸਕਦਾ ਹੈ. ਇਸ ਦੇ ਉਲਟ, ਤੁਸੀਂ ਇੱਕ ਆਸ਼ਾਵਾਦੀ ਨੋਟ 'ਤੇ ਜਵਾਬ ਨੂੰ ਖਤਮ ਕਰ ਸਕਦੇ ਹੋ. ਜੇ ਪ੍ਰਸ਼ਨ ਕੁਝ ਸਮਾਜਿਕ-ਆਰਥਿਕ ਜਾਂ ਸ਼ਾਸਨ-ਸੰਬੰਧੀ ਮੁੱਦਿਆਂ ਨਾਲ ਸੰਬੰਧਿਤ ਹੈ; ਇੱਕ ਅੰਤ ਵਿੱਚ ਵਿਹਾਰਕ ਹੱਲ ਪੇਸ਼ ਕਰ ਸਕਦਾ ਹੈ. ਵਧੀਆ ਢਾਂਚਾਗਤ ਢੰਗ ਨਾਲ ਉੱਤਰ ਦੇਣਾ ਸੌਖਾ ਹੁੰਦਾ ਹੈ. ਇਸ ਸਿਰੇ ਵੱਲ, ਕੋਈ ਵੀ ਜਵਾਬ ਦੇ 30-50 ਸੈਕਿੰਡ ਵਿਚ ਕੁਝ ਜਵਾਬ ਦੇ ਸਕਦਾ ਹੈ, ਇਸ ਨੂੰ ਲਿਖਣ ਤੋਂ ਪਹਿਲਾਂ।

### ਸੀਮਤ ਸਮੇਂ ਵਿੱਚ ਲਿਖੋ

ਮਹੱਤਵਪੂਰਣ ਚੁਣੌਤੀ ਵਾਲੇ ਉਮੀਦਵਾਰਾਂ ਨੂੰ ਯੂ ਪੀ ਐਸ ਸੀ ਦੀ ਪ੍ਰੀਖਿਆ ਵਿਚ ਸਾਹਮਣਾ ਕਰਨਾ ਪੈਂਦਾ ਹੈ - ਸੀਮਤ ਸਮੇਂ ਵਿਚ ਛੋਟੇ ਅਤੇ ਟੂ-ਪੌਇੰਟ ਜਵਾਬ ਲਿਖਣਾ. ਜਦੋਂ ਇੱਕ ਆਮ ਉਮੀਦਵਾਰ ਲਿਖਣ ਦਾ ਅਭਿਆਸ ਕਰਨਾ ਸ਼ੁਰੂ ਕਰਦਾ ਹੈ, ਤਾਂ ਉਸਨੂੰ 10 ਨੰਬਰਾਂ ਦੇ ਪ੍ਰਸ਼ਨ ਦਾ ਉੱਤਰ ਦੇਣ ਲਈ ਉਸਨੂੰ 15 ਅਤੇ 25 ਮਿੰਟ ਦੇ ਵਿਚਕਾਰ ਕਿਤੇ ਵੀ ਲੈ ਜਾਂਦਾ ਹੈ. ਯੂ ਪੀ ਐਸ ਸੀ ਦੀ ਪ੍ਰੀਖਿਆ ਵਿਚ, ਇਕ ਨੂੰ 180 ਅੰਕ ਵਿਚ 250 ਅੰਕਾਂ ਦਾ ਪ੍ਰਸ਼ਨ ਪੱਤਰ ਅਜ਼ਮਾਉਣਾ ਪੈਂਦਾ ਹੈ, ਇਕ 10 ਅੰਕ ਦੇ ਪ੍ਰਸ਼ਨ ਲਈ 7.2 ਮਿੰਟ ਦੇ ਨਾਲ ਛੱਡ ਜਾਂਦਾ ਹੈ।

ਤਸੱਲੀਬਖਸ਼ ਤੌਰ 'ਤੇ 7.2 ਮਿੰਟ ਵਿਚ 10 ਅੰਕ ਦੇ ਪ੍ਰਸ਼ਨ ਦੇ ਜਵਾਬ ਲਈ ਇਕ ਦੀ ਲਿਖਣ ਦੀ ਗਤੀ ਨੂੰ ਵਧਾਉਣਾ ਪਹਿਲਾਂ ਮੁਸ਼ਕਲ ਲੱਗਦਾ ਹੈ, ਪਰ ਜ਼ਰੂਰੀ ਹੈ।

### ਰਚਨਾਤਮਕ ਪੇਸ਼ਕਾਰੀ

ਰਚਨਾਤਮਕ ਪ੍ਰਸਤੁਤੀ ਸਾਧਨਾਂ ਦੀ ਵਰਤੋਂ ਜਿਵੇਂ ਫਲੋ ਚਾਰਟਸ ਅਤੇ ਡਾਇਗਰਾਮ, ਜਵਾਬਾਂ ਨੂੰ ਵਧੇਰੇ ਆਕਰਸ਼ਕ ਬਣਾਉਂਦੇ ਹਨ. ਉਹ ਉਮੀਦਵਾਰ ਦੀ ਸਮਾਂ ਬਚਾਉਣ ਵਿੱਚ ਸਹਾਇਤਾ ਵੀ ਕਰ ਸਕਦੇ ਹਨ. ਇਸ ਪ੍ਰਕਾਰ, ਇਨ੍ਹਾਂ ਦੀ ਵਰਤੋਂ ਕਰਦਿਆਂ ਨਵੀਨਤਾਕਾਰੀ ਹੋਣਾ ਮਹੱਤਵਪੂਰਨ ਹੈ. ਹਾਲਾਂਕਿ, ਉਨ੍ਹਾਂ ਦੀ ਅਨੁਕੂਲ ਵਰਤੋਂ ਲਈ ਜਾਣੂ ਦੀ ਜ਼ਰੂਰਤ ਹੈ। ਇਸ ਪ੍ਰਕਾਰ, ਉੱਤਰ ਲਿਖਣ ਅਭਿਆਸ ਦੌਰਾਨ ਉਹਨਾਂ ਦੀ ਦੁਹਰਾਉਣ ਵਿੱਚ ਮਦਦ ਮਿਲਦੀ ਹੈ।

### ਸ਼ਬਦ ਦੀ ਸੀਮਾ ਨਾਲ ਜੁੜੇ ਰਹੋ

ਇਹ ਨਾ ਸਿਰਫ ਇਹ ਜਾਣਨਾ ਮਹੱਤਵਪੂਰਣ ਹੈ ਕਿ ਕੀ ਲਿਖਣਾ ਹੈ, ਪਰ ਇਹ ਵੀ ਨਹੀਂ ਲਿਖਣਾ ਕਿ ਕੀ ਲਿਖਣਾ ਹੈ. ਸ਼ਬਦ ਦੀ ਸੀਮਾ ਨੂੰ ਪਾਰ ਕਰਨਾ ਵਧੇਰੇ ਅੰਕ ਪ੍ਰਾਪਤ ਨਹੀਂ ਕਰੇਗਾ. ਇਸ ਦੀ ਬਜਾਏ, ਤੁਸੀਂ ਕੀਮਤੀ ਸਮਾਂ ਗੁਆ ਬੈਠੋਗੇ. ਪੇਪਰ ਵਿਚਲੇ ਦੂਸਰੇ ਪ੍ਰਸ਼ਨਾਂ ਦੇ ਤਸੱਲੀਬਖਸ਼ ਜਵਾਬ ਦੇਣਾ ਤੁਹਾਡੇ ਲਈ ਮੁਸ਼ਕਲ ਬਣਾਏਗਾ।

### ਹਾਈਲਾਈਟ

ਉੱਤਰ ਵਿਚਲੇ ਕੀਵਰਡਸ ਨੂੰ ਉਚਿੱਤ ਰੂਪ ਵਿਚ ਜਾਂ ਵੱਡੇ ਅੱਖਰਾਂ ਵਿਚ ਲਿਖ ਕੇ ਉਭਾਰਿਆ ਜਾ ਸਕਦਾ ਹੈ. ਆਮ ਤੌਰ 'ਤੇ ਉਜਾਗਰ ਕੀਤੇ ਸ਼ਬਦਾਂ ਵਿਚ ਵਿਦਵਾਨਾਂ ਦੇ ਨਾਂ, ਮੁੱਖ ਤੱਥ, ਸਰਕਾਰੀ ਰਿਪੋਰਟਾਂ ਅਤੇ ਮਹੱਤਵਪੂਰਣ ਧਾਰਣਾ ਸ਼ਾਮਲ ਹੁੰਦੇ ਹਨ. ਇਹ ਪ੍ਰੀਖਿਆਕਰਤਾ ਨੂੰ ਤੁਹਾਡੇ ਉੱਤਰ ਦੇ ਮਹੱਤਵਪੂਰਣ ਬਿੰਦੂਆਂ ਦੀ ਆਸਾਨੀ ਨਾਲ ਪਛਾਣ ਕਰਨ ਵਿੱਚ ਸਹਾਇਤਾ ਕਰਦਾ ਹੈ।

### ਨਿਯਮਤ ਲਿਖਣ ਦਾ ਅਭਿਆਸ

ਆਖਰੀ ਪਰ ਸਭ ਤੋਂ ਘੱਟ ਨਹੀਂ,ਸਿਵਲ ਪ੍ਰੀਖਿਆ ਦੀਆਂ ਜ਼ਰੂਰਤਾਂ ਦੇ ਨਾਲ ਮੇਲ ਖਾਂਦਿਆਂ ਲਿਖਣ ਦੀ ਸ਼ੈਲੀ ਵਿਕਸਿਤ ਕਰਨ ਲਈ ਸਖਤ ਲਿਖਤ ਅਭਿਆਸ ਦੀ ਜ਼ਰੂਰਤ ਹੈ. ਨਿਯਮਤ ਲਿਖਣ ਦਾ ਅਭਿਆਸ ਯੂ ਪੀ ਐਸ ਸੀ ਦੀ ਤਿਆਰੀ ਦਾ ਸਭ ਤੋਂ ਮਹੱਤਵਪੂਰਣ ਅਤੇ ਸਭ ਤੋਂ ਅਣਗੌਲਿਆ ਪਹਿਲੂ ਹੈ।

ਉਮੀਦਵਾਰ ਲਿਖਤ ਨਾਲ ਘੱਟ ਬਾਰੰਬਾਰਤਾ ਤੇ ਸ਼ੁਰੂਆਤ ਕਰ ਸਕਦਾ ਹੈ. ਜਿਵੇਂ ਕਿ ਉਹ ਤਿਆਰੀ ਵਿੱਚ ਅੱਗੇ ਵੱਧਦਾ ਹੈ, ਉਮੀਦਵਾਰ ਪ੍ਰਸ਼ਨ ਕੀਤੇ ਗਏ ਪ੍ਰਸ਼ਨਾਂ ਦੀ ਗਿਣਤੀ ਅਤੇ ਬਾਰੰਬਾਰਤਾ ਨੂੰ ਵਧਾ ਸਕਦਾ ਹੈ। ਵਿਸ਼ੇਸ਼ ਤੌਰ 'ਤੇ ਮੁਢਲੀ ਪ੍ਰੀਖਿਆ ਤੋਂ ਬਾਅਦ, ਉਮੀਦਵਾਰ ਨੂੰ ਕਈ ਪੂਰੀ ਲੰਬਾਈ ਅਭਿਆਸ ਟੈਸਟਾਂ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ. ਅਭਿਆਸ ਦੇ ਨਾਲ, ਉਮੀਦਵਾਰ ਦੀ ਉੱਤਰ ਲਿਖਣ ਦੀ ਤਕਨੀਕ ਵਿਕਸਤ ਹੋਵੇਗੀ।

### ਜਵਾਬਾਂ ਦਾ ਮੁਲਾਂਕਣ

ਉਮੀਦਵਾਰ ਆਪਣੇ ਜਵਾਬ ਤਜਰਬੇਕਾਰ ਪ੍ਰੀਖਿਅਕ ਦੁਆਰਾ ਪ੍ਰਾਪਤ ਕਰ ਸਕਦੇ ਹਨ. ਉਹ ਆਪਣੇ ਜਵਾਬਾਂ ਦੀ ਤੁਲਨਾ ਅਧਿਆਪਕਾਂ ਅਤੇ ਸਲਾਹਕਾਰਾਂ ਦੁਆਰਾ ਤਿਆਰ ਕੀਤੇ ਗਏ ਮਾਡਲ ਜਵਾਬਾਂ ਨਾਲ ਵੀ ਕਰ ਸਕਦੇ ਹਨ. ਇਸ ਦੇ ਉਲਟ, ਕੋਈ ਵੀ ਪਿਛਲੇ ਸਾਲਾਂ ਦੇ ਸਫਲ ਉਮੀਦਵਾਰਾਂ ਦੁਆਰਾ ਲਿਖੇ ਜਵਾਬਾਂ ਦੇ ਵਿਰੁੱਧ ਬੈਂਚਮਾਰਕ ਕਰ ਸਕਦਾ ਹੈ. ਖੁਦ ਦੇ ਨਾਲ ਨਾਲ ਹੋਰਾਂ ਦੁਆਰਾ ਵੀ ਇੱਕ ਦੇ ਉੱਤਰਾਂ ਦਾ ਨਿਰੰਤਰ ਮੁਲਾਂਕਣ ਕਰਨਾ ਬਹੁਤ ਮਹੱਤਵਪੂਰਣ ਹੈ. ਦੂਜਿਆਂ ਦੁਆਰਾ ਪੇਸ਼ ਕੀਤੀ ਗਈ ਫੀਡਬੈਕ ਸਿੱਖਣ ਦਾ ਇੱਕ ਸਾਧਨ ਹੋਣੀ ਚਾਹੀਦੀ ਹੈ, ਅਤੇ ਸੁਧਾਰ ਦੀ ਅਗਵਾਈ ਕਰਨੀ ਚਾਹੀਦੀ ਹੈ. ਕੋਈ ਵੀ ਕਮੀਆਂ ਜੋ ਧਿਆਨ ਵਿੱਚ ਆਈਆਂ ਹਨ, ਨੂੰ ਅਗਲੇ ਉੱਤਰਾਂ ਵਿੱਚ ਸੁਧਾਰਿਆ ਜਾਣਾ ਚਾਹੀਦਾ ਹੈ।

ਮਹੱਤਵਪੂਰਨ ਗੱਲ ਇਹ ਹੈ ਕਿ ਜਿਆਦਾਤਰ ਸਫਲ ਉਮੀਦਵਾਰ ਸਾਰੇ ਪ੍ਰਸ਼ਨ ਪੱਤਰਾਂ ਦੀ ਪੂਰੀ ਕੋਸ਼ਿਸ਼ ਕਰਦੇ ਹਨ, ਜਿਸ ਲਈ ਬਹੁਤ ਗਤੀ ਅਤੇ ਅਭਿਆਸ ਦੀ ਲੋੜ ਹੁੰਦੀ ਹੈ. ਹਰ ਸਫਲ ਉਮੀਦਵਾਰ ਆਖਰਕਾਰ ਵਿਲੱਖਣ ਅਤੇ ਵਿਅਕਤੀਗਤ ਲਿਖਣ ਸ਼ੈਲੀ ਦਾ ਵਿਕਾਸ ਕਰਦਾ ਹੈ।

ਇਥੋਂ ਤਕ ਕਿ ਕੁਝ ਹੋਰ ਅੰਕ ਪ੍ਰਾਪਤ ਕੀਤੇ ਅਤੇ ਉਥੇ ਤੁਹਾਡੀ ਸੰਘਰਸ਼ ਦੀ ਕਹਾਣੀ ਨੂੰ ਸਫਲਤਾ ਦੀ ਕਹਾਣੀ ਵਿਚ ਬਦਲ ਸਕਦਾ ਹੈ।

# ਆਸਣ ਨੂੰ ਸਹੀ ਕਰਨਾ: ਬੱਚਿਆਂ ਦੀ ਸਰੀਰਕ ਤੰਦਰੁਸਤੀ 'ਤੇ ਵਰਚੁਅਲ ਕਲਾਸਰੂਮ ਦੇ ਪ੍ਰਭਾਵ ਨੂੰ ਘਟਾਉਣਾ

ਆਨਲਾਈਨ ਕਲਾਸਰੂਮਾਂ ਦੀ ਦੁਨੀਆ ਵਿੱਚ ਡਿਜੀਟਲ ਸਕ੍ਰੀਨਾਂ ਦੇ ਵਧੇਰੇ ਐਕਸਪੋਜਰ ਬਾਰੇ ਚਿੰਤਤ ਹੋਣ ਤੋਂ, ਅੱਜ ਮਾਪਿਆਂ ਨੂੰ ਅਗਲੀ ਪੀੜ੍ਹੀ ਦੀ ਸਿਹਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਆਸਣ, ਵਧੇਰੇ ਸਕ੍ਰੀਨ-ਟਾਈਮ ਅਤੇ ਸਰੀਰਕ ਗਤੀਵਿਧੀਆਂ ਨੂੰ ਸ਼ਾਮਲ ਕਰਨ ਬਾਰੇ ਸੋਚਣਾ ਚਾਹੀਦਾ ਹੈ।

ਬੱਚਿਆਂ ਨੂੰ ਉਨ੍ਹਾਂ ਦੀ ਗਰਦਨ ਅਤੇ ਸਿੱਧੇ ਵਾਪਸ, ਕੂਹਣੀਆਂ ਨੂੰ ਅਰਾਮਦੇਹ, ਕਾਫ਼ੀ ਸਹਾਇਤਾ ਨਾਲ ਬਿਠਾਉਣਾ ਚਾਹੀਦਾ ਹੈ।

ਵਿਦਿਆਰਥੀ ਹੁਣ ਵਰਚੁਅਲ ਸਿਖਲਾਈ ਦੇ ਨਾਲ ਘਰ 'ਤੇ ਬਿਲਕੁਲ ਹਨ. ਉਹ / ਉਹ ਸੱਤਵੀਂ ਜਮਾਤ ਵਿਚ ਦਾਖਲ ਹੋ ਰਹੀ ਹੈ, ਉਸਦੀ / ਉਸਨੂੰ ਕੋਵਿਡ -19 ਮਹਾਂਮਾਰੀ ਦੇ ਵਿਚਕਾਰ ਵਰਚੁਅਲ ਸਕੂਲ ਦਾ ਦੂਜਾ ਸਾਲ. ਜਿੱਥੇ ਪਿਛਲੇ ਸਾਲ ਇੱਕ ਆਨਲਾਈਨ ਕਲਾਸਰੂਮ ਵਿੱਚ ਸਿਖਲਾਈ ਪ੍ਰਾਪਤ ਕਰਨ ਵਿੱਚ ਬਿਤਾਇਆ ਗਿਆ ਸੀ, ਇਸ ਸਾਲ ਉਹ, ਉਸਦੇ ਜਮਾਤੀ, ਉਸਦੇ ਅਧਿਆਪਕ, ਅਤੇ ਇੱਥੋਂ ਤੱਕ ਕਿ ਉਸਦੇ ਮਾਪੇ ਕੰਪਿਊਟਰ ਸਕ੍ਰੀਨ ਨੂੰ ਸਿੱਖਣ ਅਤੇ ਇੰਟਰੈਕਟ ਕਰਨ ਵਿੱਚ ਵਧੇਰੇ ਸੌਖੇ ਹਨ।

ਪਹਿਲੇ ਸਾਲ ਵਰਚੁਅਲ ਸਿੱਖਣ ਦੀ ਪ੍ਰਭਾਵਸ਼ੀਲਤਾ ਬਾਰੇ ਅਨਿਸ਼ਚਿਤਤਾਵਾਂ ਦੇ ਵਿਚਕਾਰ ਦੇਸ਼ ਭਰ ਵਿੱਚ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਇੱਕ ਨਵੇਂ ਜੀਵਨ ਢੰਗ ਨੂੰ ਅਪਣਾਉਣ ਅਤੇ ਸਿੱਖਣ ਬਾਰੇ ਸੀ।

ਇਸ ਸਾਲ, ਉਨ੍ਹਾਂ ਚਿੰਤਾਵਾਂ ਦੇ ਆਰਾਮ ਨਾਲ ਅਤੇ ਆਨ ਲਾਈਨ ਸਿੱਖਣ ਦੇ ਨਾਲ ਇਸ ਨੂੰ ਤੇਜ਼ੀ ਨਾਲ ਵੇਖਣ ਦੇ ਨਾਲ, ਇੱਥੇ ਬਣੀ ਖਤਰਨਾਕ ਮਹਾਂਮਾਰੀ ਦੇ ਵਿਚਕਾਰ ਰਹਿਣ ਲਈ, ਧਿਆਨ 'ਘਰ ਤੋਂ ਅਧਿਐਨ' ਦੇ ਕਲਾਸਰੂਮ ਦੇ ਢੰਗ ਦੇ ਕੰਮ-ਕਾਜ ਵੱਲ ਵਧ ਰਿਹਾ ਹੈ।

ਜਿਵੇਂ ਕਿ ਪਿਛਲੇ ਸਾਲ ਕਲਾਸਰੂਮ ਵਰਚੁਅਲ ਸੰਸਾਰ ਵਿੱਚ ਚਲੇ ਗਏ ਸਨ, ਜਲਦੀ ਹੀ ਇਹ ਸਪੱਸ਼ਟ ਹੋ ਗਿਆ ਕਿ ਵਿਦਿਆਰਥੀ ਫਰਸ਼, ਸੋਫੇ ਜਾਂ ਆਪਣੇ ਬਿਸਤਰੇ 'ਤੇ ਬੈਠ ਕੇ ਲੌਗਇਨ ਕਰ ਰਹੇ ਸਨ. ਸ਼ਾਇਦ ਇੱਕ ਅਧਿਐਨ ਟੇਬਲ ਤੋਂ ਇਲਾਵਾ, ਮੁੱਖ ਤੌਰ ਤੇ ਥੋੜੇ ਸਮੇਂ ਲਈ ਸਕੂਲ ਤੋਂ ਬਾਅਦ ਦੀ ਪੜ੍ਹਾਈ ਜਾਂ ਹੋਮਵਰਕ ਲਈ ਪ੍ਰੀ ਮਹਾਂਮਾਰੀ ਦੇ ਦਿਨਾਂ ਵਿੱਚ ਵਰਤਿਆ ਜਾਂਦਾ ਹੈ, ਘਰਾਂ ਵਿੱਚ ਕੁਦਰਤੀ ਤੌਰ 'ਤੇ "ਕਲਾਸਰੂਮ" ਢਾਂਚਾ ਨਹੀਂ ਹੁੰਦਾ।

ਪਰ ਵਿਦਿਆਰਥੀ ਹੁਣ ਲੈਪਟਾਪ 'ਤੇ ਘਰ ਵਿਚ ਕਲਾਸਾਂ ਵਿਚ ਸ਼ਾਮਲ ਹੋਣ ਲਈ ਲਗਭਗ ਛੇ ਘੰਟੇ ਬਿਤਾ ਰਹੇ ਹਨ - ਅਤੇ ਕਈ ਵਾਰ ਬਹੁਤ ਛੋਟੀਆਂ ਸਕ੍ਰੀਨਾਂ ਵਾਲੇ ਹੈਂਡਹੋਲਡ ਮੋਬਾਈਲ ਉਪਕਰਣਾਂ' ਤੇ. ਨਤੀਜੇ ਵਜੋਂ, 41% ਬੱਚਿਆਂ ਨੇ ਅੱਖਾਂ ਦੇ ਦਬਾਅ ਦੇ ਮੁੱਦਿਆਂ ਦੀ ਸ਼ਿਕਾਇਤ ਕੀਤੀ।

ਸਿਹਤ ਮਾਹਰ ਚੇਤਾਵਨੀ ਦਿੰਦੇ ਹਨ ਕਿ ਨਤੀਜੇ ਵਜੋਂ ਘਟੀਆ ਆਸਣ, ਸਰੀਰਕ ਗਤੀਵਿਧੀਆਂ ਦੀ ਘਾਟ ਅਤੇ ਲੰਮੇ ਸਮੇਂ ਦੇ ਸਕ੍ਰੀਨ ਸਮੇਂ ਦੇ ਕਾਰਨ ਬੱਚਿਆਂ ਨੂੰ ਰੀੜ੍ਹ ਦੀ ਸਮੱਸਿਆ ਅਤੇ ਮਾਸਪੇਸ਼ੀਆਂ ਦੇ ਰੋਗਾਂ ਦੇ ਵਿਕਾਸ ਦੇ ਜੋਖਮ 'ਤੇ ਰੱਖਣ ਵਾਲੇ ਗੰਭੀਰ ਲੰਬੇ ਸਮੇਂ ਦੇ ਸਿੱਟੇ ਨਿਕਲ ਸਕਦੇ ਹਨ।

ਮਾੜੀ ਸਥਿਤੀ ਹਰ ਕਿਸੇ ਲਈ ਮਾੜੀ ਹੁੰਦੀ ਹੈ. ਪਰ ਇਹ ਬੱਚਿਆਂ 'ਤੇ ਭਾਰੀ ਮੁਸੀਬਤ ਲੈ ਸਕਦਾ ਹੈ ਕਿਉਂਕਿ ਉਨ੍ਹਾਂ ਦੀਆਂ ਹੱਡੀਆਂ ਅਜੇ ਠੀਕ ਤਰ੍ਹਾਂ ਫਿ .ਜ ਨਹੀਂ ਹੋਈਆਂ ਹਨ। ਇਹ ਉਨ੍ਹਾਂ ਨੂੰ ਰੀੜ੍ਹ ਦੀ ਹੱਦ ਤਕ ਗ਼ਲਤ ਅਨੁਕੂਲਤਾ ਦੇ ਵੱਧਣ ਦੇ ਜੋਖਮ 'ਤੇ ਪਾਉਂਦਾ ਹੈ, ਜਿਸ ਨਾਲ ਰੀੜ੍ਹ ਦੀ ਹੱਡੀ ਇਕ' ਐਸ 'ਜਾਂ' ਸੀ 'ਦੀ ਸ਼ਕਲ ਬਣ ਜਾਂਦੀ ਹੈ ਜਿਸ ਨੂੰ ਸਕੋਲੀਓਸਿਸ ਕਿਹਾ ਜਾਂਦਾ ਹੈ, ਜੋ ਬਦਲੇ ਵਿਚ ਝੁਕਣ ਜਾਂ ਕੀਫੋਸਿਸ ਦਾ ਕਾਰਨ ਬਣ ਸਕਦਾ ਹੈ।



ਨਤੀਜੇ ਵਜੋਂ, ਮਾਪਿਆਂ ਨੂੰ ਲਾਜ਼ਮੀ ਤੌਰ 'ਤੇ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਸਹੀ ਤਰ੍ਹਾਂ ਬਿਠਾਇਆ ਹੋਇਆ ਹੈ, ਬਹੁਤ ਸਾਰੇ ਬਰੇਕ ਹਨ, ਅਤੇ ਉਹ ਸਰੀਰਕ ਗਤੀਵਿਧੀਆਂ ਵਿੱਚ ਰੁੱਝੇ ਰਹਿੰਦੇ ਹਨ ਜੋ ਉਨ੍ਹਾਂ ਨੂੰ ਸਮੇਂ ਸਮੇਂ ਤੇ ਚਲਦੇ ਰਹਿੰਦੇ ਹਨ ਅਤੇ ਜਦੋਂ ਕਿ ਘਰ ਕਦੇ ਵੀ ਕਲਾਸਰੂਮ ਜਾਂ ਸਕੂਲ ਦੇ ਵਾਤਾਵਰਣ ਦੀ ਪੂਰੀ ਤਰ੍ਹਾਂ ਨਕਲ ਨਹੀਂ ਕਰਦੇ, ਉਥੇ ਬਹੁਤ ਸਾਰੇ ਸਧਾਰਣ ਹੁੰਦੇ ਹਨ. ਤਰੀਕੇ ਮਾਪੇ ਇਹ ਕਰ ਸਕਦੇ ਹਨ।

ਸ਼ੁਰੂ ਕਰਨ ਲਈ, ਮਾਪਿਆਂ ਨੂੰ ਬੱਚਿਆਂ ਨੂੰ 90-90-90 ਦੇ ਨਿਯਮ ਦੀ ਵਿਆਖਿਆ ਕਰਨ ਦੀ ਜ਼ਰੂਰਤ ਹੁੰਦੀ ਹੈ. ਵਾਪਸ ਅਤੇ ਪੱਟਾਂ ਨੂੰ ਬੈਠਦਿਆਂ 90 ਡਿਗਰੀ ਦਾ ਕੋਣ ਬਣਾਉਣਾ ਚਾਹੀਦਾ ਹੈ; ਗੋਡੇ 90 ਡਿਗਰੀ ਦੇ ਕੋਣ 'ਤੇ ਵੀ ਹੋਣੇ ਚਾਹੀਦੇ ਹਨ, ਅਤੇ ਪੈਰ ਅਤੇ ਗਿੱਟੇ ਵੀ 90 ਡਿਗਰੀ ਦੇ ਕੋਣ' ਤੇ ਹੋਣੇ ਚਾਹੀਦੇ ਹਨ. ਮਾਪਿਆਂ ਨੂੰ ਇਕ ਐਰਗੋਨੋਮਿਕ ਡੈਸਕ, ਸਹੀ ਅਕਾਰ ਦੀ ਇਕ ਅਨੁਕੂਲ ਕੁਰਸੀ, ਲੈਪਟਾਪ ਸਟੈਂਡ ਵਿਚ ਨਿਵੇਸ਼ ਕਰਨਾ ਚਾਹੀਦਾ ਹੈ ਜਿਸ ਨੂੰ ਇਹ ਸੁਨਿਸ਼ਚਿਤ ਕਰਨ ਲਈ ਅਨੁਕੂਲ ਕੀਤਾ ਜਾ ਸਕਦਾ ਹੈ ਕਿ ਉਹ ਸਹੀ ਉਚਾਈ, ਇਕ ਵੱਖਰਾ ਕੀਬੋਰਡ, ਅਤੇ ਇਕ ਮਾਊਸ 'ਤੇ ਹਨ. ਉਸੇ ਸਮੇਂ, ਅਧਿਐਨ ਖੇਤਰ ਨੂੰ ਬੱਚਿਆਂ ਦੀਆਂ ਅੱਖਾਂ 'ਤੇ ਦਬਾਅ ਘੱਟ ਕਰਨ ਲਈ ਸਹੀ ਤਰ੍ਹਾਂ ਪ੍ਰਕਾਸ਼ਤ ਕੀਤਾ ਜਾਣਾ ਚਾਹੀਦਾ ਹੈ।

ਬੱਚਿਆਂ ਨੂੰ ਉਨ੍ਹਾਂ ਦੀ ਗਰਦਨ ਅਤੇ ਸਿੱਧੇ ਵਾਪਸ, ਕੂਹਣੀਆਂ ਨੂੰ ਅਰਾਮਦੇਹ, ਕਾਫ਼ੀ ਸਹਾਇਤਾ ਨਾਲ ਬਿਠਾਉਣਾ ਚਾਹੀਦਾ ਹੈ. ਪੈਰਾਂ ਨੂੰ ਅਚਾਨਕ ਗੋਡੇ ਅਤੇ ਪੈਰ ਦੀਆਂ ਆਸਕਾਂ ਤੋਂ ਬਚਣ ਲਈ ਜ਼ਮੀਨ ਜਾਂ ਪੈਰ ਤੇ ਵੀ ਦ੍ਰਿੜਤਾ ਨਾਲ ਆਰਾਮ ਕਰਨਾ ਚਾਹੀਦਾ ਹੈ।

ਜੇ ਕਿਸੇ ਬੱਚੇ ਨੂੰ ਸੋਫੇ ਜਾਂ ਫਰਸ਼ ਜਾਂ ਬਿਸਤਰੇ 'ਤੇ ਬੈਠਣਾ ਹੁੰਦਾ ਹੈ, ਤਾਂ ਮਾਪਿਆਂ ਨੂੰ ਦੁਬਾਰਾ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਉਹ ਸਹੀ ਆਸਣ ਅਪਣਾਉਣਗੇ ਅਤੇ ਇੱਕ ਪੋਰਟੇਬਲ ਟੇਬਲ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਇਹ ਸੁਨਿਸ਼ਚਿਤ ਕਰੇਗੀ ਕਿ ਉਨ੍ਹਾਂ ਦੇ ਲੈਪਟਾਪ ਦੇ ਪਰਦੇ ਅੱਖਾਂ ਦੇ ਪੱਧਰ' ਤੇ ਹਨ ਤਾਂ ਜੋ ਉਨ੍ਹਾਂ ਨੂੰ ਹੇਠਾਂ ਨਾ ਵੇਖਣਾ ਪਵੇ।

ਮਾਪਿਆਂ ਨੂੰ ਇੱਕ ਕੰਮ ਦੇ ਅਨੁਕੂਲ ਵਾਤਾਵਰਣ ਬਣਾਉਣਾ ਚਾਹੀਦਾ ਹੈ ਜੋ ਬੱਚਿਆਂ ਲਈ ਬਰਾਬਰ ਸੰਵੇਦਨਸ਼ੀਲ ਹੋਵੇ. ਇਹ ਸੁਨਿਸ਼ਚਿਤ ਕਰੋ ਕਿ ਕਮਰਾ ਸਹੀ ਢੰਗ ਨਾਲ ਹਵਾਦਾਰ ਹੈ, ਰੋਸ਼ਨੀ ਕਾਫ਼ੀ ਹੈ, ਅਤੇ ਸਿਖਲਾਈ ਦੇ ਸਮੇਂ ਵਿਚ ਕੋਈ ਧਿਆਨ ਨਹੀਂ ਦੇਣਾ. ਜੇ ਸੰਭਵ ਹੋਵੇ, ਤਾਂ ਖਿੜਕੀਆਂ ਅਤੇ ਦਰਵਾਜ਼ੇ ਖੁੱਲੇ ਛੱਡੋ, ਅਤੇ ਕੁਝ ਤਾਜ਼ਗੀ ਲਈ ਉਨ੍ਹਾਂ ਦੇ ਅਧਿਐਨ ਦੇ ਖੇਤਰ ਵਿੱਚ ਕੁਝ ਅੰਦਰੂਨੀ ਪੌਦੇ ਸ਼ਾਮਲ ਕਰੋ।

ਵਰਚੁਅਲ ਕਲਾਸਰੂਮ ਦੇ ਕਿਸੇ ਵੀ ਲੰਬੇ ਸਮੇਂ ਦੇ ਨਤੀਜਿਆਂ ਨੂੰ ਘਟਾਉਣ ਲਈ ਇਕ ਹੋਰ ਕੁੰਜੀ ਹੈ ਗਤੀਵਿਧੀ ਦੇ ਬਰੇਕਾਂ ਦੀ ਤਹਿ. ਸਕੂਲ ਵਿਚ, ਬੱਚੇ ਕਲਾਸਾਂ ਵਿਚਾਲੇ, ਜਾਂ ਦੁਪਹਿਰ ਦੇ ਖਾਣੇ ਦੇ ਬਰੇਕ ਵਿਚ, ਜਾਂ ਇਥੋਂ ਤਕ ਕਿ ਦਿਨ ਦੀ ਸ਼ੁਰੂਆਤ ਵਿਚ ਆਪਣੇ ਕਲਾਸਰੂਮਾਂ ਵਿਚ ਪੌੜੀਆਂ ਚੜ੍ਹਨ ਲਈ ਸਰਗਰਮ ਹੁੰਦੇ ਹਨ. ਮਾਪਿਆਂ ਨੂੰ ਇਹ ਸੁਨਿਸ਼ਚਿਤ ਕਰਨ ਦੀ ਜ਼ਰੂਰਤ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਪਾਠ ਦੇ ਵਿਚਕਾਰ ਉਸੇ ਤਰ੍ਹਾਂ ਕਿਰਿਆਸ਼ੀਲ ਰਹਿੰਦੇ ਹਨ। ਮਾਪਿਆਂ ਨੂੰ ਬੱਚਿਆਂ ਦੇ ਰੁਟੀਨ ਵਿਚ ਸਾਵਧਾਨੀ ਨਾਲ ਮਾਈਕਰੋ-ਬਰੇਕ ਸ਼ਾਮਲ ਕਰਨ ਦੀ ਜ਼ਰੂਰਤ ਹੁੰਦੀ ਹੈ ਜੋ ਉਨ੍ਹਾਂ ਦੀ ਇਕਾਗਰਤਾ ਅਤੇ ਸਕੂਲ ਰੁਟੀਨ ਨੂੰ ਪ੍ਰਭਾਵਤ ਨਹੀਂ ਕਰਦੇ ਅਤੇ ਬਰਾਬਰ ਢੁੱਕਵੀਂ ਸਰੀਰਕ ਹਰਕਤ ਨੂੰ ਯਕੀਨੀ ਬਣਾਉਂਦੇ ਹਨ। ਇਹ ਇੱਕ ਛੋਟੀ ਜਿਹੀ ਸੈਰ ਜਾਂ ਮੋਟਰ ਗਤੀਵਿਧੀਆਂ ਜਿਵੇਂ ਕਿ ਕਲਮ ਜਾਂ ਪੈਨਸਿਲ ਨਾਲ ਸਰੀਰਕ ਲਿਖਤ ਨੂੰ ਲੈ ਕੇ ਹੋ ਸਕਦਾ ਹੈ ਤਾਂ ਜੋ ਬੱਚਾ ਉਨ੍ਹਾਂ ਮਾ-ਸਪੇਸ਼ੀਆਂ ਜਾਂ ਉਨ੍ਹਾਂ ਹੁਨਰ ਨੂੰ ਡਿਜੀਟਲ ਦੁਨੀਆ ਵਿੱਚ ਵਿਕਸਤ ਕਰਨ ਤੋਂ ਖੁੰਝਣਾ ਨਾ ਛੱਡ ਸਕੇ।

ਇਸੇ ਤਰ੍ਹਾਂ ਸੈਸ਼ਨਾਂ ਤੋਂ ਬਾਅਦ, ਮਾਪੇ ਆਪਣੇ ਬੱਚਿਆਂ ਨੂੰ ਆਪਣੇ ਐਰੋਬਿਕ ਤੰਦਰੁਸਤੀ ਨੂੰ ਬਣਾਉਣ ਜਾਂ ਬਣਾਈ ਰੱਖਣ ਲਈ ਮਜ਼ੇਦਾਰ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਕਰ ਸਕਦੇ ਹਨ. ਮਹਾਂਮਾਰੀ ਤੋਂ ਪਹਿਲਾਂ, ਬੱਚੇ ਬਾਹਰ ਜਾਂਦੇ, ਚੱਕਰ ਕੱਟਦੇ, ਕ੍ਰਿਕਟ ਜਾਂ ਫੁੱਟਬਾਲ ਖੇਡਦੇ, ਜਾਂ ਆਪਣੇ ਦੋਸਤਾਂ ਨਾਲ ਖੇਡ ਦੇ ਮੈਦਾਨ ਦੀਆਂ ਖੇਡਾਂ ਖੇਡਦੇ. ਇਹ ਮਹਾਂਮਾਰੀ ਦੇ ਵਿਚਕਾਰ ਸੰਭਵ ਨਹੀਂ ਹੈ, ਇਸਲਈ ਮਾਪਿਆਂ ਨੂੰ ਬੱਚਿਆਂ ਨੂੰ ਜਾਨਵਰਾਂ ਦੀਆਂ ਹਰਕਤਾਂ, ਖਜ਼ਾਨੇ ਦੀ ਭਾਲ ਦੀਆਂ ਖੇਡਾਂ ਵਰਗੀਆਂ ਮਨੋਰੰਜਨ ਵਾਲੀਆਂ ਸਰੀਰਕ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਬਰਾਬਰ ਰਚਨਾਤਮਕ ਹੋਣ ਦੀ ਜ਼ਰੂਰਤ ਹੈ ਜਿੱਥੇ ਬੱਚੇ ਖੇਡਦੇ ਸਮੇਂ ਕੋਰ ਅਭਿਆਸ ਦੀਆਂ ਮੁਦਰਾਵਾਂ ਸ਼ਾਮਲ ਕਰਦੇ ਹਨ।

ਘਰ ਦੇ ਅੰਦਰ ਹੋਣਾ ਅਤੇ ਆਪਣੀ ਜ਼ਿੰਦਗੀ ਅਸਲ ਵਿੱਚ ਜਿਉਣ ਲਈ ਮਜ਼ਬੂਰ ਹੋਣਾ ਕਿਸੇ ਲਈ ਵੀ ਆ-ਦਰਸ਼ ਨਹੀਂ, ਘੱਟੋ ਘੱਟ ਸਾਡੇ ਬੱਚਿਆਂ ਲਈ. ਪਰ ਇਥੇ ਕੁਝ ਕਦਮ ਹਨ ਜੋ ਅਸੀਂ ਬੰਦ ਹੋਣ ਦੇ ਨਤੀਜਿਆਂ ਨੂੰ ਘਟਾਉਣ ਲਈ ਲੈ ਸਕਦੇ ਹਾਂ. ਉਹ ਇੱਕ ਪੂਰੇ ਸਕੂਲ ਵਾਲੇ ਵਾਤਾਵਰਣ ਦੀਆਂ ਸਰੀਰਕ ਅਤੇ ਅਰੋਗੋਨੋਮਿਕ ਵਿਸ਼ੇਸ਼ਤਾਵਾਂ ਨੂੰ ਨਕਲ ਨਹੀਂ ਕਰ ਸਕਦੇ. ਪਰ ਉਹ ਸਾਡੇ ਬੱਚਿਆਂ ਦੀ ਸਿਹਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਬਹੁਤ ਅੱਗੇ ਵਧਣਗੇ।

# ਗ਼ਜ਼ਲਾਂ

## ਪਾਏ ਜੋ ਰਾਹੋਂ, ਕੁਰਾਹੇ

ਪਾਏ ਜੋ ਰਾਹੋਂ , ਕੁਰਾਹੇ ਜਾਨੋਂ ਪਿਆਰੇ ਯਾਰ ਨੂੰ ,
ਦੱਸੋ ਕੀ ਰਾਹ ਦੱਸੇਗਾ ਉਹ ਬਾਕੀ ਦੇ ਸੰਸਾਰ ਨੂੰ ।

ਉਸ ਨੂੰ ਖ਼ੁਦ ਹੀ ਮਾਰਿਆ ਹੈ ਦਾਜ ਦੇ ਲਾਲਚੀਆਂ ਨੇ ,
ਜ਼ਹਿਰ ਖਾ ਕੇ ਮਰਨ ਦੀ ਕੀ ਲੋੜ ਸੀ ਮੁਟਿਆਰ ਨੂੰ ।

ਸਾਰੀਆਂ ਚੀਜ਼ਾਂ ਦੀ ਕੀਮਤ ਵਧ ਰਹੀ ਹੈ ਦਿਨ-ਬ-ਦਿਨ ,
ਖਾਲੀ ਹੱਥੀਂ ਕਾਮੇ ਕੀ ਲੈਣਾ ਜਾ ਕੇ ਬਾਜ਼ਾਰ ਨੂੰ ।

ਹੁੰਦਾ ਹੈ ਕਾਬਿਲ ਲੋਕਾਂ ਦੇ ਪਿਆਰ ਦਾ ਉਹ ਡਾਕਟਰ ,
ਜੋ ਸਦਾ ਵਧੀਆ ਦਵਾ ਦਿੰਦਾ ਹੈ ਹਰ ਬੀਮਾਰ ਨੂੰ ।

ਜਿਸ ਦੇ ਵਿੱਚ ਸੱਚ , ਝੂਠ ਦਾ ਕੀਤਾ ਨਿਤਾਰਾ ਹੁੰਦਾ ਹੈ ,
ਲੋਕ ਪੜ੍ਹਦੇ ਨੇ ਬੜੇ ਚਾਅ ਨਾਲ ਉਸ ਅਖ਼ਬਾਰ ਨੂੰ ।

ਤਾਂ ਕਿ ਮੇਰੇ ਕੋਲ ਨਾ ਫ਼ਿਕਰਾਂ ਦਾ ਰਾਖਸ਼ ਆ ਸਕੇ ,
ਮੈਂ ਹਮੇਸ਼ਾ ਕੋਲ ਰੱਖਾਂ ਆਸ਼ਾ ਦੀ ਤਲਵਾਰ ਨੂੰ ।

ਕੁਝ ਪਲਾਂ ਦੇ ਵਿੱਚ ਤੂੰ ਇਸ ਦੇ ਨਾਲ ਖ਼ੁਦ ਸੜ ਜਾਣਾ ਹੈ ,
ਦਿਲ ਦੇ ਵਿੱਚੋਂ ਕੱਢ ਦੇ ਯਾਰਾ , ਘਿਰਣਾ ਦੇ ਅੰਗਾਰ ਨੂੰ ।

## ਜੋ ਕੁਝ ਵੀ ਕਹਿਣਾ

ਜੋ ਕੁਝ ਵੀ ਕਹਿਣਾ ਗ਼ਜ਼ਲਾਂ ਰਾਹੀਂ ਕਹਿ ਜਾਵਾਂਗਾ ,
ਠੱਗਾਂ ਦੀ ਹਿੱਕ 'ਚ ਖੰਜ਼ਰ ਵਾਂਗਰ ਲਹਿ ਜਾਵਾਂਗਾ ।

ਵੱਗ ਲੈ ਜਿੰਨਾ ਵੀ ਵਗਣਾ ਤੂੰ ਗ਼ਮ ਦੇ ਤੂਫ਼ਾਨਾ ,
ਮੈਂ ਤਾਂ ਪਰਬਤ ਹਾਂ , ਤੈਥੋਂ ਕਿੱਦਾਂ ਢਹਿ ਜਾਵਾਂਗਾ ।

ਮੈਂ ਮੰਜ਼ਲ ਪਾਣੇ ਦਾ ਨਿਸਚਾ ਕੀਤਾ ਹੋਇਆ ਹੈ ,
ਮੈਂ ਇਸ ਨੂੰ ਪਾਣੇ ਖ਼ਾਤਰ ਸਭ ਕੁਝ ਸਹਿ ਜਾਵਾਂਗਾ ।

ਉਹ ਜੰਜੀਰਾਂ ਥੋੜ੍ਹੇ ਚਿਰ ਵਿੱਚ ਹੀ ਖੁਲ੍ਹ ਜਾਣਗੀਆਂ ,
ਮੈਂ ਜੋਸ਼ 'ਚ ਆ ਕੇ ਨਾਲ ਜਿਨ੍ਹਾਂ ਦੇ ਖਹਿ ਜਾਵਾਂਗਾ ।

ਹਾਲੇ ਤਾਂ ਮੈਂ ਬਹੁਤ ਸਫਰ ਤੈਅ ਕਰਨਾ ਹੈ ਯਾਰੋ ,
ਮੈਂ ਥੱਕ ਕੇ ਰੁੱਖਾਂ ਥੱਲੇ ਕਿੱਦਾਂ ਬਹਿ ਜਾਵਾਂਗਾ ।



ਖ਼ੌਰੇ ਕਿਹੜਾ ਦੰਡ ਮਿਲੇਗਾ ਮੈਨੂੰ ਉਸ ਵੇਲੇ ,
ਮੈਂ ਹਾਜ਼ਰ ਲੋਕਾਂ ਵਿੱਚ ਸੱਚ ਜਦੋਂ ਕਹਿ ਜਾਵਾਂਗਾ ।

– ਮਹਿੰਦਰ ਸਿੰਘ ਮਾਨ
91-99158-03554

# ਹਾਏ ਨੀ ਸਿਆਸਤੇ !!

ਮਿਲੂ ਸਭ ਨੂੰ ਮੁਫਤ ਹੀ ਬਿਜਲੀ
ਪਾਗਲਖਾਨੇ ਪੈਣ ਲੁੱਡੀਆਂ !

ਵੰਡੀ ਜਾਨਾਂ ਐਂ 'ਮਰਾਰਜਾ' ਬਣਕੇ
ਪੈਸੇ ਦੱਸ ਕਿਥੋਂ ਆਉਣਗੇ !

ਪਹਿਲਾਂ ਚੋਣਾਂ ਤੋਂ ਵੰਡਣਗੇ ਲਾਰੇ
"ਕਰੰਟ" ਲੱਗੂ ਚੋਣਾਂ ਮਗਰੋਂ !

ਗੱਪਾਂ ਮਾਰਨ ਬੜੀ ਦੂਰੋਂ ਆਇਆ
ਗੱਪਾਂ ਦੇ ਇੱਥੇ ਪਿਉ ਬੈਠੇ ਆ !

ਰਾਜਨੀਤੀ ਦੇ ਵਪਾਰੀ ਨਵੇਂ ਆਏ
ਮੰਡੀ ਵਿਚ ਲੁੱਟ ਮਚ ਗਈ !

ਜਿਹੜੇ ਧੋਬੀ ਆਲੇ ਘਰ ਦੇ ਨਾ ਘਾਟ ਦੇ
ਸਿਆਸਤਾਂ ਦਾ ਭਾਅ ਪੁੱਛਦੇ !

ਆਮ ਆਦਮੀ ਬਣਨ ਦਾ ਨੁਸਖਾ
ਗਲ਼ ਵਿਚੋਂ ਟਾਈ ਲਾਹ ਦਿਉ !

ਜੇ ਤੂੰ ਦੇਖਣੇ ਸਿਆਸਤਾਂ ਦੇ ਰੰਗ ਐ
ਘੁੰਮ ਪਹਿਲਾਂ ਗਲ਼ੀਉ-ਗਲ਼ੀ !

ਆਟਾ ਦਾਲ ਦੇ ਨਸ਼ੇ 'ਤੇ ਲਾ ਕੇ ਲੋਕੀ
"ਸੱਤ ਤਾਰਾ" ਆਪ ਹੋ ਗਏ !

ਇਸ ਧਰਤੀ ਨੂੰ ਸਵਰਗ ਬਨਾਉਣ ਦਾ
ਲਾਰਾ ਲਾ ਕੇ ਵੋਟਾਂ ਲੁੱਟਦੇ !

ਆਮ ਲੋਕ ਨਹੀ ਏਜੰਡੇ ਵਿਚ ਇਨ੍ਹਾਂ ਦੇ
ਧਨਾਢਾਂ ਦੀ ਕਰਨ ਚਾਕਰੀ !

ਲੋਕਾ ਕਦੋਂ ਤੱਕ ਦੁੱਖ ਰਹੇਂਗਾ ਭੋਗਦਾ
ਏਕਾ ਕਰ ਜਿੱਤ ਜਾਵੇਂਗਾ !!



ਕੇਹਰ ਸ਼ਰੀਫ
+49 173 3546050

# ਪੁੱਤ ਪ੍ਰਦੇਸੀ

ਲਿਖਤੁਮ ਤੇਰਾ ਪੁੱਤ ਪ੍ਰਦੇਸੀ।
ਅੱਗੇ ਮਾਤਾ ਧਰਤ ਪੰਜਾਬ।

ਅੱਖਰਾਂ ਨੂੰ ਪਹਿਰਾਵਾ ਦਿੱਤਾ,
ਇਹ ਧਰਤੀ ਮੇਰੀ ਲਾਜਵਾਬ।

ਇਸ ਧਰਤੀ ਨੂੰ ਨਮਸਕਾਰ ਲੱਖ,
ਜਿਸ ਨੇ ਲਿਖੀ ਪਹਿਲੀ ਕਿਤਾਬ।

ਹਿੰਦ ਦਾ ਨੰਗਾ ਸਿਰ ਢਕਿਆ ਸੀ,
'ਚਾਦਰ' ਸੀ ਉਹ ਬੇ-ਹਿਸਾਬ।

ਸੁੱਖੀਂ ਵੱਸਦੇ ਵਿਹੜੇ ਅੰਦਰ,
ਕੀਹਨੇ ਬੀਜਿਆ ਦੱਸ ਅਜ਼ਾਬ।

ਇਹ ਜਿਹੜੇ ਨਿਰਗੁਣੇ ਨੇ ਫਿਰਦੇ,
ਤੋਹਮਤਾਂ ਵਰਗੇ ਨਾ-ਮੁਰਾਦ।

ਹੱਥ ਜੋੜਨ ਵਾਲੇ ਹੀ ਪੁੱਛਣ,
ਸਾਥੋਂ ਸਾਡਾ "ਸਾਬ੍ਹ-ਕਿਤਾਬ"।

ਸਾਡੇ ਅੰਨ ਦੇ ਨਾਲ ਜੀਊਂਦੇ,
ਪੁੱਛਣ 'ਤੇ ਨਾ ਦੇਣ ਜਵਾਬ।

ਇਸ ਧਰਤੀ ਕਦੇ ਹਾਰ ਨਾ ਮੰਨੀ,
ਜਿਸਦਾ ਨਾਮ ਰਿਹਾ ਪੰਜ-ਆਬ।

ਆਸ ਰਹੇਗੀ ਸਦਾ ਜਿਊਂਦੀ,
ਇਹਦੇ ਵਿਹੜੇ ਖਿੜਨ ਗੁਲਾਬ।

# ਆ ਜਵਾਈਆ ਮੰਡੇ ਖਾਹ !

ਮੁੱਖ ਮੰਤਰੀ 'ਸਿੱਖ' ਹੀ ਥਾਪਣਾ ਏ
ਕੋਈ ਆਖਦਾ ਦਲਿਤ ਬਣਾਵਾਂ ਗੇ ਜੀ।
ਕੋਈ ਕਹੇ ਬਿਅਦਬੀ ਨੂੰ ਪਹਿਲ ਦੇ ਕੇ
ਪੱਕਾ ਜੇਲੈਹ 'ਫਲਾਣਾ' ਪਹੁੰਚਾਵਾਂ ਗੇ ਜੀ।
ਕੋਈ ਗੁਟਕੇ ਦੀ ਸੰਹੁ ਦੇ ਮਾਰ ਮਿਹਣੇ
ਕਹੇ ਨਸ਼ਿਆਂ ਨੂੰ ਜੜੋਂਹ ਮੁਕਾਵਾਂ ਗੇ ਜੀ।
ਹਰ ਕੋਈ ਟੁੱਭਦਾ ਸਾਡੀ ਸਰਕਾਰ ਔਣੀ
ਕੋਈ ਨਾ ਕਹੇ ਸੰਵਿਧਾਨ ਬਚਾਵਾਂ ਗੇ ਜੀ।
ਭਾਂਤ ਭਾਂਤ ਦੇ ਵਾਅਦੇ ਕਰ ਰੋਜ ਦੇਖੋ
ਹੋਂਦ ਆਪਣੀ ਲੋਕਾਂ 'ਤੇ ਲੱਦ ਰਹੇ ਐ।
ਕਣਕ ਖੇਤ ਵਿਚ ਕੁੜੀ ਹੈ ਪੇਟ ਹਾਲੇ
ਮੰਡੇ ਖਾਣ 'ਜਵਾਈ' ਨੂੰ ਸੱਦ ਰਹੇ ਐ !

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



# ਜਗਤ ਦੀ ਵਿਸ਼ਾਲ ਰਚਨਾ ਬਾਰੇ ਕੁਝ ਵਿਚਾਰ

(ਸਫਾ 6 ਦੀ ਬਾਕੀ)

ਸਵਾਲ ਨਹੀਂ ਉਠਦਾ।

ਨਿਆਇ ਸ਼ਾਸਤ੍ਰ ਵਾਲੇ ਈਸ਼ਵਰ ਨੂੰ ਸੰਸਾਰ ਦਾ ਸਿਰਜਕ, ਪੋਸ਼ਕ ਅਤੇ ਸੰਹਾਰਕ ਮੰਨਦੇ ਹਨ। ਈਸ਼ਵਰ ਨੇ ਵਿਸ਼ਵ ਦਾ ਨਿਰਮਾਣ ਸੁੰਨ ਤੋਂ ਨਹੀਂ ਕੀਤਾ ਸਗੋਂ ਪਰਮਾਣੂ, ਦਿਨ, ਆਕਾਰ, ਆਕਾਸ਼, ਮਨ ਅਤੇ ਆਤਮਾ ਆਦਿ ਉਪਦਾਨਾਂ ਤੋਂ ਕੀਤੀ ਹੈ। ਸਾਂਖਯ ਦਰਸ਼ਨ ਅਨੁਸਾਰ ਪ੍ਰਕ੍ਰਿਤੀ ਸੰਸਾਰ ਦਾ ਆਦਿ ਕਾਰਣ ਹੈ ਜੋ ਨਿੱਤ, ਜੜ੍ਹ ਅਤੇ ਪ੍ਰਵਰਤਨਸ਼ੀਲ ਹੈ। ਇਸ ਦਾ ਨਿਸ਼ਾਨਾਂ "ਪੁਰਸ਼" ਦੀ ਉਦੇਸ਼ ਪੂਰਤੀ ਤੋਂ ਭਿੰਨ ਹੋਰ ਕੁੱਝ ਵੀ ਨਹੀਂ ਹੈ। ਯੋਗ-ਸ਼ਾਸਤ੍ਰ ਦਾ ਦ੍ਰਿਸ਼ਟੀਕੋਣ ਵੀ ਸਾਂਖਯ-ਮੱਤ ਅਨੁਸਾਰੀ ਹੈ। ਉਸ ਅਨੁਸਾਰ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਯੋਗ ਨਾਲ ਸੰਸਾਰ ਦੀ ਰਚਨਾ ਦਾ ਆਰੰਭ ਹੁੰਦਾ ਹੈ। ਸੰਯੋਗ ਦਾ ਅੰਤ ਹੋਣ ਤੇ ਪ੍ਰਲਯ ਹੁੰਦੀ ਹੈ।

ਅਦ੍ਵੈਤ-ਵੇਦਾਂਤ ਅਨੁਸਾਰ-ਬ੍ਰਹਮਾ, ਚੈਤਨਯ, ਸਤਿ ਨਿਰਗੁਣ, ਨਿਰਾਕਾਰ, ਸਚਿਦਾਨੰਦ ਹੈ। ਮਾਇਆ ਨਾਲ ਸੰਬੰਧਿਤ ਬ੍ਰਹਮ ਈਸ਼ਵਰ ਅਖਵਾਉਂਦਾ ਹੈ। ਇਨ੍ਹਾਂ ਦੋਹਾਂ ਵਿੱਚ ਕੋਈ ਤਾਂਤ੍ਰਿਕ ਅੰਤਰ ਨਹੀਂ ਹੈ। ਈਸ਼ਵਰ ਕੇਵਲ ਲੀਲਾ ਲਈ ਹੀ ਸ੍ਰਿਸ਼ਟੀ ਦੀ ਰਚਨਾ ਕਰਦੈ ਇਸ ਲਈ ਇਹ ਸ੍ਰਿਸ਼ਟੀ ਦਾ ਉਪਾਦਾਨ ਕਾਰਨ ਹੈ। ਗੁਣਾਂ ਦੀ ਅਸਮਾਨ ਅਵਸਥਾ ਕਰਕੇ ਮਾਇਆ ਵਿੱਚ ਕੁੱਝ ਕ੍ਰਿਆ ਹੁੰਦੀ ਹੈ। ਤਮੋ ਗੁਣ ਦੀ ਪ੍ਰਧਾਨਤਾ ਕਾਰਣ ਪੰਜ ਸੂਖਮ ਭੂਤਾਂ ਦੀ ਉਤਪਤੀ ਹੁੰਦੀ ਹੈ। ਪਹਿਲਾਂ ਆਕਾਸ਼, ਆਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ ਅਤੇ ਜਲ ਤੋਂ ਧਰਤੀ ਦਾ ਵਿਕਾਸ ਹੁੰਦਾ ਹੈ। ਇਨ੍ਹਾਂ ਪੰਜਾਂ ਦਾ ਫਿਰ ਪੰਜ ਤਰ੍ਹਾਂ ਦਾ ਸੰਯੋਗ ਹੁੰਦੈ ਜਿਸ ਤੋਂ ਪੰਜ ਸਥੂਲ ਤੱਤਾਂ ਦੀ ਉਤਪਤੀ ਹੁੰਦੀ ਹੈ। ਇਸ ਕ੍ਰਿਆ ਨੂੰ ਪੰਚੀਕਰਣ ਕਹਿੰਦੇ ਹਨ। ਇਹੀ ਕਿਰਿਆ "ਵਿਵਰਤ" ਜਾਂ "ਅਧਿਆਸ" ਅਖਵਾਂਦੀ ਹੈ। ਰਾਮਾਨੁਜ ਚਾਲੀਸਾ ਅਨੁਸਾਰ ਸ੍ਰਿਸ਼ਟੀ ਸ਼ਾਖਾਵਾਂ ਨੇ ਵੀ ਕੁਲ ਮਿਲਾਕੇ ਸਾਂਖਯ ਮਤ ਜਾਂ ਵੇਦਾਂਤ ਦਰਸ਼ਨ ਦੇ ਆਧਾਰ ਤੇ ਹੀ ਆਪਣੇ ਦ੍ਰਿਸ਼ਟੀਕੋਣ ਪ੍ਰਗਟ ਕੀਤੇ ਹਨ।

ਇਸਲਾਮ ਅਨੁਸਾਰ ਅੱਲ੍ਹਾ ਦੇ ਕੇਵਲ ਕੁੰਨ (ਹੋ ਜਾ) ਕਹਿਣ ਨਾਲ ਅਭਾਵ ਤੋਂ ਸੰਸਾਰ ਦੀ ਉਤਪਤੀ ਹੋਈ ਹੈ। ਯਹੂਦੀ-ਮੱਤ ਦੀ ਪਵਿਤ੍ਰ ਪੁਸਤਕ ਪੁਰਾਣਾ ਅਹਿਦਨਾਮਾ (ਓਲਡ ਟੈਸਟਾਮੈਂਟ) ਦੇ ਪਹਿਲੇ ਪਾਠ ਉਤਪਤੀ ਵਿੱਚ ਵੀ ਇਹ ਸੰਕੇਤ ਮਿਲਦੈ ਕਿ ਪ੍ਰਮ-ਾਤਮਾ ਨੇ ਸਾਰੇ ਆਕਾਰ ਬਣਾਏ ਅਤੇ ਆਦਿ ਵਿੱਚ ਕੇਵਲ ਉਹੀ ਸੀ। ਜਗਤ ਰਚ ਕੇ ਫਿਰ ਉਹ ਅਟੰਕ ਹੋ ਬੈਠ ਗਿਆ। ਆਦਿ ਸਮੇਂ (ਜਦੋਂ ਸੰਸਾਰ ਨਹੀਂ ਸੀ ਚਾਰੇ ਪਾਸੇ ਹਨੇਰਾ ਸੀ।

### ਜਗਤ ਰਚਨਾ ਬਾਰੇ ਗੁਰਮੱਤ

ਜਗਤ-ਰਚਨ ਦੀ ਵਿਆਖਿਆ ਗੁਰਮਤਿ ਵਿੱਚ ਬੜੇ ਵਿਸਥਾਰ ਨਾਲ ਕੀਤੀ ਗਈ ਜੋ ਹੋਰ ਵਿਚਾਰ-ਸਿਧਾਂਤਾਂ ਤੋਂ ਵੱਖਰੀ ਹੈ। ਗੁਰੂ ਨਾਨਕ ਸਾਹਿਬ ਨੇ ਬਾਣੀ ਵਿੱਚ ਜਗਤ-ਰਚਨਾ ਦਾ ਹਰ ਪੱਖ ਛੋਹਿਆ ਹੈ। ਗੁਰੂ ਨਾਨਕ ਸਾਹਿਬ ਨੇ ਪਰਮ-ਪੁਰਖ ਨੂੰ ਜਗਤ-ਕਰਤਾ ਮੰਨਿਆ ਹੈ-ਤੁਧੁ ਆਪੇ ਸ੍ਰਿਸਟੀ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥(੧੧) ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥ ਤੂੰ ਜਾਣਹਿ ਜਿਨਿ ਉਪਾਈ ਐ ਸਭੁ ਖੇਲੁ ਤੁਮਾਤੀ॥(੧੩੮) ਗੁਰੂ ਜੀ ਨੇ ਜਗਤ-ਰਚਨਾ ਬਾਰੇ ਸੰਸਾਰ-ਕਰਤਾ ਦੀ ਜਗਤ-ਰਚਨ ਤੋਂ ਪਹਿਲਾਂ ਦੀ ਅਵਸਥਾ, ਜਗਤ-ਰਚਨ ਵੇਲੇ ਦੀ ਅਵਸਥਾ ਤੇ ਜਗਤ-ਰਚਨ ਤੋਂ ਬਾਅਦ ਦੀ ਅਵਸਥਾ ਨੂੰ ਬਾਖੂਬੀ ਬਿਆਨਿਆ ਹੈ। ਜਗਤ-ਰਚਨ ਤੋਂ ਪਹਿਲਾਂ ਕਰਤਾ ਦੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਨੂੰ ਗੁਰੂ ਜੀ ਨੇ "ਸੁੰਨ, "ਧੁੰਦੂਕਾਰ", "ਗੁਬਾਰ", "ਬਿਸਮਾਦ", "ਤਾੜੀ", "ਗੁਪਤ" "ਆਪੇ-ਆਪ" ਦੀ ਅਵਸਥਾ ਬਿਆਨਿਆ ਹੈ- ੧. ਅਰਬਦ ਨਰਬਦ ਧੁੰਧੂਕਾਰਾ (੧੦੩੫) ੨. ਕੇਤੇ ਜੁਗ ਵਰਤੇ ਗੁਬਾਰੈ॥ ਤਾੜੀ ਲਾਈ ਅਪਰ ਅਪਾਰੇ (੧੦੩੬) ੩. ਕੇਤੜਿਆ ਦਿਨ ਗੁਪਤ ਕਹਾਇਆ॥ ਕੇਤੜਿਆ ਦਿਨ ਸੁੰਨਿ ਸਮਾਇਆ॥(੧੦੭੧) ੪. ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥ (ਮ:੧-੯੪੦) ੫. ਛਤੀਹ ਜੁਗ ਗੁਬਾਰ ਸਾ ਆਪੇ ਗਣਤ ਕੀਨੀ॥ ਆਪੇ ਸ੍ਰਿਸ਼ਟੀ ਸਭ ਸਾਜੀਅਨੁ ਆਪਿ ਮਤਿ ਦੀਨੀ॥(੯੪੯)

ਗੁਰਮਤਿ ਦ੍ਰਿਸ਼ਟੀ ਅਨੁਸਾਰ ਰਚਨਾ ਤੋਂ ਪੂਰਵ ਦੀ "ਸੁੰਨ" ਬੋਧੀ ਦਾਰਸ਼ਨਿਕ ਨਾਗਾਰੁਜਨ ਦੇ "ਸ਼ੂਨਯਵਾਦ" ਤੋਂ ਭਿੰਨ ਹੈ। ਚਿੰਤਕਾਂ ਨੇ ਨਾਗਾਰੁਜਨ ਦੇ ਸੁੰਨ ਦੇ ਅਰਥ "ਨਥੀਇੰਗ" ਤੋਂ ਕੀਤੇ ਹਨ। ਗੁਰਬਾਣੀ ਨੇ ਭਾਵੇਂ ਨਿਰਗੁਣ ਬ੍ਰਹਮ ਦੀ ਆਦਿ ਅਵਸਥਾ ਪ੍ਰਗਟਾਉਣ ਲਈ "ਸੁੰਨ" ਸ਼ਬਦ ਦਾ ਪ੍ਰਯੋਗ ਕੀਤੈ (ਇਨਸਾਈਕ-ਲੋਪੀਡੀਆ ਬ੍ਰੀਟਾਨੀਕਾ ਮਾਈਕ੍ਰੋਪੀਡੀਆ) ਵੌਲੀਅਮ-੪ ਸਫਾ ੫੯੨) ਪਰ ਇਸ ਦਾ ਭਾਵ ਹੈ ਕਿ ਇਕੋ-ਇੱਕ ਪਰਮ-ਸਤਾ ਦੀ ਹੋਂਦ ਤੋਂ ਬਿਨਾਂ ਹੋਰ ਕੁੱਝ ਨਹੀਂ ਸੀ। ਇਹ ਉਸ ਦੀ ਅਕ੍ਰਿਆਸ਼ੀਲਤਾ ਦਾ ਪ੍ਰਗਟਾਵਾ ਹੈ।

ਛੱਤੀ ਯੁਗ ਸੁੰਨ ਅਵਸਥਾ ਦਾ ਵਰਨਣ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਖੇ ਇਉਂ ਕੀਤਾ ਹੈ-ਛਤੀਹ ਜੁਗ ਗੁਬਾਰ ਸਾ (ਮ:੩-੯੪੯) ਜੁਗ ਛਤੀਹ ਕੀਓ ਗੁਬਾਰਾ (੧੦੬੧) ਜੁਗ ਛਤੀਹ ਗੁਬਾਰ ਕਰਿ (੫੫੫) ਜੁਗ ਛਤੀਹ ਤਿਨੈ ਵਰਤਾਏ (ਮਾਰੂ ਮ:੧-੧੦੨੬) ਜੁਗ ਛਤੀਹ ਗੁਬਾਰ ਤਿਸਹੀ (੧੨੮੨) ਇਹ ਛੱਤੀ ਤਰ੍ਹਾਂ ਦੇ ਯੁੱਗਾਂ ਦਾ ਬੋਧਕ ਸ਼ਬਦ-ਜੁੱਟ ਹੈ। ਭਾਰਤੀ ਚਿੰਤਨ ਅਨੁਸਾਰ ਕਾਲ-ਪ੍ਰਮਾਣ ਨੂੰ ਯੁੱਗ ਕਿਹਾ ਜਾਂਦਾ ਹੈ। ਯੁੱਗ ਗਿਣਤੀ ਵਿੱਚ ਚਾਰ ਸਤਯੁੱਗ (ਕ੍ਰਿਤਯੁੱਗ), ਤ੍ਰੇਤਾਯੁੱਗ, ਦਵਾਪਰ ਯੁੱਗ ਅਤੇ ਕਲਿਯੁੱਗ ਹਨ। ਇਨ੍ਹਾਂ ਯੁੱਗਾਂ ਦੀ ਮਿਆਦ ਕ੍ਰਮਵਾਰ ੪੮੦੦, ੩੬੦੦, ੨੪੦੦ ਅਤੇ ੧੨੦੦ ਦੇਵਤਾ ਵਰ੍ਹੇ ਹੈ। ਦੇਵਤਾ ਵਰ੍ਹਾ ਮਨੁੱਖ ਦੇ ੩੬੦ ਵਰ੍ਹਿਆਂ ਜਿੱਡਾ ਹੈ। ਇਸ ਤਰ੍ਹਾਂ ਯੁੱਗਾਂ ਦੀ ਮਿਆਦ ਮਨੁੱਖੀ ਸਾਲਾਂ ਅਨੁਸਾਰ ਇਸ ਤਰ੍ਹਾਂ ਹੈ-ਸਤਿਯੁਗ- ੧੭,੨੮,&;੦੦੦ ਵਰ੍ਹੇ, ਤ੍ਰੇਤਾ ਯੁਗ-੧੨,੯੬,੦੦੦ ਵਰ੍ਹੇ, ਦਵਾਪਰ ਯੁਗ-੮, ੬੪,੦੦੦ ਵਰ੍ਹੇ ਅਤੇ ਕਲਿਯੁਗ ੪,੩੨,੦੦੦ ਵਰ੍ਹੇ। ਇਨ੍ਹਾਂ ਚਾਰ ਯੁਗਾਂ ਦਾ ਸਮੁੱਚ ਚਤੁਰਯਸ਼ੀ ਜਾਂ ਮਹਾਂਯੁਗ ਅਖਵਾਉਦਾ ਹੈ ਅਤੇ ਇਸ ਵਿੱਚ ਕੁਲ ੪,੩੨,੦੦,੦੦,੦੦੦ (ਚਾਰ ਅਰਬ ਬੱਤੀ ਕਰੋੜ) ਵਰ੍ਹੇ ਹੁੰਦੇ ਹਨ। ਵਿਦਵਾਨਾਂ ਨੇ ਹਰੇਕ ਯੁੱਗ ਦੀਆਂ ੯-੯ ਚੌਕੜੀਆਂ ਕਲਪਿਤ ਕੀਤੀਆਂ ਹਨ। ਇਸ ਤਰ੍ਹਾਂ ਯੁਗਾਂ ਦੀ ਗਿਣਤੀ ਛੱਤੀ ਹੋ ਗਈ। ਛੱਤੀ ਯੁਗ ਦਾ ਸਮਾਂ ਇਸ ਤਰ੍ਹਾਂ ਹੋਇਆ- ੯੪,੩੨,੦੦,੦੦,੦੦੦=੩੮,੮੮,੦੦,੦੦,੦੦੦ ਵਰ੍ਹੇ। ਕਰਤੇ ਦੀ ਸੁੰਨ ਅਵਸਥਾ, ਅੰਧਕਾਰ ਜਾਂ ਧੁੰਧੂਕਾਰ ਅਵਸਥਾ, ੩੮ ਅਰਬ ੮੮ ਕਰੋੜ ਬਣਦੀ ਹੈ। ਸੁੰਨ ਅਵਸਥਾ ਦੀ ਸਥਿਤੀ ਦਾ ਵਰਨਣ ਗੁਰੂ ਨਾਨਕ ਸਾਹਿਬ ਨੇ ਇਸ ਤਰ੍ਹਾਂ ਕੀਤਾ ਹੈ-

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥(੧) ਖਾਣੀ ਨ ਬਾਣੀ ਪਉਣਾ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥ ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰ ਵਹਾਇਦਾ॥੨॥ ਨਾ ਤੰਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀਂ ਪੈ ਕਾਲਾ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨ ਕੋ ਆਇ ਨ ਜਾਇਦਾ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਕੋਈ॥ ਨਾਰਿ ਪੁਰਖੁ ਨਹੀ ਜਮੰਤ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥੪॥ਨਾ ਤਦਿ ਜਤੀ ਸਤੀ ਬਨਵਾਸੀ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥ ਕਹਾਇਦਾ॥੫॥ ਜਪ ਤਪ ਸੰਜਮ ਨ ਬ੍ਰਤ ਪੂਜਾ॥ ਨਾ ਕੋ ਆਖਿ ਵਖਾਣੈ ਦੂਜਾ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ॥੬॥ ਨਾ ਸੁਚਿ ਸੰਜਮ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੋਆਲਾ॥ ਤੰਤੁ ਮੰਤੁ ਪਾਖੰਡ ਨ ਕੋਈ ਨਾ ਕੋ ਵੰਸੁ ਵਜਾਇੰਦਾ॥੭॥ ਕਰਮ ਧਰਮ ਨਹੀ ਮਾਇਆ ਮਾਖੀ, ਜਾਤਿ ਜਨਮ ਨਹੀ ਦੀਸੈ ਆਖੀ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨ ਕੋ ਕਿਸੇ ਧਿਆਇਦਾ॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥ ਨ ਤਦਿ ਗੋਰਖੁ ਨਾ ਮਾਛਿੰਦੋ॥ ਨਾ ਤਦਿ ਗਿਨੁ ਧਿਆਨ ਕੁਲ ਓਪਤਿ ਨਾ ਕੋ ਗਣਤ ਗਣਾਇਦਾ॥੯॥ ਵਰਨ ਭੇਖ ਨਹੀਂ ਬ੍ਰਹਮਣ ਖਤ੍ਰੀ॥ ਦੇਉ ਨ ਦੇਹੁਰਾ ਗਊ ਗਇਤ੍ਰੀ॥ ਹੋਮ ਜਗ ਨਹੀ ਤੀਰਥਿ ਨਾਵਣ ਨਾ ਜੋ ਪੂਜਾ ਲਾਇਦਾ॥੧੦॥ ਨਾ ਕੋ ਮੁਲਾ ਨਾ ਕੋ ਕਾਜੀ॥ ਨਾ ਕੋ ਸੇਖ ਮਸਾਇਦੁ ਹਾਜੀ॥ ਰੀਅਤਿ ਗਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥੧੧॥ ਗਉ ਨ ਭਗਤੀ ਨਾ ਸਿਵ ਸਕਤੀ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ॥ ਆਪੇ ਸਾਹੁ ਆਪੇ ਵਣਜਾਰਾ ਸਾਚ ਏਹੋ ਭਾਇਦਾ॥੧੨॥ ਬੇਦ ਕਤੇਬ ਨ ਸਿੰਮ੍ਰਿਤ ਸਾਸਤ॥ ਪਾਠ ਪੁਰਾਣ ਉਦੈ ਨਹੀਂ ਆਸਤ॥ ਕਹਤਾ ਬਕਤਾ ਆਪਿ ਅਗੋਚਰ ਆਪੇ ਅਲਖੁ ਲਖ-ਾਇਦਾ॥੧੩॥ (੧੦੩੮-੩੯)

### ਸੁੰਨ ਅਵਸਥਾ 'ਚੋਂ ਪ੍ਰਗਟ ਹੋਣ ਬਾਰੇ

ਸੁੰਨ ਕਲਾ ਅਪਰੰਪਰਿਧਾਰੀ॥ ਆਰਿ ਨਿਰਾਲਮ ਅਪਰ ਅਪਾਰੀ॥(੧੦੩੭) ਸੁੰਨ ਵਿਚੋਂ ਸੰਸਾਰ-ਰਚਨ ਬਾਰੇ-ਆਪੇ ਕੁਦਰਤਿ ਕਰਿ ਕਰਿ ਦੇਖੈ ਸੁਨਹੁੰ ਸੁੰਨੁ ਉਪਾਇਦਾ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ॥ ਸ੍ਰਿਸਟੀ ਉਪਾਇ ਕਾਇਆ ਗੜ ਰਾਜੇ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ॥੨॥ ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ॥ ਸੁੰਨੇ ਵਰਤੇ ਜੁਗ ਸਬਾਏ॥ ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀ ਐ ਭਰਮੁ ਚੁਕਾਇਦਾ॥੩॥ ਸੁੰਨਹੁ ਸਪਤ ਸਰੋਵਰ ਥਾਪੇ॥ ਜਿਨ ਸਾਜੇ ਵੀਚਾਰੇ ਆਪੇ॥ ਤਿਤੁ ਸਤਸਰਿ ਮਨੂਆ ਗੁਰਮਖਿ ਨਾਵੈ ਫਿਰਿ ਬਾਹੁੜਿ ਜੋਨਿ ਨ ਪਾਇਦਾ॥੪॥ ਸੁੰਨਹੁ ਚੰਦੁ ਸੂਰਜੁ ਸੈਣਾਰੇ।। ਤਿਸ ਕੀ ਜੋਤਿ ਤ੍ਰਿਭਵਣ ਸਾਰੇ॥ ਸੁੰਨ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ॥੫॥ ਸੁੰਨਹੁੰ ਧਰਤਿ ਅਕਾਸੁ ਉਪਾਏ॥ ਬਿਨ ਥੰਮਾ ਰਾਖੇ ਸਚੁ ਕਲ ਪਾਏ॥ ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਆ॥੬॥ ਸੁੰਨਹੁੰ ਖਾਣੀ ਸੁੰਨਹੁ ਬਾਣੀ।। ਸੁੰਨਹੁ ਉਪਜੀ ਸੁੰਨਿ ਸਮਾਣੀ॥ ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ॥੭॥ ਸੁੰਨਹੁ ਰਾਤਿ ਦਿਨ ਸੁ ਦੁਇ ਕੀਏ॥ ਓਪਤ ਖਪਤ ਸੁਖ ਦੁਖ ਦੀਏ॥ ਸੁਖਦੁਖ ਹੀ ਤੇ ਅਮਰ ਅਤੀਤਾ ਗੁਰਮੁਖਿ ਨਿਜ ਘਰਿ ਪਾਇਦਾ॥੮॥ ਸਾਮਵੇਦੁ ਰਾਗੁ ਜੁਜਰੁ ਅਥਰਬਣੁ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗੁਣ॥ ਤਾਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ॥੯॥ ਸੁਨਹੁੰ ਸਪਤ ਪਾਤਾਲ ਉਪਾਏ ਸੁੰਨਹੁ ਭਵਣੁ ਰਖੇ ਲਿਵ ਲਾਏ॥ ਆਪੇ ਕਾਰਣੁ-ਕੀਆ ਅਪਰੰਪਰਿ ਸਭਿ ਤੇਰੋ ਕੀਆ ਕਮਾਇਦਾ॥੧੦॥ ਸੁੰਨਹੁੰ ਉਪਜੇ ਦਸ ਅਵਤਾਰਾ॥ ਸ੍ਰਿਸ਼ਟਿ ਉਪਾਇ ਕੀਆ ਪਾਸਾਰਾ॥ ਦੇਵ ਦਾਨਵ ਗਣ ਗੰਦਰਭ ਸਾਜੇ ਸਭਿ ਲਿਖਿਆ ਕਰਮ ਕਮਾਇਦਾ॥੧੨॥ ਪੰਜ ਤਤੁ ਸੁੰਨਹੁੰ ਪਰਗਾਸ॥ ਦੇਹ ਸੰਜੋਗੀ ਕਰਮ ਅਭਿਆਸਾ॥ ਬੁਰਾ ਭਲਾ ਦੁਇ ਮਸਤਕਿ ਲੀਖੋ ਪਾਪੁ ਪੁੰਨੁ ਬੀ-ਜਾਇਦਾ॥੧੪॥

ਜਗਤ ਰਚਨਾ ਬਾਰੇ ਗੁਰਮਤਿ ਦੇ ਸੰਕੇਤ-ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥(ਮ:੧-੨੦) ਗੁਰੂ ਨਾਨਕ ਅਨੁਸਾਰ ਜਿਸ ਕਰਤੇ ਨੇ ਜਗਤ ਰਚਨਾ ਰਚੀ ਉਹ ਆਪ ਹੀ ਜਾਣਦਾ ਹੈ-ਜਾ ਕਰਤਾ ਸਿਰਠੀ ਕਉ ਸਾਜੈ ਆਪੇ ਜਾਣੈ ਸੋਈ॥ (ਜਪੁ) ਸੋ ਸਾਨੂੰ ਕੁਦਰਤੀ ਵੱਲ ਅਕਸ਼ਤ ਹੁੰਦੇ ਇਸ ਨੂੰ ਜਾਨਣਾ, ਮਾਨਣਾ ਤੇ ਖੋਜੀ ਹੋਣਾ ਚਾਹੀਦੈ ਕਿਉਂਕਿ ਕੁਦਰਤਿ ਹੀ ਸਭ ਕੁਝ ਹੈ-...ਕੁਦਰਤਿ ਪਾਤਲੀ ਅਕਾਸੀ ਕੁਦਰਤਿ ਸਰਬ ਆਕਾਰੁ॥...(ਮ:੧-੪੬੮) ਜਿਵੇਂ ਮੱਛੀ ਸਮੁੰਦਰ ਦਾ ਅੰਤ ਨਹੀਂ ਪਾ ਸਕਦੀ ਇਵੇਂ ਹੀ ਅਸੀਂ ਜੀਵ ਜਗਤ ਸਮੁੰਦਰ ਦਾ ਅੰਤ ਨਹੀਂ ਪਾ ਸਕਦੇ ਸਗੋਂ ਇਸ 'ਚ ਜੀਅ ਕੇ ਸੁੱਖ-ਦੁੱਖ ਭੋਗਦੇ ਜੀਵਨ-ਲਾਹੇ ਲੈ ਸਕਦੇ ਹਾਂ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:
650-642-0697

## 3525 Highway 99, West Corning, CA 96021
Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust